

# ਪ੍ਰੀਤ ਲੜੀ


Since 1933
Preet Lari Magazine
*The Oldest Punjabi Literary Journal*

93 ਵਾਂ ਸਾਲ
ਅੰਕ 3
ਕੁਲ ਅੰਕ
#940

ਮਾਰਚ 2026 ₹50

# ਧੰਨ ਧੰਨ
# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ



ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨ ਹੇਤਿ ਇਤੀ ਜਿਨਿ ਕਰੀ ॥ ਸੀਸੁ ਦੀਯਾ ਪੁਰ ਸੀ ਨਾ ਉਚਰੀ ॥੧੩ ॥

## ਸਰਬਤ ਦਾ ਭਲਾ

# ਨਾਰੀ ਨਾਲ ਹੋਈ ਬੀਤੀ ਬਾਰੇ – ਪੂਨਮ ਸਿੰਘ
# ਅਤੇ, ਆਖ਼ਰ ਅੱਤਿ ਦੀ ਗਰੀਬੀ ਕਿੰਨੇ ’ਚ ਮੁੱਕਦੀ ਹੈ?

**8 ਮਾਰਚ** ਦਾ ਦਿਨ ਤਾਂ ਜ਼ਰੂਰ ਅੰਤਰਰਾਸ਼ਟ੍ਰੀ ਤੌਰ ’ਤੇ ਨਾਰੀ ਲਈ ਰਾਖਵਾਂ ਰੱਖ ਲਿਆ ਗਿਆ ਹੈ – ਅਤੇ ਭਵਿੱਖ ਵਿਚ ਇੱਕ ਦੁਨੀਆ ਉਸ ਲਈ ਖੁੱਲ੍ਹਣ ਲੱਗ ਪਈ ਹੋਈ ਹੈ, ਕਨੂੰਨੀ ਅਤੇ ਸਮਾਜਕ, ਆਰਥਕ।

ਪਰ ਕੀ ਉਸ ਦੇ ਸਦੀਆਂ ਸਦੀਆਂ ਦੇ ਮਨ-ਸਰੀਰ-ਦਿਮਾਗ਼ ਉੱਤੇ ਬੋਝ ਬਾਰੇ ਓਨਾ ਕੁਝ ਹੋ ਰਿਹਾ ਹੈ ਜਿੰਨਾ ਚਾਹੀਦਾ ਹੈ?

ਜਿਵੇਂ ਚੀਨੀ ਨਾਰੀ ਨੂੰ ਤੁਰਨਾ ਨਹੀਂ ਆ ਰਿਹਾ ਸੀ ਜਦੋਂ ਉਸਦੇ ਪੈਰ-ਵਧਣੋਂ-ਰੋਕਦੇ ਭਾਰੇ ਬੂਟ ਅਖੀਰ ਲਾਹ ਦਿੱਤੇ ਗਏ ਸਨ...ਜਿਵੇਂ ਮੁਟਿਆਰ ਅਜੇ ਵੀ ਪਹਿਲਾਂ ਵੀਰਾਂ/ਦਿਓਰਾਂ/ਪਤੀ/ਪਿਤਾ ਨੂੰ ਦਿੱਤੇ ਬਿਨਾ ਆਪਣੇ ਹਿੱਸੇ ਦਾ ਦੁੱਧ/ਖ਼ੁਰਾਕ ਹੱਕ ਨਾਲ ਲੈ ਨਹੀਂ ਪਾ ਰਹੀ...ਜਿਵੇਂ ਨਾਰਾਂ ਆਪਣੇ ਆਪ ਨੂੰ ਸਿਰਫ਼ ਤੁਰਨ ਵਾਲੀਆਂ ਲੱਤਾਂ ਅਤੇ ਕੰਮ ਕਰਨ ਵਾਲੇ ਹੱਥ ਸਮਝਦੀਆਂ ਹੋਈਆਂ ਕਿਸੇ ਦੇ ਵੀ ਹੁਕਮ, ਕਿਸੇ ਦੀ ਵੀ ਲੋੜ ਲਈ ਆਪਣੇ ਆਪ ਨੂੰ ‘ਵਿਹਲੀਆਂ’ ਰੱਖਣ ਲਈ ਮਜਬੂਰ ਹੋ ਰਹੀਆਂ ਹਨ...ਕਿਉਂਕਿ ਆਪਣਾ ਤਾਂ ਉਨ੍ਹਾਂ ਦਾ, ਕੋਈ ਆਪਣੇ ਚਾਅ, ਆਪਣੀ ਲੋੜ ਲਈ ਸਭਿਆਚਾਰਕ ਤੌਰ ’ਤੇ ਮਿੱਥਿਆ ਸਮਾਂ ਹੀ ਨਹੀਂ ਸੀ।

ਕੱਲ੍ਹ ਇੱਕ ਮਨੋਵਿਗਿਆਨੀ ਨੇ ਇੱਕ ਨਾਰੀ ਨੂੰ ਕਿਹਾ– ਸਾਰੇ ਦਿਨ ਵਿਚ ਆਪਣੇ ਲਈ ਕੀ ਕਰਦੇ ਹੋ? ਕੋਈ ਜਵਾਬ ਨਾ ਆਉਂਦਾ ਸੁਣ, ਉਸ ਨੇ ਮਹੀਨੇ ਲਈ ਇਹ ‘ਹੋਮਵਰਕ’ ਦਿੱਤਾ– ਆਪਣੇ ਲਈ, ਆਪਣੀ ਖੁਸ਼ੀ ਲਈ ਹਰ ਰੋਜ਼ ਕੁਛ ਕਰਨਾ ਹੈ। ਅਤੇ ਲਓ ਜੀ! ਨਾਰੀ ਨੂੰ ਮੁਸੀਬਤ ਲੱਗ ਰਹੀ ਸੀ, ਇਹ। ਕਿਹੜਾ ਸ਼ੌਕ ਹੈ ਜੋ ਪੂਰਾ ਕਰੇ? ਕਿੱਥੇ ਘੁੰਮਣ ਫਿਰਨ ਜਾਵੇ? ਕੀ ਉਹ ਕਦੋਂ ਦੀ ਨਹੀਂ ਛੱਡ ਚੁੱਕੀ ਇਸ ਤਰ੍ਹਾਂ ਦਾ ਕੁਝ ਮਹਿਸੂਸ ਕਰਨਾ? ਕੀ ਉਸਨੂੰ ਬਹੁਤ ਨਿੱਕੀ ਹੁੰਦੀ ਤੋਂ ਹੀ ਇਸ ਕਿਸਮ ਦੇ ਰੋਲ ਲਈ ਨਹੀਂ ਤਿਆਰ ਕੀਤਾ ਗਿਆ ਸੀ ਕਿ ਉਸ ਨੇ ਹੋਰਾਂ ਦਾ ਸੋਚਣਾ ਹੈ? ਕਿੱਥੇ ਹਨ ਉਸਦੀਆਂ ਸਹੇਲੀਆਂ? ਉਹ ਬੇਫ਼ਿਕਰ ਹਾਸੇ? ਉਹ ਸ਼ੌਕ? ਉਹ ‘ਆਪਣਾ ਸਮਾਂ’? ....ਕਿੱਟੀ ਪਾਰਟੀ ਨੂੰ ਵੀ ਮਖ਼ੌਲ ਕੀਤਾ ਜਾਂਦਾ ਰਿਹਾ ਹੈ। ਜਦੋਂ ਕਿ 20-22 ਦਿਨਾਂ ਬਾਅਦ ਨਾਰਾਂ ਦਾ ਆਪਸ ਵਿਚ ਮਿਲਣਾ ਜੁਲਣਾ ਉਨ੍ਹਾਂ ਦੀ ਅਤੇ ਪਰਿਵਾਰ ਦੀ ਸਿਹਤ ਲਈ ਵੀ ਚੰਗਾ ਮੰਨਿਆ ਜਾ ਰਿਹਾ ਹੈ। ਬਚਪਨ ਵਿਚ ਰੁੱਸ ਕੇ ਮੂੰਹ ਫੇਰ ਲੈਂਦੀ ਸੀ। ਹੁਣ ਰੁੱਸ ਕੇ ਜਾਣ ਲਈ ਕੋਈ ਥਾਂ ਨਹੀਂ ਰਹੀ ਅਤੇ ਜਦੋਂ ਕਿਤੇ ਗਈ ਤਾਂ – ਕਨੂੰਨੀ ਅਤੇ ਸਮਾਜਕ ਫਿਟਕਾਰ ਪੈਂਦੀ ਰਹੀ ਸੀ! ਉਸਨੂੰ ਪਤਾ ਲੱਗਾ ਸੀ ਕਿ ਇਹ ਤਾਂ ਵਾਜੇ ਗਾਜੇ ਨਾਲ ਮਿਲਿਆ ਪਿੰਜਰਾ ਹੈ।

ਜਿਵੇਂ ਕਿਹਾ, ਹੁਣ ਕਨੂੰਨੀ ਅਤੇ ਸਮਾਜਕ, ਆਰਥਕ, ਸਿਆਸੀ ਤੌਰ ’ਤੇ ਨਾਰੀ ਲਈ ਅਜ਼ਾਦੀ ਦੇ ਰਾਹ ਖੁੱਲ੍ਹ ਗਏ ਹਨ।
ਪਰ ਆਪਣੇ ਹੀ ਮਨ, ਸਰੀਰ, ਦਿਮਾਗ਼ ਉੱਤੇ ਸਦੀਆਂ ਦੇ ਚੁੱਕੇ ਬੋਝ ਉਸਨੂੰ ਪੈਰ ਪੈਰ ’ਤੇ ਵੰਗਾਰ ਰਹੇ ਹਨ।
ਇੱਕ ਰਾਹ : ਸ਼ਿਕਾਇਤ, ਝਗੜਾ ਅਤੇ ‘ਕਲੇਸ਼’ ਦਾ ਹੈ। ਦੂਜਾ– ਗੱਲ ਸਾਂਝੀ ਕਰ ਕਰ ਕੇ, ਇੱਕ ਦੂਜੀ ਦੀ ਮਦਦ ਦਾ, ਪਿਤਾਸ਼ਾਹੀ ਦੇ ਇੰਤਜ਼ਾਮ ਨਾਲ ਲੈ-ਦੇ ਕਰਨ ਦਾ। ਪਹਿਲੇ ਰਾਹ ਨਾਲ, ਅਕਸਰ, ਘਰ ਤਬਾਹ ਪਹਿਲਾਂ ਹੋ ਜਾਂਦੇ ਹਨ ਅਤੇ ਖ਼ੁਦ ਆਪਣੇ ਬਾਰੇ ਹੋਸ਼ ਬਾਅਦ ਵਿਚ ਆਉਂਦੀ ਹੁੰਦੀ ਹੈ। ਕਿ ਝਗੜਾ ਤਾਂ ਆਧੁਨਿਕ ਯੁੱਗ ਦਾ ਦਿੱਤਾ ਇੱਕ ਰਾਹ ਹੈ ਜਿਸਦੀ ਇੱਕ ਹੱਦ ਵੀ ਹੈ: ਕੁੜੀਆਂ ਸੋਚਦੀਆਂ ਹਨ ਕਿ ਤਬਦੀਲੀ ਉਨ੍ਹਾਂ ਦਾ ਜਨਮ-ਸਿੱਧ ਅਧਿਕਾਰ ਹੈ ਪਰ ਏਨੇ ਵਿਚ ਮਰਦ, ਅਤੇ ਉਸਦੇ ਘਰ ਦੇ, ‘ਅੱਗੇ’ ਵਧ ਚੁੱਕੇ ਹੁੰਦੇ ਹਨ, ਇਸ ਦਾ ‘ਆਧੁਨਿਕ’ ਮਾਣ ਤੋੜ ਕੇ ਹੋਰ ਨਵੇਂ ਰਿਸ਼ਤੇ ਗੰਢਦੇ?? ਬੇਸ਼ਕ ਇਸਦਾ ਮਤਲਬ ਇਹ ਵੀ ਨਹੀਂ ਕਿ ਪੈਰ ਪੈਰ ’ਤੇ ਆਪਣੇ ਲਈ ਇੱਕ ਦੁਨੀਆ ਦੀ ਰਾਖੀ ਨਾ ਕੀਤੀ ਜਾਏ– ਇਸਦੇ ਸਦਕਾ ਹੀ ਤਾਂ ਅੱਜ ਕਈ ਕੁਝ ਪੱਖੋਂ ਨਾਰ ਲਈ ਜ਼ਮਾਨਾ ਬਦਲ ਰਿਹਾ ਹੈ।

**ਮਨੋਵਿਗਿਆਨਕ ਮਦਦ:** ਤੁਹਾਡੀਆਂ ਗੱਲਾਂ ਨੂੰ ਕੋਈ ਹਮਦਰਦ ਬੱਸ ਸੁਣੀ ਜਾ ਜਾਣ ਵਾਲਾ ਹੋਏ, ਜੋ ਸਲਾਹ ਦੇ ਸਕਦਾ ਹੋਏ, ਰਾਹ ਦੱਸ ਸਕਦਾ ਹੋਏ, ਲੋੜ ਪੈਣ ’ਤੇ ਸਰੀਰਕ-ਮਾਨਸਿਕ ਸਿਹਤ-ਬਹਾਲੀ ਲਈ ਦਵਾਈ ਦੇ ਸਕਦਾ ਹੋਏ (ਦਵਾਈਆਂ ਹਰ ਰੋਜ਼ ਹੋਰ ਬਿਹਤਰ ਹੋ ਰਹੀਆਂ ਹਨ, ਸਮਝਾਂ ਹਰ ਰੋਜ਼ ਬਿਹਤਰ ਹੋ ਰਹੀਆਂ ਹਨ); ਆਪਣੀ ਰੂਹ ਨੂੰ ਮੁੜ ਆਪਣੇ-ਲਈ ਲੱਭਣ ਵਿਚ ਮਦਦਗਾਰ ਹੋ ਸਕਦਾ ਹੋਏ! ਨਾਰਾਂ ਦੇ ਰਲ਼ ਕੇ ਬੈਠ ਕੇ ਇੱਕ ਦੂਜੀ ਦੀ ਗੱਲ ਸੁਣਨ ਲਈ ਥਾਂ ਬਣਵਾਅ ਸਕਦਾ ਹੋਏ। ਜਿਵੇਂ ਬੱਚੇ ਆਪਣੀ ਮਾਂ ਦੀ ਸਿਹਤ-ਬਹਾਲੀ ਦੀ ਚਾਹ ਰੱਖਦੇ ਹਨ– ਓਸ ਤਰ੍ਹਾਂ ਦੀ ਮਦਦ ਸਭ ਨਾਰਾਂ ਨੂੰ ਸਮਾਜ ਤੋਂ ਮਿਲੇ ਤਾਂ ਕੋਈ ਗੱਲ ਬਣੇ! ਅੱਜ, ਇਸ ਸਭ ਲਈ ਮਨੋਵਿਗਾਨੀ ਮੌਜੂਦ ਹਨ– ਸਰਕਾਰੀ ਅਤੇ ਭਲਾਈ ਸੰਸਥਾਵਾਂ ਦੇ, ਨਿੱਜੀ ਕਾਰੋਬਾਰੀ ਸੰਸਥਾਵਾਂ ਦੇ ਅਤੇ ਨਿੱਜੀ ਕਿੱਤੇ ਵਾਂਗ ਕੰਮ ਕਰਦੇ। ਇਨ੍ਹਾਂ ਦਾ ਕੰਮ ਹੈ ਤੁਹਾਡੀਆਂ ਕਦੋਂ ਦੀਆਂ ਪਈਆਂ ਆਈਆਂ ਗੁੰਝਲਾਂ ਨੂੰ ਇੱਕ ਇੱਕ ਕਰ ਕੇ ਖੋਲ੍ਹਣ ਵਿਚ ਤੁਹਾਡੀ ਮਦਦ ਕਰਨਾ, ਕਿਉਂਕਿ ਸਿਰਫ਼ ਗੱਲ ਕਰਨ ਨਾਲ ਉਧੜੀ ਤੁਰੇ ਜਾਣ ਦਾ ਆਪਣੇ ਆਪ ਵਿਚ ਵੀ ਇੱਕ ਵੱਡਾ ਫ਼ਾਇਦਾ ਹੁੰਦਾ ਹੈ...ਜਾਗਰੂਕ, ਸਮਰੱਥ ਲੋਕ ਇਹ ਫ਼ਾਇਦਾ ਲੈ ਰਹੇ ਹਨ।

**ਅਤਿ ਦੀ ਗਰੀਬੀ ਮੁਕਾਉਣ ਬਾਰੇ:** ਕੀ? ਕੀ ਇਹ ਸੱਚ ਹੈ? ਕੀ ਸਚਮੁਚ ਸਾਰੀ ਦੁਨੀਆ ਵਿੱਚੋਂ ਅਤਿ ਦੀ ਗਰੀਬੀ ਮੁਕਾਅ ਦੇਣ ਲਈ ਇਸ ਵੇਲੇ ਸਿਰਫ਼ ਏਨੇ ਪੈਸੇ ਦੀ ਹੀ ਲੋੜ ਰਹਿ ਗਈ ਹੋਈ ਹੈ? 3,18,00,00,00,000 ਡਾਲਰ ਦੀ? (3 ਖਰਬ 18 ਅਰਬ ਡਾਲਰ)। ਗੱਲ ਇਹ ਹੈ ਕਿ ਇਹ ਰਕਮ ਕੁੱਲ ਦੁਨੀਆ ਦੀ ਜੀਡੀਪੀ ਯਾਨੀ ਕੁੱਲ ਘਰੋਗੀ ਪੈਦਾਵਾਰ ਦੀ ਸਿਰਫ਼ 0.03%। ਯਾਨੀ, 100 ਵਿੱਚੋਂ 1 ਡਾਲਰ ਦਾ ਵੀ ਤੀਜਾ ਹਿੱਸਾ ਹੀ! ਹਰ ਅਜਿਹੇ ਗਰੀਬ ਜਣੇ ਪਿੱਛੇ ਸਿਰਫ 2.15 ਡਾਲਰ ਹਰ ਰੋਜ਼ ਦੇ ਮਾਪ ਨਾਲ– ਇਹ ਹਿਸਾਬ ਅੱਧੀ ਦੁਨੀਆ ਦੇ ਅਤਿ ਗਰੀਬਾਂ ਤੋਂ ਲਾਇਆ ਗਿਆ ਹੈ, ਸਭ ਤੋਂ ਜ਼ਰੂਰੀ ਤਿੰਨ ਕੁ ਸਹੂਲਤਾਂ ਦੇ ਸਿਰ ’ਤੇ।

ਅਖੇ, ਗਰੀਬੀ ਜਿੰਨੀ ਛੇਤੀ ਛੇਤੀ ਪਹਿਲਾਂ ਘਟਾਈ ਜਾ ਸਕੀ ਹੈ ਹੁਣ ਓਨੀ ਛੇਤੀ ਹੁਣ ਹੋਰ ਨਹੀਂ ਘਟ ਰਹੀ। ਅਖੇ, 1981 ਵਿਚ ਦੁਨੀਆ ਦੀ ਕੁੱਲ ਅਬਾਦੀ ਦੇ 41% ਲੋਕ ਅਤਿ ਦੇ ਗਰੀਬ ਸਨ। 2024 ਤੱਕ ਇਹ ਗਿਣਤੀ ਸਿਰਫ਼ 8% ਰਹਿ ਗਈ ਸੀ। ਹੁਣ ਅੱਗੇ ਦਾ ਰਾਹ ਬਹੁਤ ਔਖਾ ਕਰ ਰਿਹਾ ਹੈ। ਸਟੈਨਫੋਰਡ, ਯੂਸੀ ਬਰਕਲੇ ਅਤੇ ਯੂਸੀ ਸੈਨ ਡੀਏਗੋ ਦੇ ਅਰਥਸ਼ਾਸਤ੍ਰੀਆਂ ਕਿਹਾ ਹੈ ਕਿ ਇਸ 8% ਨੂੰ 1% ਤੋਂ ਵੀ ਥੱਲੇ ਲਿਜਾਣ ਲਈ ਇਹ ਜ਼ਰੂਰੀ ਹੈ: ਸਿੱਧਾ ਹੀ ਅਜਿਹੇ ਲੋਕਾਂ ਦੇ ਖਾਤਿਆਂ ਵਿਚ ਹਰ ਸਾਲ ਨਕਦ ਪੈਸੇ ਪਾਏ ਜਾਣ ਤਾਂ 318 ਬਿਲੀਅਨ ਡਾਲਰ ਫ਼ੀ ਸਾਲ ਲੱਗਣਗੇ। ਸਿਰਫ਼ 2.15 ਡਾਲਰ ਫ਼ੀ ਜਣਾ ਹਰ ਰੋਜ਼। ਅਤੇ ਹਰੇਕ ਅਜਿਹਾ ਬਜ਼ਾਰ ਵਿਚ ਖਰਚਿਆ ਡਾਲਰ ਵੀ ਅੱਗੋਂ ਆਰਥਕਤਾ ਨੂੰ ਫ਼ਾਇਦਾ ਦੇਵੇਗਾ। ‘ਏਨੀ ਤਾਂ ਈਲੋਨ ਮਸਲਕ ਇਕੱਲਾ ਹੀ ਦੇ ਸਕਦਾ ਹ’; ‘ਪਰ ਗਰੀਬ ਦੇਸ਼ਾਂ ਕੋਲ ਅੰਕੜੇ ਠੀਕ ਨਹੀਂ ਹੁੰਦੇ, ਵੰਡਣ ਦੇ ਇੰਤਜ਼ਾਮ ਠੀਕ ਨਹੀਂ ਹੁੰਦੇ...ਅਤੇ ਬੇਈਮਾਨਾਂ ਦਾ ਕੀ ਕਰੋਗੇ?’

Source: NBER Working Paper #34583

THE OLDEST
LITERARY
PUNJABI MAGAZINE
IN THE WORLD

ਅੰਕ # 3
ਕੁਲ ਅੰਕ 940
ਮਾਰਚ 2026
ਸਾਲ 93ਵਾਂ

ਬਾਨੀ
ਗੁਰਬਖ਼ਸ਼ ਸਿੰਘ,
ਨਵਤੇਜ ਸਿੰਘ

ਬਾਨੀ ਪ੍ਰਧਾਨ
ਪ੍ਰੀਤਲੜੀ ਟ੍ਰਸਟ
ਪੀ.ਐਚ.ਵੈਸ਼ਨਵ

ਪ੍ਰੀਤ ਲੜੀ ਨੌਜਵਾਨ ਸੰਪਾਦਕ ਸੁਮੀਤ ਸਿੰਘ ਦੀ ਯਾਦ ਵਿਚ ਅਤੇ ਸ੍ਰੀ ਪੀ ਐਚ ਵੈਸ਼ਨਵ (IAS) ਮਰਹੂਮ ਦੇ ਅਨੂਠੇ ਉਤਸ਼ਾਹ ਦੇਣ ਸਦਕਾ ਜ਼ਿੰਦਾ ਹੈ।

ਸੰਪਾਦਕਾ
ਪੂਨਮ ਸਿੰਘ
ਸੰਚਾਲਕ
ਰੱਤੀ ਕੰਤ ਸਿੰਘ
Art Direction/
Design
ਸਮੀਆ ਸਿੰਘ
ਰਚਨਾਤਮਕ ਸਹਿਯੋਗ
ਰਤਿਕਾ ਸਿੰਘ

ਛਾਪਕ-ਪ੍ਰਕਾਸ਼ਕ ਰੱਤੀ ਕੰਤ ਸਿੰਘ ਨੇ ਪ੍ਰੀਤ ਲੜੀ ਟ੍ਰਸਟ ਲਈ ਪ੍ਰਿੰਟਵੈਲ, 146 ਫ਼ੋਕਲ ਪੌਇੰਟ ਅਮ੍ਰਿਤਸਰ ਤੋਂ ਛਪਵਾਅ ਪ੍ਰੀਤਨਗਰ ਜ਼ਿਲ੍ਹਾ ਅਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

PREET LARI IS AN INDEPENDENT, NON-PROFIT PUBLICATION. WE RELY ON THE SUPPORT OF OUR READERS AND PATRONS. TO ENQUIRE ABOUT WAYS YOU CAN COLLABORATE AND SUPPORT PREET LARI, PLEASE CONTACT PREETLARHI@GMAIL.COM

| | |
|---|---|
| ₹ 50 | ਮੁੱਲ |
| ₹ 600 | ਸਾਲਾਨਾ ਚੰਦਾ |
| ₹ 25,000 | ਜੀਵਨ ਸਾਥ (ਭਾਰਤ) |
| ₹ 4,000 | ਵਿਦੇਸ਼ ਸਲਾਨਾ |
| ₹ 8,000 | ਵਿਦੇਸ਼ ਸੰਸਥਾਵਾਂ ਸਲਾਨਾ |

https://preetlari.in
Preet Lari's Blog
@preetlarimagazine on Instagram
facebook.com/groups/preetlari magazine
email: preetlarhi@gmail.com
youtube:
@preetlaripreetnagar

PUBLISHED BY:
PREET LARI TRUST
PREET NAGAR,
DISTT. AMRITSAR
PUNJAB 143 109

CONTACT:
PREET LARI,
VILLAGE PREET NAGAR
(DISTT AMRITSAR ) PUNJAB,
INDIA 143 109

2. PREET LARI,
81, 10 A,
CHANDIGARH 160 011

PUBLISHER
+91 98762 63725

EDITOR
+9173476 42206

**FOR BANK TRANSFER,**
**OUR BANK ACCOUNT :**
"Preet Lari Trust";
PNB (134810)
6379002100000349
IFSC: PUNB0134810
SWIFT: PUNBINBBAHB
*FOR UPI/GOOGLEPAY*
*9876263725*

"ਸਰਬੱਤ ਦਾ ਭਲਾ ਚੈਰੀਟੇਬਲ ਟ੍ਰੱਸਟ ਦੁਆਰਾ ਮਿਲੇ ਵਿਤੀ ਸਹਿਯੋਗ ਸਦਕਾ ਪ੍ਰੀਤ ਲੜੀ ਰਸਾਲਾ ਸਾਹਿਤਕ ਜਗਤ ਵਿੱਚ ਹੋਰ ਬੁਲੰਦੀਆਂ ਛੂਹੇਗਾ ਅਤੇ ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਜੀ ਦੇ ਸਮੇਂ ਵਾਲੀ ਮਹਿਕ ਨਾਲ ਸਾਹਿਤਕ ਜਗਤ ਮੁੜ ਮਹਿਕ ਉਠੇਗਾ। ਇਹ ਸਾਡਾ ਭਰੋਸਾ ਵੀ ਹੈ ਅਤੇ ਦਾਅਵਾ ਵੀ ।"



ਸੰਪਾਦਕਾ, ਪ੍ਰੀਤ ਲੜੀ

ਮੁੱਖ ਸਫ਼ਾ : ਰੰਗ
ਕਲਾ : ਨਿਸ਼ਾ ਕਾਲੀਆ ਡਿੱਡੀ

| | |
|---|---|
| ਸ ਸੰਪਾਦਕੀ | ਕ ਕਹਾਣੀ |
| ਭ ਭਖਦਾ | ਯ ਯਾਦ |
| ਕਾਂ ਕਵਿਤਾ | ਜ ਜਾਣਕਾਰੀ |
| ਨਾ ਨਾਟਕ | ਹ ਹਾਸ ਰਸ |
| ਦ ਦਾਰ ਜੀ ਨੂੰ ਯਾਦ ਕਰਦਿਆਂ | ਬ ਬਾਲਾਂ ਲਈ |
| ਨ ਨਵੀਂ ਕਿਤਾਬ | ਹੁੰ ਹੁੰਗਾਰੇ |
| ਲ ਲੜੀਵਾਰ | E English Matter |
| ਮੁ ਮੁਲਾਕਾਤ | |


03 ਸ ਨਾਰੀ ਨਾਲ ਹੋਈ ਬੀਤੀ ਬਾਰੇ - ਅਤੇ.... ਪੂਨਮ ਸਿੰਘ
39 ਦ ਮੇਰੀ ਪ੍ਰੀਤ ਵਿਚ ਕੋਈ ਡੂੰਘੀ ਵਿਪਰੀਤ ਗੁਰਬਖ਼ਸ਼ ਸਿੰਘ

10 ਖ ਪੰਜਾਬ ਦੇ ਸੱਠਾਂ ਦੇ ਹੋਣ ’ਤੇ: ਗੁਲਾਬੀ ਐਨਕਾਂ ਤੋਂ ਬਿਨਾ ਪਿੱਛੇ ਦੇਖਿਆਂ ਭੁਪਿੰਦਰ ਬਰਾੜ

06 ਖ ਪੀਰੋ ਪ੍ਰੇਮਣ - ਪੰਜਾਬੀ ਜਗਤ ਦੀ ਪਹਿਲੀ ਸ਼ਾਇਰਾ ਜਗਦੀਸ਼ ਕੌਰ

07 ਕ ਤਫ਼ਤੀਸ਼ ਰਾਜੇਂਦਰ ਕੁਮਾਰ ਕਨੌਜੀਆ
12 ਕ ਇੱਕ ਸੀ ਨਜੀਬਾਂ ਸਾਂਵਲ ਧਾਮੀ
16 ਕ ਸੁਚੱਜੀ ਔਰਤ ਸਾਂਵਲ ਧਾਮੀ
18 ਕ ਹੌਂਸਲੇ ਨਾਲ ਉਡਾਰੀ ਅਨੀਤਾ ਰਸ਼ਮੀ
29 ਕ ਚੁੱਲ੍ਹੇ ਦਾ ਬਾਲਣ ਅਮਤੋਜ ਸਿੰਘ ਰਿਆੜ
23 ਕ ਵੱਡਾ ਤਪੱਸਵੀ ਅੰਮ੍ਰਿਤ ਕੌਰ

15 ਕਾਂ ਬੇਟੀ ਰਾਣੀ ਉਮਾ ਤ੍ਰਿਲੋਕ
15 ਕਾਂ ਸਾਹ ਲੈਣ ਦਾ ਲਾਲਚ ਸੱਯਦ ਆਸਿਫ਼ ਸ਼ਾਹਕਾਰ
46 ਕਾਂ ਰਿਸ਼ਤਾ ਜਗਦੀਸ਼ ਚੰਦਰ

*25-28 ਨਿੱਕਿਆਂ ਦੀ ਨੁੱਕਰ*

33 ਲ ਖਿੱਲਾਂ ’ਚ ਵੀ ਬਲ ਹੈ ਜੋਗੇ ਭੰਗਲ
35 ਲ ਰੇਡੀਓ ਦੀਆਂ ਯਾਦਾਂ -25 ਦੇਵਿੰਦਰ ਮਹਿੰਦਰੂ
36 ਲ ਰੌਸ਼ਨ ਅੱਖਰ -ਨਾਨਕ ਬਾਰੇ ਹਾਰੂਨ ਖ਼ਾਲਿਦ ਦੀ ਕਿਤਾਬ ਡਾ. ਨਵਦੀਪ ਕੌਰ
37 ਲ ਉਹ ਜਿਊਂਦੀ ਏ -31, 32 ਅੰਗ੍ਰੇਜ਼ੀ ਕਿਤਾਬ (2018) (ਇਮਰੋਜ਼ ਨਾਲ ਅੰਮ੍ਰਿਤਾ, ਪਿਆਰ ਬਾਰੇ ਗੱਲਾਂ) ਡਾ. ਉਮਾ ਤ੍ਰਿਲੋਕ
38 ਲ ਮੁਸੀਬਤ ਵਿਚ ਪੰਛੀ: ਵਧਦਾ ਸ਼ੋਰ ਅਸਮਾਨ ਚੋਰੀ ਕਰਦਾ ਵਿਜੇ ਗਰਗ
44 ਲ ਪੂਰਕ ਸੁਆਦ ਸੋਫ਼ੀ ਦਾ ਸੰਸਾਰ ਯੌਸਤੀਨ ਗਾਰਦਰ

47 E Truth about Gorky and Stalin?





ਗੁਰਬਖ਼ਸ਼ ਸਿੰਘ, ਨਵਤੇਜ ਸਿੰਘ

**ਭੁੱਲ ਦੀ ਸੋਧ**- ਜਨਵਰੀ ਅੰਕ ਵਿਚ ਲੇਖਕ ਕ੍ਰਿਸ਼ਨ ਚੰਦਰ ਦੀ ਤਸਵੀਰ ਗਲਤ ਲੱਗ ਗਈ ਸੀ- ਸੰ

# ਪੀਰੋ ਪ੍ਰੇਮਣ – ਪੰਜਾਬੀ ਜਗਤ ਦੀ ਪਹਿਲੀ ਸ਼ਾਇਰਾ




**ਪੀਰੋ** ਪ੍ਰੇਮਣ ਦੇ ਡੇਰੇ ਦੀ ਮਿੱਟੀ ਛੂਹਣ ਜਾ ਰਹੇ ਹਾਂ ।
*ਸੰਤ ਗੁਲਾਬ ਦਾਸ ਦਾ ਡੇਰਾ –*
ਜਿੱਥੇ ਇੱਕ ਪ੍ਰੇਮ ਦੀਵਾਨੀ ਦੀ ਸ਼ਾਇਰੀ ਨੂੰ ਰਾਹ ਮਿਲਿਆ।
ਸੰਤ ਗੁਲਾਬ ਦਾਸ, ਇਸ ਸ਼ਾਇਰੀ ਰਚਦੀ, ਪ੍ਰੇਮ 'ਚ ਨੱਚਦੀ ਰੂਹ ਨੂੰ ਮੰਚ 'ਤੇ ਬਰਾਬਰ ਬਿਠਾਉਂਦੇ। ਪੀਰੋ ਪ੍ਰੇਮਣ ਨੇ ਇਸ ਡੇਰੇ ਵਿਚ 1872 ਵਿਚ ਆਪਣੀ ਜੀਵਨ ਯਾਤਰਾ ਪੂਰੀ ਕੀਤੀ।
– ਰਾਤੀਂ, ਡਾ ਪਾਲ ਕੌਰ ਨੇ ਆਪਣੀ ਇਸ ਦੌਰ ਬਾਰੇ ਲਿਖੀ ਲੰਮੀ ਕਵਿਤਾ ਸੁਣਾਈ, ਜਿਸ ਵਿਚ ਸੰਤ ਸੰਪ੍ਰਦਾਵਾਂ, ਡੇਰਿਆਂ ਅਤੇ ਸੰਤ ਕਵੀ ਪੀਰੋ ਪ੍ਰੇਮਣ ਦਾ ਵਿਸ਼ੇਸ਼ ਜ਼ਿਕਰ ਹੈ। ਉਸਦਾ ਵੀਡੀਓ ਛੇਤੀ ਸਾਂਝਾ ਕਰਾਂਗੇ।



ਸੰਤ ਵਜੇਂਦਰ ਦਾਸ, ਸਾਬਕਾ ਐਸਪੀ ਹਰਿਆਣਾ,
ਹੁਣ ਗੱਦੀਨਸ਼ੀਨ, ਗੁਲਾਬਦਾਸ ਡੇਰਾ

**ਸ਼ਾਇਰੀ** ਕਰਦੀ
ਕੰਜਰ ਕਬੀਲੇ ਦੀ ਧੀ
ਬੇਸੁੱਧ ਹੋ ਨੱਚਦੀ ਗਾਉਂਦੀ
ਚੜ੍ਹਦੀ ਜਵਾਨੀ ਇਸ਼ਕ ਹੋ ਤੁਰਦੀ

ਫ਼ੌਜੀ ਘਰਵਾਲੇ ਨੂੰ
ਘਰ 'ਚ ਸ਼ਾਇਰੀ ਕਿੱਥੇ ਪੁੱਗਦੀ
ਕਿਸੇ ਇਲਾਹੀ ਬਖ਼ਸ਼ ਕੋਲ ਤੋਰ
ਉਹ ਕਿੰਨਾ ਕੁਝ ਵੱਟ ਲੈਂਦਾ !
ਸੰਗਲ ਤੋੜ ਭੱਜਦੀ
ਫ਼ਕੀਰ ਦੀ ਝੁੱਗੀ –
ਬਾਗ਼ੀ ਰੂਹ ਦਾ ਟਿਕਾਣਾ ਹੋ ਜਾਂਦਾ
ਝੁੱਗੀ ਦਾ ਦੀਵਾ
ਦੀਵੇ ਦੀ ਲੋਅ
ਪੁਰਸਕੂਨ ਕੀ ਕੀ ਗਾਉਂਦੀ
ਕੀ ਕੀ ਰਚਦੀ !
ਫ਼ਕੀਰ ਦਾ ਚਲਾਣਾ
ਹੁਣ ਹੋਰ ਕਿਹੜਾ ਟਿਕਾਣਾ ?
ਹੀਰਾ ਮੰਡੀ –
ਔਰਤਾਂ ਦੀ ਪਨਾਹਗਾਹ
ਪੀਰੋ ਦਾ ਜਲਵਾ ਚਹੁੰ ਕੂੰਟੀਂ ਚੱਲਦਾ

ਪਰ ਹਾਲੇ ਵੀ ਰੂਹ ਬਾਗ਼ੀ
ਪਤਾ ਨਹੀਂ ਹੋਰ ਕਿੱਧਰ ਜਾਣਾ
ਪੀਰੋ ਦਾ ਮੁਜਰਾ –
ਸੰਤ ਗੁਲਾਬ ਦਾਸ ਦੀ ਅੱਖ
ਪੜ੍ਹ ਲੈਂਦੀ ਹੈ
ਨਾਚੀ ਅੰਦਰ ਧੜਕਦੀ ਬੇਚੈਨ ਸ਼ਾਇਰੀ
ਡੇਰੇ ਲੈ ਆਉਂਦੇ
ਸ਼ਾਇਰੀ ਤੁਰਦੀ
ਕੰਜਰ ਕਬੀਲੇ ਦੀ ਇਹ ਧੀ
ਪੀਰੋ ਪ੍ਰੇਮਣ – ਸੰਤ ਕਵੀ ਹੋ ਜਾਂਦੀ !

ਪੇਸ਼ਕਾਰ: ਜਗਦੀਸ਼ ਕੌਰ, FB



## ਹੁੰਗਾਰੇ

Sant Vijender Dass at Hansi Dera of Mata Piro: "Incidentally, Nurang Devi was the first Punjabi poetess, who was living at Sant Vazir Singh's Dera at Lahuke, near Patti." *FOR MORE: SEE PAGE 32*

# ਤਫ਼ਤੀਸ਼

## ਰਾਜੇਂਦਰ ਕੁਮਾਰ ਕਨੌਜੀਆ

ਅਨੁਵਾਦ : ਸੁਭਾਸ਼ ਭਾਸਕਰ



**ਤਸਵੀਰਾਂ** ਝੂਠ ਨਹੀਂ ਬੋਲਦੀਆਂ, ਸੱਚ ਹੈ। ਪਰ ਤਸਵੀਰਾਂ ਵਿੱਚ ਜੋ ਦਿਖਦਾ ਹੈ, ਉਹ ਸਿਰਫ਼ ਲੰਘਿਆ ਹੋਇਆ ਕੱਲ੍ਹ ਜਾਂ ਲੰਘਿਆ ਹੋਇਆ ਪਲ ਹੀ ਹੁੰਦਾ ਹੈ।

ਨਾ ਹੱਥ ਹਿਲਾਉਂਦੀਆਂ ਹਨ ਨਾ ਹੀ ਕੁਝ ਬੋਲਦੀਆਂ ਹਨ, ਪੱਥਰ ਵਾਂਗ ਸ਼ਾਂਤ ਅਤੇ ਚੁੱਪ, ਨਾ ਕੋਈ ਹਰਕਤ, ਨਾ ਹੀ ਕੋਈ ਹਾਵ-ਭਾਵ।

ਮੇਰੇ ਸਾਹਮਣੇ ਕੰਧ ਉੱਤੇ ਟੰਗੀ ਤਸਵੀਰ ਜ਼ਰਾ ਟੇਢੀ ਸੀ, ਮੈਂ ਉਸਨੂੰ ਸਿੱਧੀ ਕਰਨ ਦੀ ਕੋਸ਼ਿਸ਼ ਕੀਤੀ ਹੀ ਸੀ ਕਿ ਇੱਕ ਹੋਰ ਤਸਵੀਰ ਡਿੱਗ ਪਈ, ਜ਼ਰਾ ਛੋਟੀ, ਜ਼ਰਾ ਬੇ-ਰੰਗ। ਇੱਕ ਧੁੰਦਲਾ ਜਿਹਾ ਚਿਹਰਾ, ਦੋ ਮਸੂਮ ਅੱਖਾਂ ਅਤੇ ਖਿੱਲਰੇ ਵਾਲ਼। ਲੱਗਦਾ ਸੀ ਜਿਵੇਂ ਕਿਸੇ ਨੇ ਕਾਹਲੀ ਵਿੱਚ ਕਿਸੇ ਪੁਰਾਣੇ ਕੈਮਰੇ ਨਾਲ਼ ਖਿੱਚੀ ਹੋਵੇ। ਬਦ-ਰੰਗ, ਬੇ-ਢੱਬੀ, ਬੇ-ਤਰਤੀਬ। ਇਓਂ ਜਿਵੇਂ ਵਰ੍ਹਿਆਂ ਪਹਿਲਾਂ ਸ਼ਾਮੀਂ ਖੇਡ ਕੇ ਵਾਪਸ ਘਰ ਆਉਂਦਿਆਂ ਹੀ ਚਾਚੇ ਨੇ "ਸਟੈਚੂ!" (ਬੁੱਤ ਵਾਂਗ ਜਾਮ ਹੋ ਜਾ! -ਸੰ.) ਕਹਿ ਕੇ ਖਿੱਚ ਲਈ ਸੀ ਮੇਰੀ ਤਸਵੀਰ।

ਅਚਾਨਕ ਜਿਵੇਂ ਕੋਈ ਮੇਰੇ ਕੋਲੋਂ ਲੰਘਿਆ, ਹਵਾ ਦਾ ਇੱਕ ਬੁੱਲ੍ਹਾ, ਕੋਈ ਛੋਹ ਜਾਂ ਵਹਿਮ।

ਇਸ ਤਕਰੀਬਨ ਹਨੇਰੇ, ਜਾਲ਼ਿਆਂ ਨਾਲ ਭਰੇ ਹੋਏ ਕਮਰੇ ਵਿੱਚ ਮੇਰੇ ਕੋਲ਼ ਪਿਆ ਫੂਲਦਾਨ ਡਿੱਗਦਾ ਡਿੱਗਦਾ ਬਚਿਆ। ਮੇਰੇ ਹੱਥ ਹਟਾਉਂਦਿਆਂ ਹੀ ਮੇਜ਼ ਦੇ ਪਾਵੇ ਹਿੱਲ ਰਹੇ ਸਨ। ਪਰ ਕਮਰਾ ਬਿਲਕੁਲ ਸ਼ਾਂਤ ਸੀ ਜਿਵੇਂ ਕਦੇ ਓਥੇ ਕੋਈ ਰਿਹਾ ਹੀ ਨਾ ਹੋਵੇ ਜਾਂ ਫੇਰ ਕੋਈ ਹੋਵੇ ਜੋ ਮੇਰੇ ਇੰਤਜ਼ਾਰ ਵਿੱਚ ਸਾਹ ਰੋਕੀ ਦਰਵਾਜ਼ੇ ਪਿੱਛੇ ਲੁਕਿਆ ਹੋਏ। ਸੁਣਿਆ ਹੈ ਸੰਨਾਟੇ ਦੇ ਪੈਰ ਨਹੀਂ ਹੁੰਦੇ ਪਰ ਸ਼ਾਇਦ ਹੱਥ ਹੁੰਦੇ ਹਨ, ਜੋ ਮੈਨੂੰ ਝਪਟ ਲੈਣਾ ਚਾਹੁੰਦੇ ਹਨ, ਸਾਹ ਘੁੱਟ ਦੇਣਾ ਚਾਹੁੰਦੇ ਹਨ।

ਕੋਈ ਚੀਕ ਨਹੀਂ, ਕੋਈ ਝਗੜਾ ਨਹੀਂ, ਕੋਈ ਬਹਿਸ ਨਹੀਂ, ਸਿਰਫ਼ ਇੱਕ ਮਸੂਮ ਜਿਹੀ ਖ਼ਮੋਸ਼ੀ, ਜਿਸਦੀ ਕੋਈ ਹੋਂਦ ਨਹੀਂ।

ਮੈਂ ਯਾਨੀ ਸੁਰਿੰਦਰ ਸਾਹੀ, ਯੂ.ਪੀ. ਪੁਲਸ ਦਾ ਸਬ ਇੰਸਪੈਕਟਰ, ਅੱਜ ਕਿਸੇ ਜਾਂਚ ਦੇ ਸਿਲਸਿਲੇ ਵਿੱਚ ਇਸ ਉੱਜੜੇ ਜਿਹੇ ਘਰ ਕਿਸੇ ਅਜਨਬੀ ਵਾਂਗ ਖਲੋਤਾ ਹਾਂ। ਇੱਕ ਛੋਟਾ ਜਿਹਾ ਬੱਚਾ ਅਚਾਨਕ ਮੇਰੇ ਪੈਰਾਂ ਦੇ ਬਿਲਕੁਲ ਨੇੜਿਓਂ ਦੀ ਸਾਈਕਲ ਚਲਾਉਂਦਾ ਲੰਘਿਆ, ਪਰ ਅਜੀਬ ਗੱਲ ਇਹ ਸੀ ਕਿ ਉਹ ਰੇਲ ਗੱਡੀ ਦੇ ਇੰਜਣ ਦੀ ਅਵਾਜ਼ ਕੱਢ ਰਿਹਾ ਸੀ-"ਛੁ...ਛੁਕ...ਛੁਕ"; "ਛੁਕ...ਛੁਕ...ਛੁਕ"। ਇੱਕ ਅਵਾਜ਼ ਆਈ, ਮੈਂ ਇਸ ਅਵਾਜ਼ ਨੂੰ ਪਛਾਣਦਾ ਹਾਂ। ਕਿਵੇਂ, ਪਤਾ ਨਹੀਂ।

ਕਮਰੇ ਵਿੱਚ ਘੁੱਪ ਹਨੇਰਾ ਸੀ, ਉਸੇ ਤਰ੍ਹਾਂ ਦਾ ਜਿਵੇਂ ਕਹਿੰਦੇ ਹੁੰਦੇ ਹਨ ਕਿ ਹੱਥ ਨੂੰ ਹੱਥ ਨਹੀਂ ਦਿਸਦਾ।

ਬਿਲਕੁਲ ਸਿਆਹ ਕਾਲ਼ਾ, ਬਦ-ਕਿਸਮਤ ਜਿਹਾ ਹਨੇਰਾ, ਬੇ-ਗ਼ੈਰਤ, ਆਪਣਾ ਹੀ ਪੈਰ ਅੱਗੇ ਕਿਵੇਂ ਵਧਾਵਾਂ, ਕਿੱਥੇ ਰੱਖਾਂ, ਸਮਝ ਹੀ ਨਹੀਂ ਆ ਰਹੀ ਸੀ।

ਸਰਦੀਆਂ ਬੀਤੀਆਂ ਨੂੰ ਹਾਲੇ ਕੁਝ ਹੀ ਦਿਨ ਹੋਏ ਸਨ, ਗਰਮ ਕੱਪੜੇ ਧੁੱਪ ਲੁਆ ਕੇ ਮੁੜ ਬਕਸਿਆਂ ਵਿੱਚ, ਟਰੰਕਾਂ ਵਿੱਚ ਚਲੇ ਗਏ ਸਨ। ਹੋਲੀ ਆਉਣ ਵਾਲ਼ੀ ਸੀ, ਕਮਰਿਆਂ ਵਿੱਚ ਸੁਸਤ ਪਏ ਪੱਖੇ ਦੋ-ਨੰਬਰ ਤੋਂ ਤੀਜੇ-ਨੰਬਰ ਤੱਕ ਜ਼ੋਰ ਨਾਲ਼ ਚੱਲਣ ਲੱਗ ਪਏ ਸਨ। ਅੱਜ ਹੀ ਏ.ਸੀ. ਸਰਵਿਸਿੰਗ ਵਾਲ਼ੇ ਨੂੰ ਬੁਲਾਇਆ ਸੀ - ਕਿ ਇਹ ਕੇਸ ਮੇਰੇ ਪੱਲੇ ਪੈ ਗਿਆ। ਆਪਣੀ ਵਰਦੀ ਪਹਿਨੀ- ਟੋਪੀ, ਡੰਡਾ, ਭਾਰੇ ਕਾਲ਼ੇ ਬੂਟ ਅਤੇ ਛਾਤੀ ਉੱਤੇ ਚਮਕਦੇ ਬੈਜ- ਟਿਕਾਣਾ ਪਤਾ ਕੀਤਾ ਅਤੇ ਆ ਗਿਆ।

ਪਰ ਲੱਗਦਾ ਹੈ ਕਿਸੇ ਨੇ ਮੇਰੇ ਆਉਣ ਦੀ ਖ਼ਬਰ ਇੱਥੇ ਪਹਿਲਾਂ ਹੀ ਦੇ ਦਿੱਤੀ, ਸਾਰੇ ਭੱਜ ਗਏ, ਉੱਤੋਂ ਲਾਈਟ ਦਾ ਫ਼ਿਊਜ਼ ਵੀ ਉਡਾਅ ਗਏ।

ਮੇਰੀ ਜੇਬ ਵਿੱਚ ਟਾਰਚ ਸੀ, ਮੈਂ ਜਗਾਈ। ਅਜੀਬ ਜਿਹੀ ਬਦ-ਬੋਅ ਹੈ ਚਾਰੇ ਪਾਸੇ।

ਜਿਵੇਂ ਇੱਥੇ ਕਦੇ ਅੱਗ ਲੱਗੀ ਹੋਏ, ਧੂੰਆਂ ਹਾਲੇ ਵੀ ਜਿਵੇਂ ਕਿਤੇ ਕਿਤੇ ਡੁਸਕ ਰਿਹਾ ਹੈ। ਪੂਰਾ ਕਮਰਾ ਜਿਵੇਂ ਕਿਸੇ ਪੀੜ ਨਾਲ਼ ਕਰਾਹ ਰਿਹਾ ਹੋਏ, ਆਪਣੀ ਹੀ ਨਬਜ਼ 'ਤੇ ਹੱਥ ਰੱਖ ਇੱਕ ਦੋ ਤਿੰਨ ਗਿਣਦਾ।

ਕਮਰੇ ਵਿੱਚ ਇੱਕ ਸੜਿਆ ਹੋਇਆ ਸੋਫ਼ਾ ਸੈੱਟ, ਤਬਲੇ, ਢੱਕਣ ਵਾਲ਼ਾ ਇੱਕ ਟੀ.ਵੀ. ਹੈ, ਸਭ ਸੜੇ ਹੋਏ।

ਕੰਧ ਉੱਤੇ ਲੱਗੀਆਂ ਕੁਝ ਮੈਲ਼ੀਆਂ ਜਿਹੀਆਂ ਤਸਵੀਰਾਂ, ਟੇਢੀਆਂ ਹੋ ਕੇ ਲਟਕ ਰਹੀਆਂ ਹਨ। ਹੇਠਾਂ ਟੁੱਟੇ ਸ਼ੀਸ਼ੇ ਦੇ ਟੁਕੜੇ।

ਮੈਂ ਬਚਦਾ ਬਚਾਉਂਦਾ ਅੱਗੇ ਵਧਿਆ ਹੀ ਸੀ ਕਿ ਰਸੋਈ ਵਿੱਚੋਂ ਜਿਵੇਂ ਕੋਈ ਅਵਾਜ਼ ਆਈ – "ਦਹੀਂ ਲਿਆਉਣ ਨੂੰ ਕਿੰਨੀ ਦੇਰ ਲਾ ਦਿੱਤੀ, ਪਤਾ ਹੈ ਨਾ ਕਿੰਨੇ ਕੰਮ ਨੇ, ਮੁੰਡਾ ਆ ਰਿਹਾ ਹੈ, ਹੁਣੇ ਆਉਂਦਿਆਂ ਹੀ ਮੰਗੇਗਾ, ਮਾਂ, ਆਲੂ ਦੇ ਪਰਾਂਠੇ ਬਣ ਗਏ, ਬੜੀ ਭੁੱਖ ਲੱਗੀ ਐ।"

ਮੈਂ ਰਸੋਈ ਦੇ ਬੂਹੇ ਕੋਲ ਆ ਕੇ

ਖਲੋਅ ਗਿਆ, ਇੱਕ ਬਜ਼ੁਰਗ ਔਰਤ ਉੱਬਲੇ ਆਲੂ ਛਿੱਲ ਰਹੀ ਹੈ, ਗੈਸ ਉੱਤੇ ਦਾਲ਼ ਰਿੱਝ ਰਹੀ ਹੈ।

‘‘ਹਾਲੇ ਤੱਕ ਕੁਸਮ ਵੀ ਨਹੀਂ ਆਈ, ਕਮਰਾ ਸਾਫ਼ ਕਰ ਜਾਂਦੀ, ਬਾਹਰੋਂ ਕੱਪੜੇ ਚੁੱਕ ਕੇ ਰੱਖ ਦਿੰਦੀ।’’

ਤਦੇ ਦਰਵਾਜ਼ਾ ਖੁੱਲ੍ਹਿਆ, ਇੱਕ ਬਜ਼ੁਰਗ ਘਰ ’ਚ ਦਾਖ਼ਲ ਹੋਏ, ਸਾਹ ਚੜ੍ਹਿਆ ਹੋਇਆ।

‘‘ਲੈ ਦਹੀਂ, ਕੱਲ੍ਹ ਤੋਂ ਸਾਰਾ ਘਰ
ਸਿਰ ’ਤੇ ਚੁੱਕਿਆ ਹੋਇਐ, ਸਾਰੇ ਮੁਹੱਲੇ ’ਚ ਤੂੰ ਢੰਡੋਰਾ ਪਿੱਟ ’ਤੈ, ਜਿਸਨੂੰ ਦੇਖੋ ਪੁੱਛ ਰਿਹੈ, ਕਦੋਂ ਆਵੇਗਾ ਮੁੰਡਾ, ਮੈਂ ਕਹਿ ’ਤੈ ਮੇਰੀ ਘਰਵਾਲ਼ੀ ਤੋਂ ਪੁੱਛੋ, ਉਸਨੂੰ ਹੀ ਪਤਾ ਹੋਏਗਾ ਕਦੋਂ ਆਵੇਗਾ ਉਹ, ਵਾਪਸ, ਆਪਣੇ ਘਰ।
‘‘ਗੁਆਂਢੀ ਹੱਸਦੇ ਨੇ, ਮੇਰੇ ’ਤੇ, ਜਿੱਥੇ ਜਾਓ ਪੁੱਛਦੇ ਨੇ, ਕਦੋਂ ਆਵੇਗਾ ਤੁਹਾਡਾ ਮੁੰਡਾ, ਹੁਣ ਮੈਂ ਉਨ੍ਹਾਂ ਨੂੰ ਕੀ ਦੱਸਾਂ, ਕੀ ਦੱਸਾਂ ਕਦੋਂ ਆਵੇਗਾ। ਆਖ਼ਰ ਸਾਡਾ ਕੀ ਕਸੂਰ ਹੈ, ਇਹ ਵੀ ਤਾਂ ਉਸਦਾ ਘਰ ਹੈ, ਇਸਨੂੰ ਵੀ ਤਾਂ ਕਿਸੇ ਨੇ ਸੰਭਾਲਣਾ ਹੈ।’’

ਉਹ ਬਜ਼ੁਰਗ ਰੋ ਰਹੇ ਹਨ, ਮੇਰੇ ਹੱਥਾਂ ਤੋਂ ਸਿਰਫ਼ ਥੋੜ੍ਹੀ ਹੀ ਦੂਰ, ਦਿਲ ਕਰਦਾ ਹੈ ਕਿ ਸੰਭਾਲ਼ ਲਵਾਂ ਉਨ੍ਹਾਂ ਨੂੰ, ਪਰ ਹੱਥ ਹੀ ਨਾ ਉੱਠੇ।

ਉਹ ਡੁਸਕਣ ਵਾਂਗ ਬੋਲ ਰਹੇ ਸਨ, ‘‘ਸ਼ਾਇਦ ਅਜਿਹੀ ਕੋਈ ਰੇਲਗੱਡੀ ਹੀ ਨਹੀਂ ਬਣਾਈ ਸਰਕਾਰ ਨੇ, ਜਿਸ ਨਾਲ਼ ਘਰੋਂ ਇੱਕ ਵਾਰ ਪੜ੍ਹਾਈ, ਕਮਾਈ, ਰੁਜ਼ਗਾਰ ਤੇ ਤਰੱਕੀ ਦਾ ਲਾਰਾ ਲਾ ਕੇ ਘਰੋਂ ਭੱਜੇ ਬੱਚੇ ਵਾਪਸ ਆ ਸਕਣ, ਆਪਣੇ ਬੁੱਢੇ ਮਾਂ-ਬਾਪ ਕੋਲ਼, ਉਨ੍ਹਾਂ ਦੀ ਦੇਖਭਾਲ਼ ਲਈ, ਘਰ ਦੀ ਸਾਂਭ-ਸੰਭਾਲ਼ ਲਈ... ਕਿਹੜਾ ਗੁਨਾਹ ਕੀਤਾ ਸੀ ਜੋ ਮਰ ਖਪ ਕੇ ਘਰ ਬਣਾਇਆ।’’

ਅੰਦਰਲੇ ਕਮਰੇ ਵਿੱਚ ਅੱਧ-ਸੜੀ ਗਿਟਾਰ ਇੱਕ ਨੁੱਕਰੇ ਪਈ ਹੈ, ਕੰਧ ਉੱਤੇ ਅੱਧ-ਸੜੀ ਢੋਲਕੀ ਲਟਕੀ ਹੈ, ਮੰਜਾ, ਅਲਮਾਰੀ, ਅਤੇ ਹੋਰ ਵੀ ਕਈ ਕੁਝ। ਢੋਲਕੀ ’ਤੇ ਹੱਥ ਫੇਰਿਆ ਪਰ ਉੱਥੇ ਕੁਝ ਵੀ ਨਹੀਂ ਸੀ, ਨਾ ਢੋਲਕੀ ਨਾ ਗਿਟਾਰ, ਮੈਂ ਚੁੱਪਚਾਪ ਉਸ ਤਕਰੀਬਨ ਹਨੇਰੇ ਕਮਰੇ ਵਿੱਚ ਇਕੱਲਾ ਹੀ ਸੀ, ਪਤਾ ਨਹੀਂ ਕਿਵੇਂ ਮੇਰੀਆਂ ਪਲਕਾਂ ਦੇ ਕਿਨਾਰੇ ਭਿੱਜਣ ਲੱਗ ਪਏ ਸਨ।

ਉਦੋਂ ਹੀ ਮੈਨੂੰ ਹੋਸ਼ ਆਈ ਕਿ ਮੈਂ ਡਿਊਟੀ ’ਤੇ ਹਾਂ ਇੱਥੇ, ਕਿ ਮੈਂ ਪਤਾ ਕਰਨਾ ਹੈ, ਇੱਥੇ ਕਿਸਦਾ ਖ਼ੂਨ ਹੋਇਆ।
ਉਹ ਵੀ ਇੱਕ ਨਹੀਂ ਕਈ ਸਾਰਿਆਂ ਦਾ, ਕੌਣ ਸਨ ਉਹ ਅਤੇ ਕੀ ਹੋਇਆ ਹੋਏਗਾ। ਕੀ ਗੁਨਾਹ ਕੀਤਾ ਹੋਏਗਾ ਉਨ੍ਹਾਂ।

ਵਿਅਕਤੀ ਤੋਂ ਵੱਡੀਆਂ ਹੁੰਦੀਆਂ ਹਨ ਉਸਦੀਆਂ ਉਮੀਦਾਂ; ਇੱਜ਼ਤਾਂ ਅਤੇ ਸੁਫ਼ਨਿਆਂ ਦੀ ਮੌਤ ਹੁੰਦੀ ਹੈ, ਜਿਸ ਵਿੱਚ ਸ਼ਾਮਲ ਹੁੰਦਾ ਹੈ ਸਾਰਾ ਪਰਿਵਾਰ।
ਕਮਰੇ ਵਿੱਚ ਮੇਰੇ ਪੈਰਾਂ ਨਾਲ਼ ਕੋਈ ਡੋਰ ਜਿਹੀ ਅੜ ਗਈ, ਮੈਂ ਲਾਹੁਣੀ ਚਾਹੁੰਦਾ ਹਾਂ ਪਰ ਲੱਥ ਨਹੀਂ ਰਹੀ। ਖਿੱਚਦਿਆਂ ਹੀ ਜਿਵੇਂ ਮਾਂਜੇ ਨਾਲ਼ ਪੈਰ ਵੱਢਿਆ ਗਿਆ।

‘‘ਚਾਚੀ, ਤੁਹਾਡਾ ਸੱਤੂ ਛੱਤ ਤੋਂ ਮੇਰੀ ਗੁੱਡੀ ਦੀ ਡੋਰ ਫੜ ਲੈਂਦਾ ਹੈ, ਪਤੰਗ ਸੁੱਟ ਲੈਂਦਾ ਹੈ, ਕੱਟ ਲੈਂਦਾ ਹੈ, ਉਸਨੂੰ ਸਮਝਾਓ, ਨਹੀਂ ਤਾਂ...’’
‘‘ਕੀ ਨਹੀਂ ਤਾਂ, ਲੱਗਾ ਮੇਰੇ ਮੁੰਡੇ ਨੂੰ ਕੁੱਟਣ, ਆਪਣੀ ਗੁੱਡੀ ਕਿਤੇ ਹੋਰ ਉਡਾਇਆ ਕਰ।’’

ਮੈਂ ਹੇਠਾਂ ਝੁਕ ਕੇ ਡੋਰ ਫੜੀ ਅਤੇ ਇੱਕ ਪਾਟੀ ਪਤੰਗ ਮੇਰੇ ਹੱਥ ਆਈ।

ਮੈਂ ਵੀ ਤਾਂ, ਇਓਂ ਹੀ, ਛੱਤ ਦੀ ਤੀਜੀ ਮੰਜ਼ਲ ਚੜ੍ਹ ਲੁਕ ਜਾਂਦਾ ਅਤੇ ਆਲ਼ੇ-ਦੁਆਲ਼ੇ ਉੱਡਦੀਆਂ ਗੁੱਡੀਆਂ, ਧਾਗੇ ਨੂੰ ਪੱਥਰ ਬੰਨ੍ਹ, ਸੁੱਟ ਲੈਂਦਾ, ਲੁੱਟ ਲੈਂਦਾ, ਬਹੁਤ ਸਾਰੀਆਂ ਗੁੱਡੀਆਂ ਮੇਰੇ ਕਮਰੇ ਦੀ ਇੱਕ ਨੁੱਕਰੇ ਲਟਕੀਆਂ ਹੁੰਦੀਆਂ, ਉਨ੍ਹਾਂ ’ਤੇ ਮੈਂ ਕੱਪੜਾ ਪਾ ਦਿੰਦਾ।
ਅਚਾਨਕ ਇੱਕ ਪਾਟੀ ਗੁੱਡੀ ਨੇ ਫੜ-ਫੜ ਕੀਤੀ, ਦੋ ਤੀਲ੍ਹੇ ਆਪੋ ਵਿੱਚ ਇੱਕ ਰੰਗੀਨ ਡੋਰ ਦੇ ਸਹਾਰੇ ਬੱਝੇ, ਛੁੱਟਣ ਨੂੰ ਬੇਤਾਬ, ਲਾਲ ਕਾਗ਼ਜ਼ ਹਾਲੇ ਵੀ ਸਿਰਿਆਂ ਨੂੰ ਚੰਬੜਿਆ, ਜਿਵੇਂ ਕਹਿ ਰਹੀ ਹੋਏ ਕਿੱਥੇ ਜਾਵਾਂ, ਜਦੋਂ ਡੋਰ ਹੀ ਕੱਟੀ ਗਈ, ਉਡਾਉਣ ਵਾਲ਼ਾ ਹੀ ਨਹੀਂ ਰਿਹਾ।

‘‘ਲੈ, ਮੇਰੀ ਪਤੰਗ ਚੜ੍ਹਾਅ ਦੇਵੇਂਗਾ, ਮੇਰੇ ਨਾਲ਼ ਪੇਚਾ ਨਹੀਂ ਲਾਵੇਂਗਾ?’’- ਲਾਲੀ, ਪਤਲੀ ਜਿਹੀ, ਗੋਰੀ, ਜਿਵੇਂ ਭਾਫ਼ ’ਚੋਂ ਕੋਈ ਫ਼ਹਿਆ, ਕੋਈ ਬੁਲਬੁਲਾ ਉੱਭਰ ਕੇ, ਕੁੜੀ ਬਣ ਗਿਆ ਹੋਵੇ।

ਸਾਡਾ ਘਰ ਤਿੰਨ ਮੰਜ਼ਲਾ ਸੀ, ਗੁੱਡੀ ਚੜ੍ਹਾਉਂਦਿਆਂ ਹੀ ਅਸਮਾਨ ਚੁੰਮਣ ਲੱਗ ਜਾਂਦੀ, ਮੈਂ ਬਹੁਤ ਉੱਚੀ ਚੜ੍ਹਾਉਂਦਾ, ਫੇਰ ਛੱਤ ਦੇ ਇੱਕ ਬਨੇਰੇ ’ਤੇ ਬੈਠ ਦੂਰ ਉੱਡਦੀ ਆਪਣੀ ਪਤੰਗ ਤੱਕਦਾ ਰਹਿੰਦਾ।
ਲਾਲੀ ਅਕਸਰ ਮੇਰੀ ਛੱਤ ’ਤੇ ਆ ਜਾਂਦੀ, ਮੇਰੀ ਗੁੱਡੀ ਦੀ ਡੋਰ ਫੜ ਤੁਣਕਾ ਮਾਰਦੀ ਅਤੇ ਫੇਰ ਖ਼ੁਸ਼ੀ ਨਾਲ਼ ਖਿੜਖਿੜਾਉਣ ਲੱਗ ਪੈਂਦੀ। ਅਸੀਂ ਦੋਵੇਂ ਹੀ ਬਹੁਤ ਛੋਟੇ ਸਾਂ ਪਰ ਮੈਂ ਲਾਲੀ ਨੂੰ ਦੇਰ ਤੱਕ ਇਓਂ ਹੀ ਖਿੜ ਖਿੜ ਕਰ ਕੇ ਹੱਸਦੀ ਨੂੰ ਵੇਖਦਾ ਰਹਿੰਦਾ।
ਪਤਾ ਨਹੀਂ ਕਿਉਂ ਮੈਨੂੰ ਉਸਦਾ ਖਿੜਖਿੜਾਉਣਾ ਬਹੁਤ ਚੰਗਾ ਲੱਗਦਾ, ਜਦੋਂ ਸਾਰੇ ਲੋਕ ਮਯੂਸ, ਬੇ-ਦਮ ਜਿਹੇ, ਚੁੱਪ ਰਹਿੰਦੇ ਸਨ, ਲਾਲੀ ਦੀ ਹਾਸੀ ਜਿਵੇਂ ਮੇਰੀ ਛੱਤ ਤੋਂ ਲਹਿ ਸਾਰੇ ਮੁਹੱਲੇ ਵਿੱਚ ਫੈਲ ਜਾਂਦੀ, ਅਤੇ ਜਿਵੇਂ ਗੁਲਮੋਹਰ ਦੇ ਫੁੱਲ ਝੜਦੇ, ਧੁੱਪ ਫੈਲਦੀ ਜਾਂ ਫੇਰ ਮੌਸਮ ਬਦਲਦਾ।

ਪਰ ਇੱਕ ਦਿਨ ਦੁਪਹਿਰੇ ਲਾਲੀ ਨਾ ਆਈ, ਫੇਰ ਦੂਜੇ ਦਿਨ ਵੀ ਨਾ ਆਈ, ਫੇਰ ਬੜੇ ਦਿਨ ਨਾ ਆਈ। ਮੈਂ ਉਸਨੂੰ ਭੁੱਲ ਕੇ ਪੜ੍ਹਾਈ ’ਚ ਲੱਗ ਚੁੱਕਾ ਸੀ, ਜਦੋਂ ਇੱਕ ਦਿਨ ਉਹ ਆਈ ਸੀ। ਚੁੱਪ-ਚਾਪ, ਮੇਰੀ ਮੇਜ਼ ’ਤੇ ਉਂਗਲ਼ਾਂ ਫੇਰਨ ਲੱਗੀ।
‘‘ਕਿੱਥੇ ਸੀ ਤੂੰ, ਪਤੈ ਬਹੁਤ ਇੰਤਜ਼ਾਰ ਕੀਤਾ ਮੈਂ, ਦੇਖ ਕਿੰਨੀਆਂ ਗੁੱਡੀਆਂ

# ਰਾਜੇਂਦਰ ਕੁਮਾਰ ਕਨੌਜੀਆ

ਲੁੱਟੀਆਂ, ਸਾਰੀਆਂ ਉਡਾਵਾਂਗੇ ਰਲ਼ ਕੇ।''
''ਨਹੀਂ ਮੈਂ ਜਾ ਰਹੀ ਹਾਂ, ਦੂਰ, ਪਤਾ ਨਹੀਂ ਕਿੱਥੇ।''
''ਕਿਉਂ, ਕੀ ਹੋਇਆ, ਕਿੱਥੇ ਜਾ ਰਹੀ ਹੈਂ ਤੂੰ, ਹਾਲੇ ਤਾਂ ਤੇਰੀ ਪੜ੍ਹਾਈ ਚੱਲ ਰਹੀ ਹੈ।''
''ਮੇਰੀ ਸ਼ਾਦੀ ਤੈਅ ਹੋ ਗਈ ਹੈ।''
ਮੇਰੇ ਹੱਥੋਂ ਪਾਣੀ ਦਾ ਗਲਾਸ ਹੇਠਾਂ ਡਿੱਗ ਕੇ ਟੁੱਟ ਗਿਆ।

ਹਨੇਰੇ ਵਿੱਚ ਮੇਰਾ ਹੱਥ ਉਸ ਖ਼ਾਲੀ ਘਰ 'ਚ ਪਤਾ ਨਹੀਂ ਕਿਸ ਚੀਜ਼ ਨਾਲ਼ ਟਕਰਾਇਆ, ਕੁਝ ਡਿੱਗਿਆ।

ਮੈਂ ਜਿਵੇਂ ਜਾਗ ਜਿਹਾ ਗਿਆ।
ਮੈਂ ਇੱਥੇ ਆਇਆ ਸੀ ਤਫ਼ਤੀਸ਼ ਕਰਨ ਕਿ ਕਿਸਦਾ ਖ਼ੂਨ ਹੋਇਆ ਹੈ, ਕੌਣ ਮਰਿਆ।
ਪਰ ਇੱਥੇ ਤਾਂ ਕੁਝ ਵੀ ਨਹੀਂ, ਉੱਤੋਂ ਯਾਦਾਂ ਦੀ ਲੜੀ ਹੈ ਜੋ ਟੁੱਟਦੀ ਹੀ ਨਹੀਂ।

ਮਾਂ ਦੇ ਆਲੂ ਦੇ ਪਰਾਂਠੇ ਬਣ ਕੇ ਠੰਢੇ ਵੀ ਹੋ ਗਏ, ਮਾਂ ਚੁੱਪਚਾਪ ਉੱਥੇ ਹੀ ਪਈ ਹੈ, ਬਜ਼ੁਰਗ ਬਾਹਰ ਦਲਾਨ ਵਿੱਚ ਤਖ਼ਤ ਉੱਤੇ ਸੌਂ ਗਏ ਹਨ।
ਕੋਈ ਨਹੀਂ ਆਇਆ ਉਸ ਦਿਨ, ਕਦੇ ਵੀ ਨਾ ਆਇਆ।

ਮੈਂ ਕੀ ਤਫ਼ਤੀਸ਼ ਕਰਾਂ, ਸਮਝ ਹੀ ਨਹੀਂ ਆ ਰਹੀ।
ਘਰ ਵਿੱਚ ਰੱਖਿਆ ਗੈਸ ਸਿਲੰਡਰ ਕਿਵੇਂ ਫਟਿਆ, ਅੱਗ ਲੱਗੀ ਜਾਂ ਲਾਈ ਗਈ, ਕੁਝ ਸਮਝ ਨਹੀਂ ਆਉਂਦਾ।
ਮੇਜ਼ ਉੱਤੇ ਕੁਝ ਅੱਧ-ਸੜੀਆਂ ਕਿਤਾਬਾਂ ਹਨ, ਇੱਕ ਤਸਵੀਰ ਹੈ, ਮੈਂ ਕਿਤਾਬਾਂ ਉਲਟ ਪਲਟ ਰਿਹਾ ਹਾਂ, ਕੁਝ ਸਰਟੀਫ਼ਿਕੇਟ ਹਨ, ਅੱਧ-ਸੜੇ ਧੁੰਦਲੇ ਜਿਹੇ ਨਾਂ ਲਿਖੇ ਹਨ, ਸੁਰਿੰਦਰ ਸਾਹੀ, ਕੌਣ ਹੈ ਇਹ, ਮੇਰਾ ਨਾਂ ਇੱਥੇ ਕਿਵੇਂ, ਮੇਰੀ ਤਸਵੀਰ ਕੰਧ ਉੱਤੇ ਲਟਕ ਰਹੀ ਹੈ।
ਮੈਂ ਇੱਥੇ ਕਿਵੇਂ, ਕੌਣ ਹਾਂ ਮੈਂ।
ਕਿਤਾਬਾਂ ਵਿੱਚੋਂ ਇੱਕ ਕਾਗਜ਼ ਡਿੱਗਿਆ ਹੈ, ਮੈਂ ਉਸਨੂੰ ਚੁੱਕ ਲਿਆ, ਧੁੰਦਲਾ ਜਿਹਾ ਲਿਖਿਆ ਹੈ –
''ਲਾਲਿਮਾ ਸਿੰਘ, ਪਹਿਲਗਾਮ''। ਕੁਝ ਅੰਕੜੇ, ਸ਼ਾਇਦ ਫ਼ੋਨ ਨੰਬਰ।
ਮੈਂ ਹੇਠਾਂ ਬੈਠ ਗਿਆ, ਫ਼ਾਤਿਮਾ ਇੱਥੇ ਆਈ ਸੀ, ਨੰਬਰ ਵੀ ਦੇ ਗਈ ਸੀ, ਕਿੰਨਾ ਇੰਤਜ਼ਾਰ ਕੀਤਾ ਹੋਏਗਾ, ਮੇਰੇ ਫ਼ੋਨ ਦਾ।
ਫੇਰ ਮੈਂ ਕਿੱਥੇ ਸੀ, ਕਿਉਂ ਨਹੀਂ ਮੁੜਿਆ ਇੱਥੇ, ਮਾਂ ਕੋਲ਼, ਪਿਤਾ ਜੀ ਕੋਲ਼, ਆਪਣੇ ਘਰ।

ਭੁੱਲ ਗਿਆ ਸਭ ਕੁਝ, ਇੱਕ ਅੰਨ੍ਹੀ ਦੌੜ, ਸੁਫ਼ਨਿਆਂ ਪਿੱਛੇ ਭੱਜਦਿਆਂ ਭੱਜਦਿਆਂ ਮੇਰੇ ਆਪਣੇ ਕਿਤੇ ਛੁੱਟ ਗਏ।

''ਫੇਰ ਆ ਗਏ ਇੱਥੇ।''
ਮੇਰੇ ਪਿੱਛਿਓਂ ਇੱਕ ਅਵਾਜ਼ ਨੇ ਚੌਂਕਾਅ ਦਿੱਤਾ।
ਸ਼ਗੁਨ ਸੀ, ਮੇਰੀ ਪਤਨੀ, ਸ਼ਾਇਦ ਮੈਨੂੰ ਲੱਭਦੀ ਲੱਭਦੀ ਆ ਗਈ।
''ਕੀ ਹੋ ਗਿਐ ਤੁਹਾਨੂੰ, ਕਿਉਂ ਰੋਜ਼ ਰੋਜ਼ ਆਉਂਦੇ ਹੋ ਇੱਥੇ, ਇਸ ਖੰਡਰ ਵਿੱਚ, ਕਿਸੇ ਦਿਨ ਕੰਧਾਂ ਡਿੱਗ ਗਈਆਂ ਤਾਂ ਹੇਠਾਂ ਆ ਜਾਓਗੇ। ਓਦੋਂ ਕੀ ਹੋਏਗਾ? ਤੁਹਾਨੂੰ ਪੁਲਸ ਮਹਿਕਮੇ ਤੋਂ ਰਿਟਾਇਰ ਹੋਇਆਂ ਇੱਕ ਅਰਸਾ ਹੋ ਗਿਆ, ਫੇਰ ਵੀ ਇਹ ਵਰਦੀ ਪਾਈ, ਡੰਡਾ ਚੁੱਕੀ ਕੇਸ ਸੁਲਝਾਉਣ ਇਸੇ ਘਰ ਵਾਪਸ ਮੁੜ ਆਉਂਦੇ ਹੋ, ਕੀ ਅੱਜ ਮਿਲ ਗਿਆ ਤੁਹਾਨੂੰ ਤੁਹਾਡਾ ਮੁਜਰਮ?''
ਸ਼ਗੁਨ ਨੇ ਮੇਰੇ ਹੱਥ ਫੜ ਲਏ, ਮੇਰੇ ਹੱਥ-ਪੈਰ ਕੰਬ ਰਹੇ ਸਨ, ਅੱਖਾਂ ਨਮ ਸਨ।

''ਹੁਣ ਇਸ ਕੇਸ ਦੀ ਫ਼ਾਈਲ ਬੰਦ ਕਰੋ, ਫ਼ੈਸਲਾ ਸੁਣਾਓ।''
ਮੈਂ ਲੜਖੜਾ ਕੇ ਉੱਥੇ ਹੀ ਬੈਠ ਗਿਆ ਹਾਂ, ਮੈਂ ਚਾਰੇ ਪਾਸੇ ਦੇਖਿਆ, ਮਾਂ, ਪਿਤਾ ਜੀ, ਮੇਰੇ ਪੁਰਾਣੇ ਸਾਥੀ, ਰਿਸ਼ਤੇਦਾਰ ਕਮਰੇ ਵਿੱਚ ਚਾਰੇ ਪਾਸੇ ਖੜ੍ਹੇ ਮੈਨੂੰ ਦੇਖ ਰਹੇ ਸਨ, ਉਨ੍ਹਾਂ ਦੇ ਪਿੱਛੇ ਹੀ ਲਾਲੀ ਹੈ, ਵਿਆਹ ਦੇ ਜੋੜੇ 'ਚ, ਚੁੱਪਚਾਪ ਮੈਨੂੰ ਵੇਖਦੀ।
''ਕਿਉਂ?''
ਜਿਵੇਂ ਕੋਈ ਵੱਡਾ ਸਾਰਾ ਸਵਾਲ ਮੈਨੂੰ ਘੂਰ ਰਿਹਾ ਸੀ।
ਮੈਂ ਜ਼ੋਰ ਨਾਲ਼ ਚੀਕ ਉੱਠਿਆ ਹਾਂ।
''ਮੈਂ ਹਾਂ ਮੁਜਰਮ, ਇਸ ਘਰ ਦਾ ਜਿਸਨੂੰ ਪਿਤਾ ਜੀ ਨੇ ਸਾਡੇ ਸਾਰਿਆਂ ਲਈ ਬਣਾਇਆ ਸੀ ਅਤੇ ਮੈਂ ਇਸਨੂੰ ਭੁੱਲ ਗਿਆ, ਮਾਂ, ਪਿਤਾ ਜੀ ਦਾ ਕਸੂਰਵਾਰ ਹਾਂ ਜੋ ਲਗਾਤਾਰ ਮੇਰਾ ਇੰਤਜ਼ਾਰ ਕਰਦੇ ਰਹੇ ਕਿ ਮੁੰਡਾ ਸ਼ਹਿਰੋਂ ਪੜ੍ਹ ਲਿਖ ਕੇ ਵਾਪਸ ਆਵੇਗਾ ਤਾਂ ਖ਼ੁਸ਼ੀਆਂ ਲਿਆਵੇਗਾ, ਉਨ੍ਹਾਂ ਨੂੰ ਅਰਾਮ ਮਿਲੇਗਾ, ਘਰ ਦੀ ਸ਼ਾਨ ਬਣੇਗੀ।''
''ਪਰ ਮੈਂ ਸ ਭਨੂੰ ਛੱਡ-ਛਡਾਅ ਦਿੱਤਾ, ਭੁੱਲ ਗਿਆ ਆਪਣੇ ਸੁਫ਼ਨਿਆਂ ਨੂੰ ਪੂਰਾ ਕਰਦਾ ਕਰਦਾ ਕਿ ਮੇਰੀ ਕੋਈ ਹੋਰ ਜ਼ਿੰਮੇਵਾਰੀ ਵੀ ਹੈ।''
''ਤੇ ਮੈਂ'' – ਲਾਲੀ ਉਨ੍ਹਾਂ ਸਭ ਤੋਂ ਅੱਗੇ ਆ ਕੇ ਖੜ੍ਹੀ ਹੋ ਗਈ।
''ਤੂੰ ਤਾਂ ਜਾ ਚੁੱਕੀ ਸੀ, ਦੂਰ ਕਿਤੇ ਵਿਆਹ ਕਰ ਕੇ, ਤੇਰਾ ਮੇਰੇ ਉੱਤੇ ਕੀ ਕਰਜ਼।''

ਮਾਂ ਨੇ ਇੱਕ ਚਪੇੜ ਮਾਰੀ ਸੀ, ''ਬੇਵਕੂਫ਼ਾ ਉਹ ਮੁੜ ਕੇ ਆਈ ਸੀ, ਤੈਨੂੰ ਲੱਭਦੀ, ਪਰ ਤੂੰ ਤਾਂ ਸਭ ਭੁੱਲ ਚੁੱਕਾ ਸੀ।''
''ਪਰ ਤੂੰ ਤਾਂ ਵਿਆਹ ਕੀਤਾ ਸੀ ਨਾ।''
''ਨਹੀਂ, ਉਸ ਨੇ ਤੇਰੇ ਲਈ ਸਭ ਕੁਝ ਛੱਡ ਦਿੱਤਾ, ਪਰ ਤੂੰ ਤਾਂ ਆਪਣੇ ਸੁਫ਼ਨਿਆਂ ਪਿੱਛੇ ਭੱਜ ਰਿਹਾ ਸੀ, ਵੇਖ ਕੀ ਕੀ ਰਹਿ ਗਿਆ।''
''ਪਰ ਮੈਂ ਹੁਣ ਆ ਗਿਆ ਹਾਂ, ਸਭ ਠੀਕ ਹੋ ਜਾਵੇਗਾ, ਹੁਣ ਇੱਥੇ ਹੀ ਰਹਾਂਗਾ ਸਾਰਿਆਂ ਨਾਲ਼, ਮਾਂ, ਪਿਤਾ ਜੀ, ਸ਼ਗੁਨ, ਲਾਲੀ ਅਤੇ ਸਾਰੇ ਦੋਸਤ।''
ਮੈਂ ਜ਼ੋਰ ਜ਼ੋਰ ਦੀ ਰੋ ਰਿਹਾ ਹਾਂ, ਸਾਰੇ ਰੋ ਰਹੇ ਹਨ।

ਕਹਿੰਦੇ ਨੇ, ਖ਼ਿਆਲ-ਉਡਾਰੀਆਂ ਦੇ ਖੰਭ ਨਹੀਂ ਹੁੰਦੇ, ਪਰ ਦਿਲ ਤਾਂ ਜ਼ਰੂਰ ਹੁੰਦਾ ਹੈ, ਜੋ ਧੜਕਦਾ ਹੈ, ਮਹਿਸੂਸ ਕਰਾਉਂਦਾ ਹੈ ਜ਼ਿੰਮੇਵਾਰੀ ਪੂਰੀ ਨਾ ਕਰ ਸਕਣ ਦਾ ਗੁਨਾਹ-ਅਹਿਸਾਸ, ਪਛਤਾਵਾ ਬਹੁਤ ਤਕਲੀਫ਼ ਦਿੰਦਾ ਹੈ। ਘਰਾਂ ਤੋਂ ਦੂਰ, ਸੁਫ਼ਨਿਆਂ ਪਿੱਛੇ ਭੱਜਦਿਆਂ, ਉਮੀਦਾਂ ਬਹੁਤ ਦਿਨਾਂ ਤੱਕ ਰੁਆਉਂਦੀਆਂ ਹਨ।

# ਪੰਜਾਬ ਦੇ ਸੱਠਾਂ ਦੇ ਹੋਣ ’ਤੇ: ਗੁਲਾਬੀ ਐਨਕਾਂ ਤੋਂ ਬਿਨਾ ਪਿੱਛੇ ਦੇਖਿਆਂ

**ਪੰਜਾਬ** ਨੇ ਵੀਹਵੀਂ ਸਦੀ ਦੇ ਅੱਧ ਕੁ ਵਿਚ ਦੋ ਵਾਰ ਆਪਣੀ ਸ਼ਕਲ ਬਦਲੀ, ਪਰ ਇੱਕ ਫ਼ਰਕ ਨਾਲ। ਜਦੋਂ 1947 ਵਿਚ ਇਹ ਫਾੜ ਕੇ ਦੋ ਟੋਟੇ ਕੀਤਾ ਗਿਆ, ਇਹ ਪਾੜ *fait accompli* ਸੀ, ਭਾਰਤ ਦੀ ਵੰਡ ਦਾ ਹੀ ਇੱਕ ਹਿੱਸਾ। ਦੂਜੀ ਵਾਰ, ਮਰਜ਼ੀ ਨਾਲ ਕੀਤਾ ਗਿਆ। ‘ਪੰਜਾਬੀ ਸੂਬੇ’ ਲਈ ਲੰਮੇ ਚਿਰ ਤੋਂ ਇੱਕ ਮੰਗ ਲਗਾਤਾਰ ਚੱਲੀ ਆ ਰਹੀ ਸੀ। ਭਾਰਤ ਦੇ ਕਈ ਹਿੱਸਿਆਂ ਵਿਚ ਸੂਬਿਆਂ ਨੂੰ ਭਾਸ਼ਾਈ ਅਸੂਲ ਮੁਤਾਬਕ ਮੁੜ-ਵਿਓਂਤਣਾ ਲਾਗੂ ਹੋ ਚੁੱਕਾ ਸੀ, ਪਰ ਪੰਜਾਬ ਦੇ ਮਾਮਲੇ ਵਿਚ ਇੱਕ ਝਿਝਕ ਸੀ। ਇਸਨੂੰ ਸਾਫ਼ ਹੀ ਪੰਜਾਬੀਆਂ ਖ਼ਿਲਾਫ਼ ਤਅੱਸਬ ਅਤੇ ਵਿਤਕਰੇ ਵਾਂਗ ਵੇਖਿਆ ਜਾ ਰਿਹਾ ਸੀ। ਇਸਨੂੰ ਬੇਇਨਸਾਫ਼ੀ ਮੰਨ ਕੇ ਬਹੁਤ ਹੀ ਵੱਡੇ ਰੋਸ ਜੱਥੇਬੰਦ ਕੀਤੇ ਗਏ। ਇਸ ਲਈ 1966 ਵਿਚ ਇਸ ਮੁੜ-ਵਿਓਂਤੇ ਜਾਣ ਨੂੰ ਇੱਕ ਜਿੱਤ ਵਾਂਗ ਵੇਖਿਆ ਗਿਆ, ਅਤੇ ਅੱਜ ਤੱਕ ਇਸੇ ਤਰ੍ਹਾਂ ਇਸ ਦਾ ਜਸ਼ਨ ਮਣਾਇਆ ਜਾਂਦਾ ਹੈ। ਸੱਠ ਸਾਲ ਬੀਤਣ ’ਤੇ ਪਿੱਛੇ ਤੱਕਣਾ, ਕੋਈ ਬਹੁਤੀ ਛੇਤੀ ਨਹੀਂ, ਹਿਸਾਬ ਲਾਉਣ ਅਤੇ ਸੋਚਣ ਵਿਚਾਰਨ ਲਈ। ਇਹ ਮੁੜ-ਵਿਓਂਤ ਇੱਕ ਸਿਆਸੀ ਜਿੱਤ ਰਹੀ ਹੋ ਸਕਦੀ ਹੈ, ਪਰ ਲੰਮੇ ਅਰਸੇ ਵਿਚ ਇਸ ਤੋਂ ਉਡੀਕੇ ਕਿੰਨੇ ਕੁ ਨਤੀਜੇ ਸਾਹਮਣੇ ਆਏ ਹਨ? ਵਿਸ਼ਵਾਸ ਇਹ ਸੀ ਕਿ ਭਾਸ਼ਾਈ ਤੌਰ ’ਤੇ ਇੱਕੋ-ਸਪੱਸ਼ਟ ਪੰਜਾਬ ਹੋਏਗਾ ਤਾਂ ਬਿਹਤਰ ਪ੍ਰਸ਼ਾਸਨ ਹੋਏਗਾ, ਵਧੇਰੇ ਲੋਕਤੰਤਰੀ ਭਾਈਵਾਲੀ ਨੂੰ ਹੱਲਾਸ਼ੇਰੀ ਮਿਲੇਗੀ, ਵਧੇਰੇ ਸਮਾਜਕ ਮੇਲ-ਜੋਲ ਨੂੰ ਥਾਂ ਮਿਲੇਗੀ, ਵਿੱਦਿਆ ਦੇ ਫੈਲਾਅ ਨੂੰ ਰਾਹ ਮਿਲਣਗੇ ਅਤੇ ਸਭ ਤੋਂ ਵਧ ਕੇ ਤਾਂ, ਪੰਜਾਬੀ ਸਭਿਆਚਾਰ ਨੂੰ ਸਾਂਭਿਆ ਅਤੇ ਵਧਾਇਆ ਜਾਏਗਾ।

ਹੋਇਆ ਇਹ ਹੈ ਕਿ ਇਨ੍ਹਾਂ ਸਾਰਿਆਂ ਮਾਮਲਿਆਂ ਵਿਚ, ਪੰਜਾਬ ਦਾ ਰਿਕਾਰਡ ਵੱਧ ਤੋਂ ਵੱਧ ਵੀ ਕਹੀਏ ਤਾਂ ਰਲਿਆ-ਮਿਲਿਆ ਹੈ। ਗੱਲ ਨੂੰ ਛੋਟੀ ਰੱਖਣ ਲਈ, ਆਓ ਇਨ੍ਹਾਂ ਵਿੱਚੋਂ ਸਿਰਫ਼ ਦੋ ਨੂੰ ਲਈਏ। ਆਰਥਕ ਤਰੱਕੀ ਵੇਖੋ ਕਿੱਧਰ ਕਿੱਧਰ ਨੂੰ ਗਈ। ਪਹਿਲੇ ਤੀਹ ਸਾਲਾਂ ਵਿਚ ਉਹ ਆਰਥਕ ਵਾਧਾ ਹੋਇਆ ਜੋ ਕਦੇ ਨਹੀਂ ਸੀ ਹੋਇਆ, ਪਰ ਬਾਅਦ ਵਾਲੇ ਤੀਹ ਸਾਲਾਂ ਵਿਚ ਲਗਾਤਾਰ ਨਿਘਾਰ ਅਤੇ ਖਰਾਬੀ ਵਿਖੀ। ਦੇਹਾਤੀ ਆਮਦਨੀਆਂ ਵਿਚ ਖੜੋਤ ਆਈ। ਤੇਜ਼-ਰਫ਼ਤਾਰ ਸਨਅਤੀਕਰਨ ਹੋਣ ਦੀ ਥਾਂ, ਸੂਬੇ ਵਿਚ ਅ-ਸਨਅਤੀਕਰਨ ਹੀ ਹੋਇਆ। ਵਿੱਦਿਆ ਦਾ ਪਸਾਰ ਕਰਨ ਦੀ ਥਾਂ, ਸੂਬੇ ਨੇ ਵਿੱਦਿਆ ਅਤੇ ਸਿਹਤਸੰਭਾਲ ਦੇ ਪੈਸੇ ਨੂੰ ਵਧ ਵਧ ਕੇ ਖੋਰੇ ਲਾਏ। ਬੇਰੋਜ਼ਗਾਰੀ ਹੀ ਬੇਰੋਜ਼ਗਾਰੀ ਦਿਸਦੀ ਹੈ। ਨਿਰਾਸ਼ ਹੋਏ, ਬੇ-ਆਸ ਨੌਜਵਾਨਾਂ ਜਾਂ ਨਸ਼ਿਆਂ ਦਾ ਪੱਲਾ ਫੜ ਲਿਆ ਹੈ ਜਾਂ ਨਿਕਲ ਭੱਜਣ ਦਾ ਰਾਹ, ਕਿਸੇ ਵੀ ਸਹੀ ਗ਼ਲਤ ਢੰਗ ਨਾਲ ਦੇਸ਼ ਤੋਂ ਬਾਹਰ ਜਾਂਦਿਆਂ।

ਫੇਰ, ਤੁਸੀਂ ਸਮਾਜਕ ਧਾਰਮਕ ਮੇਲ-ਜੋਲ ਦਾ ਸੁਆਲ ਵਿਚਾਰੋ। ਠਾਹ ਦੇਣੀ, ਇਨ੍ਹਾਂ ਸੱਠ ਸਾਲਾਂ ਦੇ ਵਿਚਕਾਰ ਜਿਹੇ, ਸੂਬੇ ਵਿਚ ਦਹਾਕਾ ਭਰ ਚੱਲੀ ਦਹਿਸ਼ਤਗਰਦੀ ਵਿਖੀ ਜਿਸ ਨੇ ਪੰਜਾਬੀ ਸਮਾਜ ਨੂੰ ਤਾਰ-ਤਾਰ ਕਰਨ ਦਾ ਖਤਰਾ ਖੜ੍ਹਾ ਕੀਤਾ। ਹੁਣ ਵੀ ਇਹ ਖਤਰਾ ਸਾਹਮਣੇ ਆਉਂਦਾ ਹੀ ਰਹਿੰਦਾ ਹੈ।

ਇਹ ਤਾਂ ਕੋਈ ਵੀ ਨਹੀਂ ਕਹੇਗਾ ਕਿ ਇਹ ਨਾਂਹਵਾਦੀ ਰੁਝਾਨ ਸੂਬੇ ਦੇ ਮੁੜ-ਵਿਓਂਤਣ ਕਰਕੇ ਪੈਦਾ ਹੋਏ। ਸਹੀ ਹੀ ਇਹ ਦਲੀਲ ਦਿੱਤੀ ਜਾਏਗੀ ਕਿ ਇਹ ਤਾਂ ਕਿਸੇ ਨਾ ਕਿਸੇ ਤਰ੍ਹਾਂ ਹੋ ਕੇ ਹੀ ਹਟਣਾ ਸੀ। ਪਰ ਇੱਕ ਗੱਲ ਵੱਲੋਂ ਸਾਫ਼ ਰਹੋ, ਇਸ ਮੁੜ-ਵਿਓਂਤਣ ਨੇ ਇਸ ਸਭ ਦੇ ਵਾਪਰਣ ਨੂੰ ਕੋਈ ਬਿਹਤਰ ਤਰ੍ਹਾਂ ਰੋਕਿਆ ਨਹੀਂ। ਭਾਸ਼ਾਈ ਤੌਰ ’ਤੇ ਮੁੜ-ਵਿਓਂਤੇ ਹੋਰ ਸੂਬਿਆਂ ਦਾ ਕੀ ਤਜਰਬਾ ਰਿਹਾ? ਇੱਥੇ ਵੀ ਰਿਕਾਰਡ ਰਲਿਆ-ਮਿਲਿਆ ਹੀ ਹੈ। ਮਹਾਰਾਸ਼ਟਰ, ਗੁਜਰਾਤ, ਕਰਣਾਟਕ, ਅਤੇ ਕੇਰਲ ਨੇ ਬਿਹਤਰ ਕਾਰਗੁਜ਼ਾਰੀ ਕੀਤੀ, ਜਦੋਂ ਕਿ ਆਂਧ੍ਰ ਪ੍ਰਦੇਸ਼ ਵਿਚ ਅੰਦਰੂਨੀ ਝਗੜੇ ਹੋਏ, ਜਿਸ ਵਿੱਚੋਂ ਅੱਗੇ ਤੇਲੰਗਾਣਾ ਬਣ ਗਿਆ। ਬੀਹਾਰ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਨੂੰ ਵੀ ਮੁੜ-ਵਿਓਂਤਿਆ ਗਿਆ, ਹਾਲਾਂਕਿ ਪੂਰੀ ਤਰ੍ਹਾਂ ਭਾਸ਼ਾਈ ਆਧਾਰ ’ਤੇ ਨਹੀਂ, ਅਤੇ ਝਾੜਖੰਡ, ਛੱਤੀਸਗੜ੍ਹ ਅਤੇ ਉੱਤਰਾਖੰਡ ਦੇ ਨਵੇਂ ਸੂਬੇ ਬਣਾਏ ਗਏ। ਇਸ ਤੋਂ ਨਾ ਤਾਂ ਜਨਮ-ਦੇਣੇ ਸੂਬੇ ਨੂੰ ਅਤੇ ਨਾ ਹੀ ਜਨਮ-ਲੈਣ ਵਾਲੇ ਸੂਬਿਆਂ ਨੂੰ ਹੀ ਕੋਈ ਬਹੁਤਾ ਫ਼ਾਇਦਾ ਦਿਸਿਆ ਹੈ। ਫੇਰ ਤਾਂ ਇਹ ਸਾਫ਼ ਹੋ ਜਾਣਾ ਚਾਹੀਦਾ ਹੈ ਕਿ ਤਰੱਕੀ, ਸੂਬੇ ਬਨਾਉਣ ਉੱਤੇ ਕੋਈ ਓਨੀ ਨਹੀਂ ਟਿਕੀ ਹੁੰਦੀ, ਭਾਸ਼ਾ ਕਰਕੇ ਜਾਂ ਹੋਰ। ਬੇਸ਼ਕ ਕਿਸੇ ਸੂਬੇ ਵਿਚ ਟਿਕ-ਟਿਕਾਅ, ਅਮਨ ਅਤੇ ਖੁਸ਼ਹਾਲੀ ਬਨਾਉਣ ਲਈ ਹੋਰ ਕਾਰਨ ਅਤੇ ਤਾਕਤਾਂ ਵੀ ਜ਼ਿਮੇਵਾਰ ਹੋ ਸਕਦੀਆਂ ਹਨ। ਅਤੇ ਹਰ ਮਾਮਲੇ ਵਿਚ ਇਹ ਵੱਖ ਵੱਖ ਹੋ ਸਕਦੀਆਂ ਹਨ।

ਆਓ ਇੱਕ ਦੂਜੇ ਜ਼ਾਵੀਏ ਨਾਲ ਪੰਜਾਬ ਵੱਲ ਪਰਤੀਏ। ਇਹ ਗੱਲ ਹਮੇਸ਼ਾ ਧਿਆਨ ਵਿਚ ਨਹੀਂ ਰੱਖੀ ਜਾਂਦੀ ਕਿ, ਉਸੇ ਤਰ੍ਹਾਂ ਜਿਵੇਂ ਪੰਜਾਬ ਦੀਆਂ ਸਰਹੱਦਾਂ 1966 ਵਿਚ ਮੁੜ-ਵਿਓਂਤੀਆਂ ਗਈਆਂ ਸਨ, ਓਸੇ ਸਾਲ ਇੱਕ ਹੋਰ ਬਹੁਤ ਤਕੜੀ ਤਾਕਤ ਦਾ ਵੀ ਪਟਾ ਖੋਲ੍ਹ ਦਿੱਤਾ ਗਿਆ ਸੀ: ਹਰਾ ਇਨਕਲਾਬ। ਭਾਰਤ ਸਰਕਾਰ ਵੱਲੋਂ ਅੰਨ ਦੇ ਪੱਖੋਂ ਆਪਣੇ ਪੈਰਾਂ ’ਤੇ ਖੜ੍ਹੇ ਹੋਣਾ ਧਾਰ ਕੇ ਇਸ ਨੂੰ ਸਾਹਮਣੇ ਲਿਆਂਦਾ ਗਿਆ ਸੀ,

ਭੁਪਿੰਦਰ ਬਰਾੜ*
ਅਨੁਵਾਦ: ਪੂਨਮ ਸਿੰਘ

ਪੰਜਾਬ ਦੇ ਕਿਸਾਨਾਂ ਨੂੰ (ਅਤੇ ਦੇਸ਼ ਦੇ ਕੁਝ ਹੋਰ ਹਿੱਸਿਆਂ ਦਿਆਂ ਨੂੰ ਵੀ) ਪ੍ਰੇਰਨਾ ਦਿੱਤੀ ਗਈ ਕਿ ਉਹ ਖੇਤੀ ਦੀਆਂ ਉਹ ਤਕਨੀਕਾਂ ਅਪਣਾਅ ਲੈਣ ਜੋ ਸਰਮਾਏ ਅਤੇ ਤਕਨਾਲੋਜੀ ਦੇ ਸਿਰ 'ਤੇ ਚੱਲਦੀਆਂ ਸਨ, ਏਸ ਲਈ ਮਹਿੰਗੀਆਂ ਸਨ, ਪਰ ਵੱਧ ਝਾੜ ਅਤੇ ਵੱਡੀਆਂ ਆਮਦਨੀਆਂ ਦਾ ਵਾਅਦਾ ਕਰਦੀਆਂ ਸਨ। ਸੰਸਥਾਵਾਂ ਤੋਂ ਕਰਜ਼ੇ, ਐਮਐੱਸਪੀ ਦੀ ਗਰੰਟੀ ਅਤੇ ਸਾਰੀ ਫ਼ਸਲ ਚੁੱਕਣ ਦੇ ਯਕੀਨ ਦੁਆ ਕੇ ਉਤਸ਼ਾਹ ਦਿੱਤਾ ਗਿਆ।

ਹੁਣ ਤਾਂ ਇਹ ਪਤਾ ਹੀ ਹੈ ਕਿ ਖੇਤੀਬਾੜੀ ਤੋਂ ਆਮਦਨਾਂ ਬਹੁਤ ਉੱਚੀਆਂ ਚੜ੍ਹੀਆਂ, ਝਾੜ ਬਹੁਤ ਜ਼ਿਆਦਾ ਵਧਣ ਕਰਕੇ। ਅੱਗੇ ਕਦੇ ਨਾ ਵੇਖੀ ਗਈ ਖੁਸ਼ਹਾਲੀ ਕਰਕੇ ਖਪਤਵਾਦੀ ਜਿਊਣ-ਢੰਗ ਅਤੇ ਉੱਘੜ ਉੱਘੜ ਦਿਸਦੇ ਖਪਤਵਾਦੀ ਰੁਝਾਨ ਬਣ ਗਏ। ਇਸਦਾ ਕੋਈ ਖ਼ਿਆਲ ਨਾ ਰਿਹਾ ਕਿ ਇਸ ਨਵੀਂ ਆਈ ਤਬਦੀਲੀ ਦੇ ਕੁਝ ਉਲਟ-ਅਸਰ ਵੀ ਪੈਣੇ ਹਨ। ਮੁਸ਼ਕਿਲਾਂ- ਜਿਵੇਂ ਮਿੱਟੀ ਦੇ ਉਪਜਾਊਪੁਣੇ ਵਿਚ ਨਿਘਾਰ, ਜ਼ਮੀਨ ਹੇਠਲੇ ਪਾਣੀ ਦਾ ਘਟਣਾ, ਅਤੇ ਵਾਹੋਦਾਹੀ ਕੈਮੀਕਲਾਂ ਦੀ ਵਰਤੋਂ ਕਰਕੇ ਸਿਹਤ ਦੇ ਮੁੱਦਿਆਂ ਦਾ ਸਾਹਮਣੇ ਆਉਣਾ ਸਾਡਾ ਮੂੰਹ ਤੱਕੀ ਜਾ ਰਹੀਆਂ ਹਨ, ਪਰ ਫੇਰ ਵੀ ਅਸੀ ਅਜੇ ਵੀ ਇਨ੍ਹਾਂ ਬਾਰੇ ਕੁਝ ਬਹੁਤਾ ਨਹੀਂ ਕਰ ਰਹੇ। ਸਾਡੇ ਵਿਚੋਂ ਬਹੁਤੇ ਓਹੋ ਕੁਝ ਹੀ ਚੱਲਦਾ ਰੱਖਣਾ ਚਾਹੁੰਦੇ ਹਨ ਜਿਸ ਨਾਲ ਇਹ ਮੁਸੀਬਤਾਂ ਪੇਸ਼ ਹੋਈਆਂ। ਅਸੀਂ ਬੱਸ ਇੱਕੋ ਚੀਜ਼ ਚਾਹੁੰਦੇ ਹਾਂ ਕਿ ਕੇਂਦਰ ਸਾਡੇ ਅੰਨ ਦੇ ਦਾਣੇ ਐੱਮਐੱਪੀ ਦੇ ਰੇਟਾਂ ਉੱਤੇ ਚੁੱਕ ਲਏ। ਅੱਜ ਸਾਡਾ ਇੱਕੋ ਮਸਲਾ ਇਹ ਲੱਗਦਾ ਪਿਆ ਹੈ ਕਿ ਕਿਉਂ ਕੇਂਦਰ ਹੁਣ ਇਹ ਕਰੀ ਜਾਣ ਨੂੰ ਤਿਆਰ ਨਹੀਂ। ਪੰਜਾਬ ਵਿਚ ਅਸੀਂ ਇਸ ਨਾ-ਤਿਆਰ-ਹੋਣ ਨੂੰ ਵੀ ਇੱਕ ਹੋਰ ਸਬੂਤ ਮੰਨ ਲਿਆ ਹੈ ਕਿ ਕੇਂਦਰ ਸਾਡੇ ਪੰਜਾਬੀਆਂ ਦੇ ਨਾਲ ਵਿਤਕਰਾ ਕਰਦਾ ਹੈ। ਪਰ ਜਿਵੇਂ ਕਿਸਾਨ ਮੋਰਚੇ ਨੇ ਵਿਖਾਇਆ, ਦੂਜੇ "ਹਰੇ ਇਨਕਲਾਬ" ਵਾਲੇ ਸੂਬਿਆਂ ਨਾਲ ਵੀ ਓਨਾ ਹੀ 'ਵਿਤਕਰਾ' ਹੋ ਰਿਹਾ ਹੈ। ਜੋ ਸਾਨੂੰ ਪੰਜਾਬੀਆਂ ਨੂੰ ਸਮਝ ਆਉਣਾ ਚਾਹੀਦਾ ਹੈ ਉਹ ਇਹ ਹੈ ਕਿ ਕੇਂਦਰ ਨੇ ਇਹ ਉਤਸ਼ਾਹ ਓਦੋਂ ਦਿੱਤੇ ਸਨ ਜਦੋਂ ਉਸ ਨੂੰ ਦੇਣੇ ਪਏ ਸਨ, ਅਤੇ ਹੁਣ ਦੇਈ ਜਾਣੋਂ ਮੁਨਕਰ ਹੈ ਜਦੋਂ ਉਸ ਨੂੰ ਇਹ ਦੇਣ ਦੀ ਲੋੜ ਨਹੀਂ ਰਹੀ। ਭਾਵੇਂ ਜਿਹੜੀ ਮਰਜ਼ੀ ਪਾਰਟੀ ਕੇਂਦਰ ਵਿਚ ਆਵੇ, ਸਵਾਮੀਨਾਥਨ ਰਿਪੋਰਟ ਦੀਆਂ ਸਿਫ਼ਾਰਸ਼ਾਂ ਉੱਤੇ ਅਮਲ ਨਹੀਂ ਕੀਤਾ ਜਾਏਗਾ। ਉਨ੍ਹਾਂ ਅਰਥਸ਼ਾਸਤ੍ਰੀਆਂ ਨੇ ਜਿਨ੍ਹਾਂ ਨੂੰ "ਨਿਰਭਰਤਾ ਥਿਊਰੀ ਵਾਲੇ" ਸੱਦਿਆ ਜਾਂਦਾ ਹੈ, ਲੰਮੇ ਅਰਸੇ ਤੋਂ ਇਸ ਵਰਤਾਰੇ ਨੂੰ ਸਮਝਾਇਆ ਹੋਇਆ ਹੈ- ਕਿ ਇਹ ਕੀ ਹੈ, ਇਹ ਦੱਸਦਿਆਂ ਕਿ ਉਨ੍ਹਾਂ ਦਾ ਮੁੱਖ ਧਿਆਨ ਤਾਂ ਅਮੀਰ ਅਤੇ ਤਕੜੇ-ਸਨਅਤੀਕਰਨ ਵਾਲੇ ਦੇਸਾਂ ਦਾ, ਜਿਨ੍ਹਾਂ ਨੂੰ "ਕੇਂਦਰ" ਸੱਦਿਆ ਜਾਂਦਾ ਹੈ, ਅਤੇ ਗਰੀਬ ਘੱਟ-ਤਰੱਕੀ ਵਾਲੇ 'ਲਾਂਭ ਚਾਂਭ' ਆਖੇ ਜਾਂਦੇ ਦੇਸਾਂ ਦਰਮਿਆਨ ਦੇ ਅੰਤਰਰਾਸ਼ਟਰੀ ਰਿਸ਼ਤਿਆਂ' ਤੇ ਟਿਕਿਆ ਰਿਹਾ ਹੈ। ਉਨ੍ਹਾਂ ਵਿਖਾਇਆ ਕਿ ਦਿੱਤੇ ਜਾਂਦੇ ਉਤਸ਼ਾਹ, ਪਹਿਲੀ ਕਿਸਮ ਦੇ ਦੇਸ਼ਾਂ ਤੋਂ ਦੂਜੀ ਕਿਸਮ ਦੇ ਦੇਸ਼ਾਂ ਵੱਲ ਨੂੰ, ਓਦੋਂ ਹੀ ਵਹਿੰਦੇ ਹੁੰਦੇ ਹਨ ਜਦੋਂ ਪਹਿਲੀ ਕਿਸਮ ਦਿਆਂ ਨੂੰ ਇਹ ਕਰਨ ਦੀ ਲੋੜ ਪੈ ਜਾਏ। ਓਦੋਂ ਹੀ ਫੇਰ ਲਾਂਭ-ਚਾਂਭ ਵਾਲੇ ਦੇਸ਼ ਵੀ ਖੁਸ਼ਹਾਲੀ ਦੇ ਕੁਝ ਕੁਝ ਸਮੇਂ ਨੂੰ ਵੇਖ ਸਕਦੇ ਪਏ ਹੁੰਦੇ ਹਨ। ਪਰ ਉਹ ਸਮੇਂ ਆਰਜ਼ੀ ਹੁੰਦੇ ਹਨ ਅਤੇ ਅਕਸਰ ਛੋਟੇ ਛੋਟੇ ਅਰਸੇ ਹੀ। ਮੁੱਕਦੀ ਗੱਲ ਇਹ, ਕਿ ਇਸ ਤਰ੍ਹਾਂ ਵਿਖਾਈ ਗਈ ਖੁਸ਼ਹਾਲੀ ਭਰਮ ਵਰਗੀ ਸੀ, ਕਿਉਂਕਿ ਇਸ ਨੇ ਕਦੇ ਵੀ ਬਾਹਰਲੀਆਂ ਤਾਕਤਾਂ ਉੱਤੇ ਨਿਰਭਰਤਾ ਨੂੰ ਮੁਕਾਇਆ ਨਹੀਂ ਸੀ।

ਆਓ ਉਘਾੜ ਕੇ ਆਖ ਦਈਏ -ਕਿ ਇਹੋ ਨਿਰਭਰਤਾ ਵਾਲਾ ਤਰਕ ਭਾਰਤ ਵਰਗੇ ਵੱਡੇ ਦੇਸ਼ਾਂ ਵਿਚ ਕੇਂਦਰ-ਸੂਬਾ ਰਿਸ਼ਤੇ ਉੱਤੇ ਵੀ ਓਨਾ ਹੀ ਲਾਗੂ ਕੀਤਾ ਜਾ ਸਕਦਾ ਹੈ।

ਅਖੀਰ ਤਾਂ ਹੱਲ ਇਸੇ ਵਿਚ ਹੈ ਕਿ ਜ਼ੋਰ ਨਾਲ ਆਪਣੇ ਲਈ ਭਲਾ ਵਤੀਰਾ ਜਾਂ ਇਨਸਾਫ਼ਮਈ ਵਰਤਾਰਾ ਨਾ ਮੰਗਦੇ ਫਿਰੀਏ, ਸਗੋਂ ਪੁਰਾਣੇ ਰਿਸ਼ਤੇ ਦੇ ਤਰਸ੍ਹਤੇ ਵਾਲੇ ਪੈਟਰਨਾਂ ਤੋਂ ਆਪਣੇ ਆਪ ਨੂੰ 'ਤੋੜ', ਆਪਣੇ ਪੈਰਾਂ 'ਤੇ ਖੜ੍ਹੇ ਹੁੰਦੇ ਜਾਈਏ। ਯਾਨੀ, ਪੰਜਾਬ ਦਾ ਭਵਿੱਖ ਇਸ ਉੱਤੇ ਨਹੀਂ ਟਿਕਿਆ ਹੋਇਆ ਕਿ ਕਿਹੜੀ ਸਿਆਸੀ ਪਾਰਟੀ ਕਦੋਂ ਤਾਕਤ ਵਿਚ ਆਉਂਦੀ ਹੈ, ਕਿਉਂਕਿ ਇਹ ਸਾਰੀਆਂ ਹੀ, ਬਿਨਾ ਕਿਸੇ ਆਸ ਦੇ ਵੀ, ਮੰਨੀ ਬੈਠੀਆਂ ਹਨ ਕਿ ਜਦੋਂ-ਕਦੋਂ ਕੇਂਦਰ ਦੇ ਖ਼ਿਲਾਫ਼ ਨਾਅਰੇ ਲਾ ਲਾ ਕੇ, ਜਾਂ ਗੁਆਂਢੀ ਸੂਬਿਆਂ ਨੂੰ ਕਸੂਰਵਾਰ ਕਹਿ ਕਹਿ ਕੇ ਓਹੋ ਪੁਰਾਣਾ, ਆਪਣੇ-ਫ਼ਾਇਦੇ ਵਿਚ ਜਾਂਦਾ ਬੈਲੰਸ-ਤੋਲ ਮੁੜ ਬਹਾਲ ਕੀਤਾ ਜਾ ਸਕੇਗਾ। ਭਵਿੱਖ ਤਾਂ ਉਨ੍ਹਾਂ ਦੇ ਹੱਥ ਵਿਚ ਹੈ ਜੋ ਪੰਜਾਬ ਦੇ ਅਰਥਚਾਰੇ ਲਈ ਇੱਕ ਖੇਤੀਬਾੜੀਓਂ-ਅੱਗੇ ਦੀ, ਰੋਜ਼ਗਾਰ ਲਿਆ ਸਕਣ ਵਾਲੀ ਵਿਓਂਤਬੰਦੀ ਕਰ ਸਕੇਗਾ, ਇਸਦੀਆਂ ਹੱਦਾਂ ਭਾਵੇਂ ਕੋਈ ਵੀ ਕਿਉਂ ਨਾ ਹੋਣ।

*ਭੁਪਿੰਦਰ ਬਰਾੜ ਪੰਜਾਬ ਯੂਨਿਵਰਸਿਟੀ ਵਿਚ ਰਾਜਨੀਤੀ ਵਿਗਿਆਨ ਦੇ ਸਨਮਾਨੇ ਸਾਬਕਾ ਪਰੋਫ਼ੈੱਸਰ ਹਨ।

The Tribune ਵਿਚ ਛਪਿਆ

# ਇੱਕ ਸੀ ਨਜੀਬਾਂ!

**ਬੂੜ** ਸਿੰਘ ਜਦੋਂ ਪਟਿਆਲਿਓਂ ਤੁਰਿਆ ਤਾਂ ਉਹਦੇ ਕੋਲ ਫੁੱਲਾਂ ਵਾਲਾ ਝੋਲਾ ਸੀ। ਉਹ ਪੰਦਰਾਂ ਵਰ੍ਹਿਆਂ ਬਾਅਦ 'ਆਪਣਾ' ਪਿੰਡ ਵੇਖਣ ਜਾ ਰਿਹਾ ਸੀ। ਸੰਤਾਲ਼ੀ 'ਚ ਉਹਦੀ ਉਮਰ ਵੀਹ ਸਾਲ ਦੇ ਕਰੀਬ ਸੀ; ਉਹਦਾ ਸਕੂਲ ਐਮਨਾਬਾਦ 'ਚ ਸੀ ਤੇ ਉਹ ਦਸਵੀਂ ਜਮਾਤ 'ਚ ਪੜ੍ਹਦਾ ਸੀ।

ਵਾਘੇ ਵਾਲੀ ਲੀਕ ਲੰਘਦਿਆਂ, ਉਹਨੂੰ ਪੰਦਰਾਂ ਅਗਸਤ ਵਾਲਾ ਦਿਨ ਯਾਦ ਆ ਗਿਆ। ਉਸ ਦਿਨ ਉਹ ਆਪਣੇ ਤਹਿਸੀਲਦਾਰ ਮਾਮੇ ਦੇ ਘਰ 'ਚ ਸੀ। ਰੇਡੀਓ ਚੱਲ ਰਿਹਾ ਸੀ। ਖ਼ਬਰਾਂ ਸੁਣਨ ਵਾਲਿਆਂ ਨਾਲ ਵਿਹੜਾ ਭਰਿਆ ਪਿਆ ਸੀ। ਜਦੋਂ ਵੰਡ ਦੀ ਖ਼ਬਰ ਆਈ ਤਾਂ ਮਾਮੇ ਨੇ ਰੇਡੀਓ ਬੰਦ ਕਰ ਦਿੱਤਾ ਸੀ ਤੇ ਲੋਕ ਆਪੋ-ਆਪਣੇ ਘਰਾਂ ਨੂੰ ਚਲੇ ਗਏ ਸਨ।

ਵਾਘੇ ਤੋਂ ਲਹੌਰ ਵਾਲੀ ਬੱਸ 'ਚ ਬੈਠਦਿਆਂ ਉਹਨੇ ਆਪਣੇ ਸ਼ਹਿਰ ਅਤੇ ਇਲਾਕੇ ਨੂੰ ਯਾਦ ਕੀਤਾ। ਗੁੱਜਰਾਂਵਾਲੇ ਤੋਂ ਠੱਠਾ ਗੁਲਾਬ ਸਿੰਘ ਵੱਲ ਕੱਚੀ ਸੜਕ ਜਾਂਦੀ ਹੁੰਦੀ ਸੀ। ਸ਼ਹਿਰ ਤੋਂ ਚੜ੍ਹਦੇ ਪਾਸੇ ਅੱਠ ਮੀਲ ਦੀ ਦੂਰੀ 'ਤੇ ਉਹਦਾ ਛੋਟਾ ਜਿਹਾ ਪਿੰਡ ਸੀ। ਨਾਂ ਸੀ ਕੋਟਲੀ ਬਾਘਾ।

ਸੋਲਾਂ ਅਗਸਤ ਦੀ ਦੁਪਹਿਰ ਨੂੰ ਜਦੋਂ ਉਹ ਕੋਟਲੀ ਪਹੁੰਚਿਆ ਤਾਂ ਮੱਠਾ-ਮੱਠਾ ਮੀਂਹ ਪੈ ਰਿਹਾ ਸੀ। ਘਰ ਵੜਦਿਆਂ ਉਹਨੂੰ ਮਾਂ ਨੇ ਦੱਸਿਆ ਕਿ ਉਹਦਾ ਬਾਪੂ ਕਿਸੇ ਗੱਲੋਂ ਰੁੱਸ ਕੇ ਸਵੇਰ ਦਾ ਘਰੋਂ ਨਿਕਲਿਆ ਹੋਇਆ। ਉਹ ਡੰਗਰਾਂ ਵਾਲੇ ਢਾਰੇ ਵੱਲ ਨੂੰ ਤੁਰ ਪਿਆ। ਉਹਦਾ ਬਾਪੂ ਓਥੇ ਉਦਾਸ ਬੈਠਾ ਸੀ। ਬੂੜੇ ਨੇ ਉਹਨੂੰ ਘਰ ਆਉਣ ਲਈ ਆਖਿਆ ਤਾਂ ਉਹ ਰੁੱਖੀ ਅਵਾਜ਼ 'ਚ ਬੋਲਿਆ ਸੀ- ਤੂੰ ਚੱਲ, ਮੈਂ ਆਉਂਦਾਂ।

ਪਿੰਡ ਮੁੜਦਿਆਂ ਉਹਨੇ ਵੇਖਿਆ ਕਿ ਲਹਿੰਦੇ ਪਾਸਿਓਂ ਚਾਲੀ-ਪੰਜਾਹ ਬੰਦਿਆਂ ਦਾ ਜੱਥਾ ਕੋਟਲੀ ਵੱਲ ਆ ਰਿਹਾ ਸੀ। ਉਨ੍ਹਾਂ ਤੋਂ ਡਰਦਾ ਉਹ ਸੁੱਕੇ ਪਏ ਛੱਪੜ ਵਿਚ ਦੀ ਹੋ ਗਿਆ। ਕੋਠਿਆਂ 'ਤੇ ਚੜ੍ਹੇ ਹਿੰਦੂ-ਸਿੱਖਾਂ ਨੇ ਵੀ 'ਹਮਲਾ ਹੋ ਗਿਆ, ਹਮਲਾ ਹੋ ਗਿਆ' ਦਾ ਰੌਲ਼ਾ ਪਾ ਦਿੱਤਾ। ਪਿੰਡ ਦੇ ਗੱਭਰੂ ਇਕੱਠੇ ਹੋ ਕੇ ਜੱਥੇ ਵੱਲ ਦੌੜ ਉੱਠੇ ਪਰ ਉਨ੍ਹਾਂ ਦੇ ਜਾਣ ਤੋਂ ਪਹਿਲਾਂ ਉਹਦਾ ਬਾਪ ਮਾਰਿਆ ਗਿਆ ਸੀ। ਕੋਟਲੀ ਵਾਲਿਆਂ ਦੇ ਜਵਾਬੀ ਹਮਲੇ 'ਚ ਤਿੰਨ ਧਾੜਵੀ ਵੀ ਮਾਰੇ ਗਏ ਸਨ।



ਉਹਦੇ ਬਾਪੂ ਦਾ ਨਾਂ ਪਾਲਾ ਸਿੰਘ, ਦਾਦੇ ਦਾ ਸੰਤ ਸਿੰਘ, ਪੜਦਾਦੇ ਦਾ ਆਸਾ ਸਿੰਘ ਤੇ ਅਗਾਂਹ ਦਾਦੇ ਦੇ ਦਾਦੇ ਦਾ ਦੇਸਾ ਸਿੰਘ। ਦੇਸਾ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਮੁਲਤਾਨ ਵਾਲ਼ੇ ਕਿਲ਼ੇ ਦਾ ਕਿਲ਼ੇਦਾਰ ਸੀ। ਉਹਨੂੰ ਜੱਦੀ ਪਿੰਡ ਕੋਟਲੀ ਦੇ ਕੋਲ ਮਹਾਰਾਜੇ ਨੇ ਪੈਂਤੀ ਸੌ ਕਿੱਲਾ ਜ਼ਮੀਨ ਵੀ 'ਬਖ਼ਸ਼ੀ' ਸੀ। ਜਿਹਦੇ ਵਿੱਚੋਂ ਅੱਧੀ ਜ਼ਮੀਨ ਉਨ੍ਹਾਂ ਡੰਗਰ ਚਾਰਨ ਵਾਸਤੇ ਜੰਗਲ ਛੱਡਿਆ ਹੋਇਆ ਸੀ ਤੇ ਬਾਕੀ ਅੱਧੀ ਜ਼ਮੀਨ ਮੁਜ਼ਾਰਿਆਂ ਕੋਲ ਸੀ। ਉਹ ਜਿਨ੍ਹਾਂ ਖੇਤਾਂ 'ਚ ਹਾੜ੍ਹੀ ਬੀਜਦੇ, ਉਨ੍ਹਾਂ 'ਚ ਸੌਣੀ ਨਹੀਂ ਸੀ ਬੀਜਦੇ। ਜਿਨ੍ਹਾਂ 'ਚ ਸੌਣੀ ਬੀਜਦੇ, ਉਨ੍ਹਾਂ 'ਚ ਹਾੜ੍ਹੀ ਨਹੀਂ ਸੀ ਬੀਜਦੇ।

ਠਾਕੁਰ ਸਿੰਘ ਤੇ ਹਰਨਾਮ ਸਿੰਘ; ਕੋਟਲੀ ਦੇ ਦੋ ਨੰਬਰਦਾਰ ਸਨ। ਠਾਕੁਰ ਸਿੰਘ ਨੇ ਭੁਲੇਰ ਪਿੰਡ ਦੇ ਅਰਾਈਆਂ ਨੂੰ ਪੰਜਾਹ ਕਿੱਲ੍ਹੇ ਜ਼ਮੀਨ ਵੇਚ ਦਿੱਤੀ ਸੀ। ਬੂੜ ਸਿੰਘ ਦੇ ਬਾਬੇ ਸੰਤ ਸਿੰਘ ਨੇ ਉਨ੍ਹਾਂ ਦੇ ਰੁਪਏ ਮੋੜ ਕੇ ਉਹ ਜ਼ਮੀਨ ਛੁਡਵਾਅ ਲਈ ਸੀ। ਭੁਲੇਰੀਆਂ ਦੇ ਮਨਾਂ ਅੰਦਰ ਇਸ ਗੱਲ ਦਾ ਗੁੱਸਾ ਸੀ ਤੇ ਉਸ ਦਿਨ ਪਾਲਾ ਸਿੰਘ ਇਸ ਗੁੱਸੇ ਦੀ ਭੇਟਾ ਚੜ੍ਹ ਗਿਆ ਸੀ!

ਬਾਪੂ ਦੀ ਲਾਸ਼ ਉਨ੍ਹਾਂ ਬਾਲਣ ਅਤੇ ਪਾਥੀਆਂ ਨਾਲ ਭਰੇ ਕਮਰੇ 'ਚ ਰੱਖ ਕੇ ਅੱਗ ਲਗਾ ਦਿੱਤੀ ਸੀ। ਤੇ ਅੱਗ ਦੀਆਂ ਲਪਟਾਂ ਅੰਬਰ ਛੂਹ ਰਹੀਆਂ ਸਨ ਜਦੋਂ ਉਨ੍ਹਾਂ ਪਿੰਡ ਛੱਡਿਆ ਸੀ। ਪਹਿਲਾਂ ਉਹ ਚੱਕ ਰਮਦਾਸ ਗਏ ਸਨ ਤੇ ਫਿਰ ਕਹਿਰਵਾਲੀ। ਇੱਥੇ ਉਨ੍ਹਾਂ ਰੋਟੀ ਖਾਧੀ ਤੇ ਨੱਤ ਪਿੰਡ 'ਚੋਂ ਦੀ ਹੋ ਕੇ ਰਾਤ ਨੂੰ ਚੁਕਰਾਲੀ ਪਹੁੰਚ ਗਏ ਸਨ। ਸਵੇਰ ਹੋਣ ਤੱਕ ਓਥੇ ਲੱਖ ਦੇ ਕਰੀਬ ਬੰਦਾ ਇਕੱਠਾ ਹੋ ਗਿਆ ਸੀ।

ਇਨ੍ਹਾਂ ਉਦਾਸ ਯਾਦਾਂ 'ਚ ਡੁੱਬਿਆ ਬੂੜ ਸਿੰਘ ਲਹੌਰ ਬੱਸ ਅੱਡੇ 'ਤੇ ਪਹੁੰਚ ਗਿਆ ਸੀ। ਓਥੋਂ ਪੁੱਛਦਾ-ਪੁਛਾਉਂਦਾ ਉਹ ਮੁਜ਼ੰਗ ਚੂੰਗੀ ਵੱਲ ਤੁਰ ਪਿਆ। ਓਥੇ ਉਹਦੇ ਬਚਪਨ ਦੇ ਦੋਸਤ ਅਨਵਰ ਦੀ ਫ਼ੋਟੋਗ੍ਰਾਫ਼ੀ ਦੀ ਦੁਕਾਨ ਸੀ।

ਉੱਨੀ ਸੌ ਪੰਜਾਹ ਤੱਕ ਉਹ ਇਕ-ਦੂਜੇ ਨੂੰ ਖਤ ਲਿਖਦੇ ਰਹੇ ਸਨ। ਆਖ਼ਰੀ ਖ਼ਤ 'ਚ ਅਨਵਰ ਨੇ ਲਿਖਿਆ ਸੀ- ਬੂੜਿਆ, ਰੁਜ਼ਗਾਰ ਦਾ ਗ਼ਮ ਮੈਨੂੰ ਲਹੌਰ ਲੈ ਚੱਲਿਆ। ਓਥੇ ਮੁਜ਼ੰਗ ਚੂੰਗੀ ਦੇ ਨੇੜੇ ਮੇਰੇ ਮਾਮੇ ਦੀ ਫ਼ੋਟੋਗ੍ਰਾਫ਼ੀ ਦੀ ਦੁਕਾਨ ਏ। ਮੇਰਾ ਰਿਸ਼ਤਾ ਵੀ ਉਨ੍ਹਾਂ ਵੱਲ ਹੋਇਆ ਏ। ਉਹਨੇ ਮੈਨੂੰ ਆਖਿਆ ਹੈ ਕਿ ਕੰਮ ਸਿੱਖ ਕੇ ਮੇਰੇ ਵਾਲੀ ਦੁਕਾਨ ਸੰਭਾਲ ਲੈ।

ਬੂੜ ਸਿੰਘ ਨੇ ਜਵਾਬੀ ਖਤ 'ਚ

ਉਹਨੂੰ ਲਿਖਿਆ ਸੀ- ਅਨਵਰ, ਜਦੋਂ ਤੂੰ ਫ਼ੋਟੋਗ੍ਰਾਫ਼ੀ ਸਿੱਖ ਲਵੇਂ ਤਾਂ ਮੈਨੂੰ ਨਜੀਬਾਂ ਦੀ ਇਕ ਫ਼ੋਟੋ ਤਿਆਰ ਕਰ ਕੇ ਜ਼ਰੂਰ ਭੇਜੀਂ।

ਨਜੀਬਾਂ ਉਨ੍ਹਾਂ ਦੇ ਨਾਲ ਪੜ੍ਹਦੀ ਹੁੰਦੀ ਸੀ। ਉਹਦਾ ਅੱਬਾ ਕੱਪੜੇ ਸਿਊਣ ਅਤੇ ਧੋਣ ਦਾ ਕੰਮ ਕਰਦਾ ਸੀ। ਜਦੋਂ ਬੂੜ ਸਿੰਘ ਐਮਨਾਬਾਦ ਪੜ੍ਹਨ ਚਲਾ ਗਿਆ ਤਾਂ ਉਹਦੀ ਮਾਂ ਨਜੀਬਾਂ ਕੋਲ਼ੋਂ ਖਤ ਲਿਖਵਾਉਂਦੀ ਹੁੰਦੀ ਸੀ। ਪਹਿਲਾਂ-ਪਹਿਲ ਨਜੀਬਾਂ ਸਿਰਫ਼ ਉਹਦੀ ਮਾਂ ਦੀਆਂ ਹੀ ਗੱਲਾਂ ਲਿਖਦੀ ਹੁੰਦੀ ਸੀ। ਫਿਰ ਮਾਂ ਦੀਆਂ ਗੱਲਾਂ ਘਟਦੀਆਂ ਤੇ ਨਜੀਬਾਂ ਦੀਆਂ ਗੱਲਾਂ ਵਧਦੀਆਂ ਗਈਆਂ ਸਨ।

ਬੂੜ ਸਿੰਘ ਨੂੰ ਵੇਖਦਿਆਂ ਅਨਵਰ ਖ਼ੁਸ਼ ਵੀ ਹੋਇਆ ਸੀ ਤੇ ਹੈਰਾਨ ਵੀ। ਦੋਵੇਂ ਗਲ਼ ਲੱਗ ਕੇ ਕਈ ਦੇਰ ਡੁਸਕਦੇ ਰਹੇ ਸਨ। ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਤੋਂ ਬਾਅਦ ਬੂੜਾ ਬੋਲਿਆ, ''ਆਪਾ ਪਿੰਡ ਜਾਣਾ, ਅਨਵਰਾ!'

''ਓਥੇ ਜਾ ਕੇ ਐਵੇਂ ਤੇਰਾ ਮਨ ਹੀ ਖ਼ਰਾਬ ਹੋਣੈਂ। ਹੁਣ ਓਥੇ ਕੌਣ ਆ?'' ਅਨਵਰ ਬੋਲਿਆ ਸੀ।

''ਮੇਰਾ ਪਿੰਡ ਆ ਉਹ!....'' ਬੂੜਾ ਮੱਥੇ 'ਤੇ ਤਿਊੜੀ ਪਾਉਂਦਿਆਂ ਬੋਲਿਆ ਸੀ।

''...ਓਥੇ ਮੈਂ ਆਪਣਾ ਘਰ ਵੇਖਾਂਗਾ। ਬਜ਼ੁਰਗਾਂ ਨੂੰ ਮਿਲਾਂਗਾ। ਖੂਹ 'ਤੇ ਦਰਖ਼ੱਤ ਵੇਖਾਂਗਾ। ਉਹ ਥਾਂ ਵੀ ਵੇਖਾਂਗਾ ਜਿੱਥੇ ਬਾਪੂ ਦਾ ਕਤਲ...''

ਅਨਵਰ ਉਹਨੂੰ ਥਾਣੇ ਲੈ ਗਿਆ ਸੀ। ਉਹਦਾ ਨਾਂ ਪਤਾ ਦਰਜ ਕਰਵਾਅ ਕੇ ਉਹਨੇ ਪਿੰਡ ਜਾਣ ਦੀ ਲਿਖਤੀ ਇਜਾਜ਼ਤ ਵੀ ਲੈ ਲਈ ਸੀ।

ਹੁਣ ਉਹ ਦੋਵੇਂ ਐਮਨਬਾਦ ਜਾਣ ਵਾਲੀ ਬੱਸ 'ਚ ਬੈਠ ਗਏ ਸਨ।

ਰਾਵੀ ਲੰਘਦਿਆਂ ਬੀਤਿਆ ਵਕਤ ਬੂੜੇ ਦੇ ਅੰਦਰੋਂ ਇਕ ਵਾਰ ਫਿਰ ਜਾਗ ਉੱਠਿਆ ਸੀ।

ਚੁਕਰਾਲੀ ਤੋਂ ਬਾਅਦ ਉਨ੍ਹਾਂ ਦਾ ਕਾਫ਼ਲਾ ਰਾਵੀ ਕੰਢੇ ਪਹੁੰਚ ਗਿਆ ਸੀ। ਰਾਵੀ ਦੇ ਦੋ ਵਹਿਣ ਸਨ। ਦੋਹਾਂ ਵਿਚਕਾਰ ਤਿੰਨ-ਚਾਰ ਕਿੱਲਿਆਂ ਦਾ ਬਰੇਤਾ ਪਿਆ ਸੀ। ਪਹਿਲਾ ਵਹਿਣ ਪਾਰ ਕਰ ਕੇ ਜਦੋਂ ਉਹ ਵਿਚਕਾਰੇ ਆਏ ਤਾਂ ਮੀਂਹ ਪੈਣ ਲੱਗ ਪਿਆ ਸੀ। ਉਨ੍ਹਾਂ ਨੂੰ ਓਥੇ ਰੁਕਣਾ ਪੈ ਗਿਆ। ਰਾਤ ਨੂੰ ਹੜ੍ਹ ਆ ਗਿਆ ਸੀ। ਪੰਜ-ਛੇ ਦਿਨ ਇਹ ਓਥੇ ਫਸੇ ਰਹੇ ਸਨ। ਬਰਛਿਆਂ 'ਤੇ ਖੇਸੀਆਂ ਟੰਗ ਕੇ ਮੀਂਹ ਤੋਂ ਬਚਾਅ ਕੀਤਾ ਸੀ। ਛੇਵੇਂ ਦਿਨ ਪਾਣੀ ਲੱਥਾ ਤਾਂ ਇੱਧਰਲੇ ਪਿੰਡਾਂ ਵਾਲੇ ਸਿੱਖ-ਹਿੰਦੂਆਂ ਇਨ੍ਹਾਂ ਨੂੰ ਇੱਧਰ ਲੰਘਾਇਆ ਸੀ। ਪਹਿਲੀ ਰਾਤ ਇਨ੍ਹਾਂ ਭਿੰਡੀ ਸੱਯਦਾਂ ਪਿੰਡ 'ਚ ਕੱਟੀ ਤੇ ਅਗਲੀ ਰਾਤ ਖਾਲਸਾ ਕਾਲਜ ਅੰਮ੍ਰਿਤਸਰ 'ਚ ਪਹੁੰਚ ਗਏ ਸਨ। ਦੂਜੇ ਦਿਨ ਇਹ ਆਪਣੇ ਰਿਸ਼ਤੇਦਾਰਾਂ ਕੋਲ ਜੰਡਿਆਲਾ ਗੁਰੂ ਪਹੁੰਚ ਗਏ ਸਨ।

''ਬੂੜ ਸਿਆਂ, ਪੂਰੀ ਜ਼ਮੀਨ ਮਿਲ਼ ਗਈ ਓਧਰ?'' ਅਨਵਰ ਨੇ ਪੁੱਛਿਆ ਸੀ।

''ਮਾਮਲੇ ਤੋਂ ਬਚਣ ਲਈ ਅਸੀਂ ਇੱਧਰ ਨਹਿਰੀ ਪਾਣੀ ਨਹੀਂ ਸੀ ਲਿਆ। ਮਹਾਰਾਜੇ ਵਾਲਾ ਪੈਂਤੀ ਸੌ ਤਾਂ ਓਧਰ ਵੈਰਾਨ ਮਿੱਥਿਆ ਗਿਆ। ਉਹਦੇ ਵੱਟੇ ਸਾਨੂੰ ਮਰਲਾ ਵੀ ਨਹੀਂ ਮਿਲਿਆ। ਕੋਟਲੀ ਵਾਲੀ ਜੱਦੀ ਜ਼ਮੀਨ ਬਦਲੇ ਪੱਚੀ ਕੁ ਕਿੱਲ੍ਹੇ ਜ਼ਰੂਰ ਮਿਲੇ ਨੇ।''

ਬੂੜੇ ਦੀ ਗੱਲ ਸੁਣ ਕੇ ਅਨਵਰ ਨੇ ਲੰਮਾ ਹਉਕਾ ਭਰਿਆ ਸੀ।

''ਤਾਏ ਫੀਦੇ ਦਾ ਕੀ ਹਾਲ ਏ?'' ਬੂੜੇ ਦੇ ਇਸ ਸਵਾਲ 'ਤੇ ਅਨਵਰ ਨੇ ਉਹਦੇ ਚਿਹਰੇ ਨੂੰ ਗਹੁ ਨਾਲ ਵੇਖਿਆ ਸੀ।

''ਉੱਜੜ ਕੇ ਆਏ ਲੋਕਾਂ ਨੇ ਨਾ ਤਾਂ ਨਵੇਂ ਕੱਪੜੇ ਸਿਲਾਉਣੇ ਸੀ ਤੇ ਨਾ ਧਵਾਉਣੇ। ਕੋਟਲੀ 'ਚ ਉਹ ਵਿਚਾਰੇ ਭੁੱਖੇ ਮਰਨ ਲੱਗ ਪਏ ਸਨ। ਉਹ ਵੀ ਸੰਨ ਪੰਜਾਹ 'ਚ ਪਿੰਡ ਛੱਡ ਗਏ ਸਨ।''

ਇਹ ਸੁਣਦਿਆਂ ਬੂੜੇ ਦੀਆਂ ਅੱਖਾਂ ਛਲਕ ਗਈਆਂ ਸਨ। ਉਹਨੇਂ ਅੱਖਾਂ ਮੀਟ ਲਈਆਂ ਤੇ ਖ਼ਮੋਸ਼ ਹੋ ਗਿਆ। ਉਹਨੂੰ ਪੁਰਾਣੇ ਪਿੰਡ ਤੇ ਬੰਦੇ ਯਾਦ ਆਏ। ਮਢਿਆਲਾ ਤੇਗਾ ਉਨ੍ਹਾਂ ਦੀ ਜ਼ੈਲ ਹੁੰਦੀ ਸੀ। ਨਰਿਆਲਾ 'ਚ ਸਫ਼ੈਦਪੋਸ਼ ਕਿਸ਼ਨ ਸਿੰਘ ਹੁੰਦਾ ਸੀ। ਖਿਉਨਕੋਟ, ਦੋ ਜੱਬੋਕੇ, ਰਾਮ ਕੇ, ਦਬੁਰਜੀ, ਦੋ ਨੋਈ ਕੇ, ਚਾਰ ਠੱਟੇ, ਰਾਮਪੁਰ, ਮਰ੍ਹਾਣਾ ਤੇ ਸਰਦਾਰਾਂ ਦਾ ਪਿੰਡ ਸਿੜਿਆਂਵਾਲੀ; ਇਸ ਇਲਾਕੇ 'ਚ ਸੰਧੂਆਂ ਦੇ ਪੈਂਤੀ-ਚਾਲ਼ੀ ਪਿੰਡ ਹੁੰਦੇ ਸਨ।

'ਤੇ ਹੁਣ...' ਉਹਦੇ ਦਿਲ ਦਾ ਰੁੱਗ ਭਰਿਆ ਗਿਆ।

'ਸਤਰਾਅ ਵਾਲੇ ਸੰਧੂ ਦੋ ਪੀੜ੍ਹੀਆਂ ਪਹਿਲਾਂ ਮੁਸਲਮਾਨ ਹੋ ਗਏ ਸਨ। ਓਥੇ ਇੱਕ ਰੁਸਤਮੇ ਹਿੰਦ ਵੀ ਹੋਇਆ। ਸਾਡੇ ਦਾਦੇ ਦਾ ਭਰਾ ਲੱਗਦਾ ਸੀ ਉਹ।'

''ਤੂੰ ਕੀ ਕੰਮ ਕਰਦੈਂ ਬੂੜਿਆ?'' ਇਸ ਸਵਾਲ ਨੇ ਬੂੜੇ ਦੀਆਂ ਸੋਚਾਂ ਦੀ ਲੜੀ ਤੋੜ ਦਿੱਤੀ।

''ਐਮਐਸਸੀ ਕਰ ਕੇ ਮੈਂ ਖੇਤੀ-ਬਾੜੀ ਮਹਿਕਮੇ 'ਚ ਨੌਕਰ ਹੋ ਗਿਆ ਸੀ। ਪਾਉਂਟਾ ਸਾਹਿਬ ਤੋਂ ਚੰਬੇ ਤੱਕ, ਕਾਂਗੜਾ, ਕੁੱਲੂ ਤੇ ਅਗਾਂਹ ਲਹੌਲ ਸਪੀਤੀ ਤੱਕ ਮੇਰੀ ਡਿਊਟੀ ਹੁੰਦੀ ਸੀ। ਮਹਿਕਮੇ ਨੇ ਮੈਨੂੰ ਪੰਦਰਾਂ ਬੰਦੇ, ਦੋ ਤੰਬੂ ਤੇ ਇੱਕ ਗੰਨ ਦਿੱਤੀ ਹੋਈ ਸੀ। ਮੈਂ ਸਰਵੇਅ ਕਰਦਾ ਹੁੰਦਾ ਸੀ ਕਿ ਕਿੱਥੇ-ਕਿੱਥੇ ਸ਼ਹਿਦ ਦੀਆਂ ਮੱਖੀਆਂ ਰੱਖੀਆਂ ਜਾ ਸਕਦੀਆਂ ਨੇ। ਅਸੀਂ ਸ਼ਹਿਦ ਵਾਲੇ ਫੁੱਲ ਲੱਭਦੇ ਹੁੰਦੇ ਸੀ। ਓਥੇ ਮੇਰਾ ਦਿਲ ਨਹੀਂ ਲੱਗਿਆ। ਉਹ ਨੌਕਰੀ ਮੈਂ ਛੱਡ ਦਿੱਤੀ। ਦਰਅਸਲ, ਮੈਂ ਅੰਦਰੋਂ ਟੁੱਟਿਆ ਹੋਇਆ ਸਾਂ। ਮੈਂ ਚਿੱਠੀਆਂ 'ਚ ਤੈਨੂੰ ਦਿਲ ਦਾ ਸਾਰਾ ਹਾਲ ਦੱਸਦਾ ਤਾਂ ਰਿਹਾਂ। ਤੇਰੇ ਪਤੇ

# ਇੱਕ ਸੀ ਨਜੀਬਾਂ!

ਸਾਂਵਲ ਧਾਮੀ

’ਤੇ ਨਜੀਬਾਂ ਨੂੰ ਵੀ ਚਿੱਠੀਆਂ ਲਿਖਦਾ ਰਿਹਾਂ। ਉਹਦਾ ਕਦੇ ਕੋਈ ਜਵਾਬ ਨਾ ਆਇਆ। ਕਿੱਥੇ ਨਿਕਾਹ ਹੋਇਆ ਉਹਦਾ?’’ ਨੌਕਰੀ ਤੋਂ ਸ਼ੁਰੂ ਹੋਈ ਗੱਲ ਨਜੀਬਾਂ ਦੇ ਨਿਕਾਹ ’ਤੇ ਮੁਕ ਗਈ ਸੀ।

‘‘ਪਤਾ ਨਹੀਂ!’’ ਨਿੱਕਾ ਜਿਹਾ ਉੱਤਰ ਦੇ ਕੇ ਅਨਵਰ ਚੁੱਪ ਹੋ ਗਿਆ ਸੀ।

‘ਨਜੀਬਾ…’ ਬੂੜੇ ਨੇ ਸੋਚਿਆ।

‘…ਮੈਨੂੰ ਆਖਦੀ ਹੁੰਦੀ ਸੀ- ਮੈਂ ਕੁਰਆਨ ਬਗ਼ੈਰ ਨਹੀਂ ਜੀ ਸਕਦੀ। ਮੈਂ ਉਹਦੇ ਨਾਲ ਵਾਅਦਾ ਕੀਤਾ ਸੀ ਕਿ ਮੈਂ ਉਹਨੂੰ ਲਹੌਰ ਤੋਂ ਕੁਰਆਨ ਸ਼ਰੀਫ਼ ਲਿਆ ਕੇ ਦੇਵਾਂਗਾ। ਉਹ ਦਿਨ ਕਦੇ ਨਾ ਆਇਆ। ਫਿਰ ਜਦੋਂ ਅਸੀਂ ਜੰਡਿਆਲੇ ਪਹੁੰਚੇ…’

ਉਹਨੂੰ ਯਾਦ ਆਇਆ।

‘ਮੈਂ ਸਵੇਰੇ ਘਰੋਂ ਨਿਕਲ ਜਾਂਦਾ ਤੇ ਮੁਸਲਮਾਨਾਂ ਦੇ ਉੱਜੜੇ ਘਰਾਂ ਦੀ ਫਰੋਲਾ-ਫਰਾਲੀ ਕਰਦਾ ਰਹਿੰਦਾ। ਇੱਕ ਘਰ ’ਚੋਂ ਮੈਨੂੰ ਕੁਰਆਨ ਸ਼ਰੀਫ਼ ਦੀਆਂ ਤਿੰਨ-ਚਾਰ ਜਿਲਦਾਂ ਮਿਲੀਆਂ ਸਨ। ਉਨ੍ਹਾਂ ਨੂੰ ਸਿਰ ’ਤੇ ਚੁੱਕੀ ਮੈਂ ਜਰਨੈਲੀ ਸੜਕ ’ਤੇ ਪਹੁੰਚ ਗਿਆ ਸੀ। ਇਸ ਸੜਕ ਉੱਤੋਂ ਅੰਮ੍ਰਿਤਸਰ ਵੱਲ ਨੂੰ ਮੁਸਲਮਾਨਾਂ ਦੇ ਬਹੁਤ ਕਾਫ਼ਲੇ ਲੰਘਦੇ ਹੁੰਦੇ ਸੀ। ਉਨ੍ਹਾਂ ਨਾਲ ਬਲੋਚ ਰਜਮੈਂਟ ਹੁੰਦੀ ਸੀ। ਉਨ੍ਹਾਂ ਬੰਦੂਕਾਂ ਦੀਆਂ ਨਾਲੀਆਂ ਮੇਰੇ ਵੱਲ ਕਰ ਦਿੱਤੀਆਂ। ਮੈਂ ਹੱਥ ਖੜ੍ਹਾ ਕਰ ਕੇ ਕਿਹਾ- ਤੁਸੀਂ ਮੇਰੀ ਗੱਲ ਤਾਂ ਸੁਣ ਲਓ। ਉਨ੍ਹਾਂ ਇਸ਼ਾਰੇ ਨਾਲ ਮੈਨੂੰ ਕੋਲ ਸੱਦਿਆ। ਮੈਂ ਉਹ ਜਿਲਦਾਂ ਉਨ੍ਹਾਂ ਦੇ ਸਪੁਰਦ ਕਰ ਦਿੱਤੀਆਂ ਸੀ।’

ਗੱਲਾਂ ਅਤੇ ਸੋਚਾਂ ਦਾ ਸਿਲਸਿਲਾ ਜਾਰੀ ਸੀ ਕਿ ਬੱਸ ਐਮਨਾਬਾਦ ਪਹੁੰਚ ਗਈ। ਓਥੋਂ ਅਨਵਰ ਨੇ ਕਿਸੇ ਦਾ ਸਾਈਕਲ ਲਿਆ ਤੇ ਉਹ ਪਿੰਡ ਵੱਲ ਨੂੰ ਚੱਲ ਪਏ। ਪਿੰਡ ਦੀ ਜੂਹ ਲੰਘਦਿਆਂ ਉਨਾਂ ਵੇਖਿਆ ਕਿ ਚੌਂਕੀਦਾਰ ਨਵਾਬ ਨੂੰ ਕੁਝ ਬੰਦੇ ਥੱਪੜ ਮਾਰ ਰਹੇ ਨੇ। ਬੂੜਾ ਤੇ ਅਨਵਰ ਵੀ ਉਨ੍ਹਾਂ ਕੋਲ ਪਹੁੰਚ ਗਏ। ਬੂੜੇ ਨੂੰ ਪਛਾਣਦਿਆਂ ਨਵਾਬ ਅੱਧ-ਰੋਂਦੀ ਅਵਾਜ਼ ’ਚ ਬੋਲਿਆ- ਤੁਹਾਡੇ ਬਗ਼ੈਰ ਸਾਡਾ ਕੀ ਹਾਲ ਆ, ਵੇਖ ਲਓ ਸਰਦਾਰੋ। ਤੁਹਾਡੇ ਹੁੰਦਿਆਂ ਅਸੀਂ ਸਾਰੇ ਪਿੰਡ ਦੇ ਮਾਲਕ ਹੁੰਦੇ ਸਾਂ। ਜਿੱਥੋਂ ਦਿਲ ਕਰਦਾ, ਪੱਠੇ ਵੱਢ ਲੈਂਦੇ ਸਾਂ।

ਬੂੜਾ ਥੱਪੜ ਮਾਰਨ ਵਾਲਿਆਂ ਨੂੰ ਮੁਖ਼ਾਤਬ ਹੋਇਆ- ‘ਨਵਾਬ ਤਾਂ ਕਿਸੇ ਵੀ ਘਰੋਂ ਚੀਜ਼ ਚੁੱਕ ਕੇ ਲੈ ਜਾਂਦਾ ਤਾਂ ਇਹਨੂੰ ਕੋਈ ਨਹੀਂ ਸੀ ਰੋਕਦਾ ਹੁੰਦਾ। ਇਹ ਸਾਡਾ ਰਖਵਾਲਾ ਹੁੰਦਾ ਸੀ। ਜੇ ਇਹ ਪੱਠਿਆਂ ਦੀ ਮੁੱਠ ਲੈ ਚੱਲਾ ਤਾਂ ਕਿਹੜੀ ਕਿਆਮਤ ਆ ਚੱਲੀ ਏ?’

ਨਵਾਬ ਵੀ ਅੱਖਾਂ ਪੂੰਝਦਾ ਉਨ੍ਹਾਂ ਨਾਲ ਪਿੰਡ ਵੱਲ ਨੂੰ ਤੁਰ ਪਿਆ ਸੀ। ਬੂੜੇ ਨੇ ਸਾਰਾ ਪਿੰਡ ਘੁੰਮਿਆ ਸੀ। ਆਪਣਾ ਘਰ ਵੇਖਿਆ। ਉਹ ਥਾਂ ਵੀ ਵੇਖੀ ਜਿੱਥੇ ਉਹਦੇ ਬਾਪੂ ਦਾ ਸਸਕਾਰ ਕੀਤਾ ਸੀ। ਪਿੰਡ ਦੇ ਤਿੰਨੋਂ ਖੂਹ ਵੇਖੇ। ਪੁਰਾਣੇ ਦਰੱਖ਼ਤ ਵੇਖੇ। ਉਹ ਫੀਦੇ ਦਰਜ਼ੀ ਦੇ ਘਰ ਵੀ ਗਿਆ। ਓਥੇ ਹੁਣ ਚੜ੍ਹਦੇ ਪੰਜਾਬ ਤੋਂ ਗਏ ਮੁਸਲਮਾਨ ਵੱਸ ਰਹੇ ਸਨ।

ਚਾਣਚਕ ਉਹਨੂੰ ਤਾਈ ਸਲਾਮਤੇ ਮਿਲ ਗਈ। ਉਹ ਬੂੜੇ ਨੂੰ ਜੱਫੀ ਪਾ ਕੇ ਮਿਲੀ। ਇਹ ਟੱਬਰ ਵੀ ਬੂੜੇ ਹੋਰਾਂ ਦਾ ਮੁਜ਼ਾਰਾ ਹੁੰਦਾ ਸੀ। ਇਕ ਵਾਰ ਬੂੜੇ ਨੇ ਇਸ ਬੀਬੀ ਕੋਲੋਂ ਰੋਟੀ ਖਾ ਲਈ ਸੀ ਤੇ ਇਹਨੂੰ ਮਾਂ ਕੋਲੋਂ ਬਹੁਤ ਝਿੜਕਾਂ ਪਈਆਂ ਸਨ।

‘‘ਤਾਈ, ਨਜੀਬਾਂ ਦਾ ਪਤਾ ਕਿ ਉਹਦਾ ਨਿਕਾਹ ਕਿੱਥੇ ਹੋਇਆ?’’ ਬੂੜੇ ਨੇ ਬੀਬੀ ਸਲਾਮਤੇ ਨੂੰ ਸਵਾਲ ਕੀਤਾ ਤਾਂ ਅਨਵਰ ਉਹਨੂੰ ਬਾਂਹੋਂ ਫੜ ਕੇ ਤੁਰ ਪਿਆ ਸੀ।

‘‘ਸ਼ਾਮ ਹੋ ਗਈ ਏ, ਬੂੜਿਆ। ਅਸੀਂ ਲਹੌਰ ਵੀ ਮੁੜਨਾਂ।’’ ਕੁਝ ਕਦਮ ਪੁੱਟਣ ਤੋਂ ਬਾਅਦ ਅਨਵਰ ਤੋਂ ਬਾਂਹ ਛੁਡਵਾਅ ਕੇ ਬੂੜਾ ਫਿਰ ਤੋਂ ਬੀਬੀ ਸਲਾਮਤੇ ਮੂਹਰੇ ਆਣ ਖੜੋਤਾ ਸੀ।

‘‘ਪੁੱਤਰਾ! ਉਸ ਵਿਚਾਰੀ ਦਾ ਨਿਕਾਹ ਕਿੱਥੇ ਹੋਣਾ ਸੀ। ਉਹ ਤਾਂ ਤੁਹਾਡੇ ਜਾਣ ਤੋਂ ਦੋ ਮਹੀਨਿਆਂ ਬਾਅਦ ਹੀ ਖੂਹੀ ’ਚ ਛਾਲ ਮਾਰ ਕੇ ਮਰ ਗਈ ਸੀ।’’ ਬੀਬੀ ਸਲਾਮਤੇ ਨੇ ਨਿਰਾਸ਼ਾ ’ਚ ਸਿਰ ਮਾਰਦਿਆਂ ਆਖਿਆ ਤਾਂ ਬੂੜੇ ਦਾ ਸਿਰ ਚਕਰਾਅ ਗਿਆ ਸੀ।

ਇਸ ਤੋਂ ਪਹਿਲਾਂ ਕਿ ਬੂੜਾ ਰੋਣ ਲੱਗ ਜਾਂਦਾ, ਅਨਵਰ ਉਹਦਾ ਕਲਾਵਾ ਭਰਦਿਆਂ ਉਹਨੂੰ ਭੀੜ ਤੋਂ ਦੂਰ ਲੈ ਗਿਆ ਸੀ। ਇਸ ਤੋਂ ਬਾਅਦ ਬੂੜਾ ਕੁਝ ਨਹੀਂ ਸੀ ਬੋਲਿਆ। ਉਹ ਐਮਨਾਬਾਦ ਵੱਲ ਮੁੜ ਪਏ ਸਨ।

‘‘ਇਹ ਕਿਵੇਂ ਹੋ ਗਿਆ?’’ ਬੂੜੇ ਨੇ ਚੁੱਪ ਤੋੜੀ ਸੀ।

‘‘ਉਹਦੇ ਘਰ ਦੇ ਨਿਕਾਹ ਲਈ ਜ਼ੋਰ ਪਾਉਂਦੇ ਸੀ। ਪਰ ਉਹਨੂੰ ਭਰਮ ਸੀ ਕਿ ਤੁਸੀਂ ਮੁੜ ਆਉਣਾ।’’ ਅਨਵਰ ਨੇ ਆਖਿਆ ਸੀ।

‘‘ਤੂੰ ਮੈਨੂੰ ਦੱਸਿਆ ਕਿਉਂ ਨਹੀਂ?’’ ਬੂੜੇ ਨੇ ਰੋਂਦੇ ਹੋਏ ਪੁੱਛਿਆ।

‘‘ਤੁਸੀਂ ਤਾਂ ਪਹਿਲਾਂ ਹੀ ਉੱਜੜੇ ਹੋਏ ਸੀ। ਜੇ ਮੈਂ ਨਜੀਬਾਂ ਦੀ ਮੌਤ ਬਾਰੇ ਦੱਸਦਾ ਤਾਂ ਤੇਰਾ ਦਿਲ ਟੁੱਟ ਜਾਣਾ ਸੀ। ਇਸ ਕਰਕੇ ਮੈਂ…’’ ਅਨਵਰ ਨੇ ਉਦਾਸ ਸੁਰ ’ਚ ਆਖਿਆ ਸੀ।

ਉਸ ਰਾਤ ਉਹ ਐਮਨਾਬਾਦ ਰਹੇ। ਅਗਲੀ ਸਵੇਰ ਉਹ ਲਹੌਰ ਆ ਗਏ। ਇੱਥੇ ਆ ਕੇ ਪਹਿਲਾਂ ਥਾਣੇ ’ਚ ਹਾਜ਼ਰੀ ਲਗਵਾਈ। ਬੂੜਾ ਦੋ ਦਿਨ ਅਨਵਰ ਕੋਲ਼ ਰਿਹਾ। ਉਹ ਨਿਰੰਤਰ ਪਿੰਡ ਦੀਆਂ ਗੱਲਾਂ ਕਰਦੇ ਰਹੇ। ਮੁੜ-ਮੁੜ ਰੋਂਦੇ ਰਹੇ। ਚੌਥੇ ਦਿਨ ਜਦੋਂ ਉਹ ਅਨਵਰ ਦੇ ਘਰੋਂ ਤੁਰਨ ਲੱਗਾ ਤਾਂ ਉਹਨੇ ਆਪਣੇ ਝੋਲੇ ’ਚੋਂ ਕੱਪੜਿਆਂ ’ਚ ਲਪੇਟਿਆ ਕੁਰਆਨ ਸ਼ਰੀਫ਼ ਕੱਢ ਲਿਆ ਸੀ।

‘‘ਇਹ ਮੈਂ ਨਜੀਬਾਂ ਲਈ ਲੈ ਕੇ ਆਇਆ ਸਾਂ। ਹੁਣ ਤੂੰ ਰੱਖ ਲੈ!’’ ਅਨਵਰ ਨੂੰ ਕੁਰਆਨ ਸ਼ਰੀਫ਼ ਫੜਾਉਂਦਿਆਂ ਉਹਦੀ ਭੁੱਬ ਨਿਕਲ ਗਈ ਸੀ।

# ਬੇਟੀ ਰਾਣੀ
## ਉਮਾ ਤ੍ਰਿਲੋਕ



ਅੱਜ ਲੱਭ ਗਈ ਮੈਨੂੰ
ਮੇਰੀ ਗੁਆਚੀ ਹੋਈ
ਉਹ ਅੱਧ-ਲਿਖੀ ਕਵਿਤਾ
ਜੋ ਮੈਂ ਓਸ ਦਿਨ ਸ਼ੁਰੂ ਕੀਤੀ ਸੀ
ਜਿਸ ਦਿਨ ਤੂੰ ਪੈਦਾ ਹੋਈ ਸੀ

ਤੂੰ ਅਖੀਰ ਖੋਹ ਹੀ ਲਿਆ
ਆਪਣੇ ਜੰਮ ਪੈਣ ਦਾ ਹੱਕ
ਹੁਣ ਤੂੰ ਕਿਲਕਾਰੀਆਂ ਮਾਰਦੀ
ਇੱਕ ਇੱਕ ਕਰ ਕੇ
ਆਪਣੇ ਦੰਦ ਕੱਢਦੀ
ਭਰ ਕੇ ਅੱਖਾਂ ਵਿਚ ਸਿਤਾਰੇ
ਚਿਹਰੇ 'ਤੇ ਰੂਹਾਨੀ ਨੂਰ ਸਜਾਈ
ਤੂੰ ਖਿੜਖਿੜਾਉਂਦੀ ਮੁਸਕ੍ਰਾਂਦੀ
ਮਨ ਵਿਚ ਵਿਸ਼ਵਾਸ ਭਰੀ
ਤਸੱਲੀ ਨਾਲ,
ਉੱਭਰ ਰਹੀ,
ਤੂੰ ਲੰਘ ਆਈ ਹੈਂ
ਖਿਡੌਣਿਆਂ ਤੋਂ ਕਿਤਾਬਾਂ ਤੱਕ
ਕਵਿਤਾਵਾਂ ਤੋਂ ਚਿੱਤ੍ਰਕਾਰੀ ਤੱਕ
ਗੱਲ ਬਾਤ ਤੋਂ ਦਲੀਲਾਂ ਦੇਣ ਤੱਕ
ਇਆਣਪੁਣੇ ਤੋਂ ਬਚਪਨ ਤੱਕ
ਹੌਲੇ ਫੁੱਲ  ਤੋਂ ਗਹਿਰ ਗੰਭੀਰਤਾ
ਤੱਕ
ਆਪਣੇ ਸਫ਼ਰ ਦੇ ਸਾਰੇ ਪੜਾਅ

ਮੇਰੀਏ ਨਿੱਕੀਏ ਬੱਚੀਏ
ਹੁਣ ਤੂੰ
ਇੱਕ ਮੁਟਿਆਰ ਹੈਂ
ਜਵਾਨੀ ਨੂੰ ਫਬਤ
ਅਤੇ ਜੋਸ਼ ਨੂੰ ਧੀਰਜ ਦਿੰਦੀ ਹੋਈ
ਤੂੰ
ਬਣ ਗਈ ਹੈਂ
ਇੱਕ ਸੁਲਝੀ ਵਿਦਵਾਨ
ਮੰਨੀ ਪਰਮੰਨੀ ਲੇਖਿਕਾ
ਇੱਕ ਕਵਿੱਤ੍ਰੀ
ਗਾਇਕਾ
ਇੱਕ ਕਮਾਲ ਦੀ ਵੱਖਰੀ
ਖ਼ਾਸ-ਉਲ-ਖ਼ਾਸ ਸ਼ਖ਼ਸੀਅਤ
ਆਦਰਸ਼,
ਪ੍ਰੇਰਣਾ
ਮੁਸਕ੍ਰਾਅ ਦਿੰਦੀ ਹੈਂ ਜਦ
ਖਿੜ ਜਾਂਦਾ ਹੈ ਘਰ-ਬਾਹਰ
ਅੰਦਰ ਹੱਥਾਂ ਵਿਚ ਲਈ ਕਾਬਲੀਅਤ
ਅਤੇ ਅੱਖਾਂ ਵਿਚ ਸੁਫ਼ਨੇ
ਹੁਕਮ ਦੇਣ ਨੂੰ ਤੂੰ ਰਤਾ ਕੁ ਝੁਕਦੀ
ਹੈਂ
ਅਤੇ ਫੇਰ ਉੱਠਦੀ ਹੈਂ
ਤੁਅੱਸਬ
ਘਿਰਣਾ
ਵਿਤਕਰਾ
ਪੱਖਪਾਤ
ਮਿਟਾਉਣ ਨੂੰ ਆਪਣੀ ਰੀੜ੍ਹ 'ਚ
ਇਸਪਾਤ ਭਰੀ
ਤੂੰ ਹੈਂ ਬਲ, ਸ਼ਕਤੀ, ਹੁੱਲਾਸ ਅਤੇ
ਕੋਸ਼ਿਸ਼

ਮੈਂ ਵੇਖਦੀ ਹਾਂ ਤੁਧ ਵਿਚ ਦੁਰਗਾ,
ਸਰਸਵਤੀ,
ਗੌਰੀ,
ਲਕਸ਼ਮੀ
ਕਲਪਨਾ,
ਨਿਰਮਲਾ
ਅਤੇ ਸਰੋਜਿਨੀ ਵੀ
ਬਦਲ ਦਿੱਤਾ ਜਿਨ੍ਹਾਂ ਨੇ
ਸਮੇਂ ਦੇ ਵਹਾਅ ਨੂੰ
ਹੁਣ ਮੈਂ ਚੁੱਪ ਹਾਂ
ਸ਼ਾਂਤ ਹਾਂ
ਸੰਤੋਖ ਵਿਚ ਹਾਂ
ਕਿਉਂਕਿ ਹੁਣ ਪੂਰੀ ਹੋ ਗਈ ਮੇਰੀ
ਅਧ-ਲਿਖੀ ਕਵਿਤਾ।



# ਸਾਹ ਲੈਣ ਦਾ ਲਾਲਚ

ਉਹ ਮੈਨੂੰ ਹਰ ਰੋਜ਼ ਮਿਲਦਾ ਹੈ।
ਉਹ
ਦੁੱਖਾਂ ਦੀ ਉਹੀ ਕਹਾਣੀ
ਸਾਂਝੀ ਕਰਦਾ ਹੈ।

ਜ਼ਿੰਦਗੀ ਦੇ ਤਸੀਹਿਆਂ ਤੋਂ ਤੰਗ
ਆ ਕੇ
ਉਹ
ਮੌਤ ਦੇ ਝੂਲਿਆਂ ਦਾ
ਅਨੰਦ ਮਾਣਨਾ ਚਾਹੁੰਦਾ ਹੈ।

ਜਦੋਂ ਉਹ ਕਬਰ ਕਿਨਾਰੇ
ਖੜ੍ਹਾ ਹੁੰਦਾ ਹੈ
ਉਹ ਸੋਚਦਾ ਹੈ
ਪਿਛਲੀਆਂ ਫ਼ਿਲਮਾਂ ਦੀ ਇੱਕ ਲੜੀ
ਉਸਨੂੰ ਘੇਰ ਲੈਂਦੀ ਹੈ।

ਫਿਰ ਜ਼ਿੰਦਗੀ ਦਾ ਲਾਲਚ
ਚੁੱਕ ਕੇ ਤੁਰਦਾ ਹੈ
ਅਤੇ ਉਸਦੇ ਪਿੱਛੇ ਲੁਕ ਜਾਂਦਾ ਹੈ।
ਅਤੇ ਉਸਨੂੰ ਕੱਸ ਕੇ ਫੜ ਲੈਂਦਾ ਹੈ
ਅਤੇ ਉਸਨੂੰ ਪਿੱਛੇ ਖਿੱਚ ਲੈਂਦਾ ਹੈ।

ਅਗਲੇ ਦਿਨ, ਉਹੀ ਕਹਾਣੀ
ਉਹ ਹੌਲੀ-ਹੌਲੀ ਤੁਰਦਾ ਹੈ
ਅਤੇ ਮੇਰੇ ਕੋਲ ਆਉਂਦਾ ਹੈ
ਅਤੇ ਮੇਰੇ ਸਾਹਮਣੇ ਖੜ੍ਹਾ ਹੁੰਦਾ ਹੈ।

ਉਹ ਦੱਸਦਾ ਹੈ
ਦੁੱਖਾਂ ਦੀ ਉਹੀ ਪੁਰਾਣੀ ਕਹਾਣੀ।

**ਸੱਯਦ ਆਸਿਫ਼ ਸ਼ਾਹਕਾਰ**

# ਸੁਚੱਜੀ ਔਰਤ

**ਪਿਛਲੇ** ਕਈ ਵਰ੍ਹਿਆਂ ਤੋਂ ਮੈਂ ਸੰਤਾਲ਼ੀ ਦੇ ਚਸ਼ਮਦੀਦ ਗਵਾਹਾਂ ਨੂੰ ਮਿਲ਼ ਰਿਹਾਂ। ਮੈਂ ਇਸ ਮਹਾਂ ਉਜਾੜੇ ਨਾਲ ਜੁੜੀਆਂ ਹਜ਼ਾਰਾਂ ਕਹਾਣੀਆਂ ਸੁਣੀਆਂ ਨੇ। ਕਿਸੇ ਨੇ ਘਰ ਛੱਡਦਿਆਂ ਘਰ ਨੂੰ ਅੱਗ ਲਗਾ ਦਿੱਤੀ ਤਾਂ ਜੋ ਉਹਨਾਂ ਦੇ ਉਸਾਰੇ ਘਰ ’ਚ ਕੋਈ ਹੋਰ ਨਾ ਵਸ ਸਕੇ। ਕਿਸੇ ਪਿੰਡ ਛੱਡਦਿਆਂ ਹੱਥੀਂ ਲਗਾਏ ਬਾਗ਼ ਛਾਂਗ ਸੁੱਟੇ ਤਾਂ ਜੋ ਉਹਨਾਂ ਬਾਗ਼ਾਂ ਦਾ ਫ਼ਲ ਕੋਈ ਹੋਰ ਨਾ ਖਾ ਸਕੇ।

ਅੱਜ ਵਾਲ਼ੀ ਕਹਾਣੀ ਬੜੀ ਅਨੋਖੀ ਏ। ਇਹ ਕਹਾਣੀ ਮੈਨੂੰ ਕੈਨੇਡਾ ਦੇ ਸ਼ਹਿਰ ਟੋਰਾਂਟੋ ’ਚ ਵੱਸਦੇ ਬਾਬਰ ਨਸਰੁੱਲਾ ਖਾਂ ਸਾਹੀ ਹੋਰਾਂ ਸੁਣਾਈ ਸੀ।

ਸੰਤਾਲ਼ੀ ਤੋਂ ਕਰੀਬ ਦੋ ਵਰ੍ਹੇ ਬਾਅਦ ਦੀ ਗੱਲ ਏ। ਉੱਜੜੇ ਲੋਕ ਜ਼ਰਾ ਟਿਕ ਜ਼ਰੂਰ ਗਏ ਸਨ। ਉਹਨਾਂ ਨੂੰ ਮੁੜ ਤੋਂ ਵਸਣ ਲਈ ਤਾਂ ਸ਼ਾਇਦ ਜ਼ਿੰਦਗੀ ਵੀ ਥੋੜ੍ਹੀ ਸੀ।

ਸਿਆਲਕੋਟੀਆਂ ਨੂੰ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਮਿਲ਼ੇ ਸਨ। ਸਿਆਲਕੋਟ ਦੀ ਤਹਿਸੀਲ ਡਸਕੇ ਦੇ ਬਹੁਤੇ ਬਸ਼ਿੰਦੇ ਬਟਾਲੇ ਨੇੜਲੇ ਕਸਬੇ ਕਾਦੀਆਂ ’ਚ ਆਣ ਬੈਠੇ ਸਨ।

ਪਾਕਿਸਤਾਨ ਦੇ ਪਹਿਲੇ ਵਿਦੇਸ਼ ਮੰਤਰੀ ਚੌਧਰੀ ਸਰ ਮੁਹੰਮਦ ਜ਼ਫ਼ਰੁੱਲਾ ਖਾਂ ਸਾਹੀ ਕਾਦੀਆਂ ਆਏ। ਉਹ ਜਿਸ ਗੈਸਟ ਹਾਊਸ ’ਚ ਠਹਿਰੇ ਹੋਏ ਸਨ, ਉਸ ਦੇ ਮੁੱਖ ਦਰਵਾਜ਼ੇ ’ਤੇ ਇਕ ਔਰਤ ਆਈ। ਉਹ ਸਾਹੀ ਹੋਰਾਂ ਨੂੰ ਮਿਲਣਾ ਚਾਹੁੰਦੀ ਸੀ। ਸੰਤਰੀ ਨੇ ਹੈਰਾਨੀ ਨਾਲ ਪੁੱਛਿਆ– ਬੀਬੀ ਤੂੰ ਮੰਤਰੀ ਸਾਹਿਬ ਨੂੰ ਜਾਣਦੀ ਏਂ?

“ਉਹ ਮੇਰੇ ਦਿਓਰ ਜੀ ਨੇ, ਪੁੱਤਰੋ!” ਔਰਤ ਨੇ ਮਾਣ ਨਾਲ ਮੁਸਕਰਾਉਂਦਿਆਂ ਜਵਾਬ ਦਿੱਤਾ।

ਓਥੇ ਮੌਜੂਦ ਬਹੁਤੇ ਲੋਕ ਹੱਸ ਪਏ।

ਹਾਜ਼ਰ ਲੋਕਾਂ ’ਚੋਂ ਇਕ ਬਜ਼ੁਰਗ ਚਾਣਚੱਕ ਸਾਹਮਣੇ ਆਉਂਦਿਆਂ ਬੋਲਿਆ– ਮੈਂ ਵੀ ਡਸਕੇ ਤੋਂ ਉੱਜੜ ਕੇ ਆਇਆਂ। ਤੁਸੀਂ ਨਹੀਂ ਜਾਣਦੇ ਕਿ ਇਹ ਔਰਤ ਕੌਣ ਏਂ ! ਅਗਰ ਚੌਧਰੀ ਸਾਹਿਬ ਨੂੰ ਪਤਾ ਲੱਗ ਗਿਆ ਕਿ ਤੁਸੀਂ ਉਹਨਾਂ ਦੀ ਭਰਜਾਈ ਨੂੰ ਮਿਲਣ ਨਹੀਂ ਦਿੱਤਾ ਤਾਂ ਤੁਹਾਡੀ ਸ਼ਾਮਤ ਆ ਜਾਏਗੀ।



https://lauracampguasp.weebly.com/female-aged-make-up.html

ਪੁਲਸ ਵਾਲ਼ੇ ਸੋਚੀਂ ਪੈ ਗਏ। ਉਹਨਾਂ ਵਿਚਕਾਰਲਾ ਰਾਹ ਲੱਭ ਲਿਆ। ਉਹਨਾਂ ਉਸ ਔਰਤ ਦਾ ਨਾਂ-ਪਤਾ ਕਾਗ਼ਜ਼ ਦੇ ਟੁਕੜੇ ’ਤੇ ਲਿਖ ਲਿਆ ਤੇ ਉਸਨੂੰ ਕਿਹਾ, “ਮਾਤਾ ਜੀ ਤੁਸੀਂ ਘਰ ਜਾਓ। ਤੁਹਾਡਾ ਸੁਨੇਹਾ ਮੰਤਰੀ ਹੋਰਾਂ ਤੱਕ ਪਹੁੰਚ ਜਾਏਗਾ। ਅਗਰ ਉਹ ਮਿਲਣਾ ਚਾਹੁਣਗੇ ਤਾਂ ਅਸੀਂ ਤੁਹਾਨੂੰ ਬੁਲਾਅ ਲਵਾਂਗੇ।”

ਉਹ ਔਰਤ ਚੁਪ ਚਾਪ ਓਥੋਂ ਚਲੀ ਗਈ।

ਥੋੜ੍ਹੀ ਦੇਰ ਬਾਅਦ ਸਿਪਾਹੀਆਂ ਆਪਣੇ ਅਫ਼ਸਰ ਨਾਲ ਗੱਲ ਕੀਤੀ। ਉਹ ਪੁਲਸ ਅਫ਼ਸਰ ਮੰਤਰੀ ਹੋਰਾਂ ਕੋਲ ਪਹੁੰਚਿਆ। ਉਹਨਾਂ ਨੂੰ ਦੱਸਿਆ ਕਿ ਕੋਈ ਔਰਤ ਤੁਹਾਨੂੰ ਮਿਲਣਾ ਚਾਹੁੰਦੀ ਹੈ। ਮੰਤਰੀ ਹੋਰਾਂ ਉਸ ਔਰਤ ਦਾ ਨਾਂ ਪੁੱਛਿਆ ਤਾਂ ਅਫ਼ਸਰ ਬੋਲਿਆ– ਸੁਣਿਆ ਹੈ ਕਿ ਉਹ ਡਸਕੇ ਦੇ ਜ਼ੈਲਦਾਰ ਤਾਰਾ ਸਿੰਘ ਦੀ ਪਤਨੀ ਏ।

ਇਹ ਸੁਣਦਿਆਂ ਮੰਤਰੀ ਹੋਰੀਂ ਉੱਠ ਖੜੋਤੇ।

“ਅਗਰ ਤੁਹਾਡਾ ਹੁਕਮ ਹੋਵੇ ਤਾਂ ਉਹਨੂੰ ਘਰੋਂ ਬੁਲਾਅ ਲੈਂਦੇ ਆਂ।” ਅਫ਼ਸਰ ਨੇ ਘਬਰਾਉਂਦਿਆਂ ਪੁੱਛਿਆ।

“ਕੀ ਕਹਿ ਰਹੇ ਹੋ?...” ਜ਼ਫ਼ਰੁੱਲਾ ਖਾਂ ਸਾਹੀ ਨੇ ਉਦਾਸੀ ਭਰੀ ਤਲਖ਼ੀ ’ਚ ਗੱਲ ਸ਼ੁਰੂ ਕੀਤੀ।

“...ਮੇਰੇ ਵੱਡੇ ਭਰਾ ਸੀ। ਤਾਰਾ ਸਿੰਘ ਦੀ ਬੇਗਮ ਮੈਨੂੰ ਮਿਲਣ ਲਈ ਆਏਗੀ? ਇਹ ਕਿਵੇਂ ਹੋ ਸਕਦਾ ਹੈ! ਮੈਂ ਖ਼ੁਦ ਉਹਨਾਂ ਨੂੰ ਮਿਲਣ ਜਾਵਾਂਗਾ। ਮੈਨੂੰ ਉਹਨਾਂ ਦੇ ਘਰ ਲੈ ਚੱਲੋ।”

ਸੁਰੱਖਿਆ ਦਸਤਾ ਸਰਗਰਮ ਹੋ ਗਿਆ। ਗੱਡੀ ਸਟਾਰਟ ਹੋ ਗਈ। ਸਾਹੀ ਹੋਰਾਂ ਆਖਿਆ ਕਿ ਉਹ ਆਪਣੀ ਭਰਜਾਈ ਨੂੰ ਮੰਤਰੀ ਦੀ ਹੈਸੀਅਤ ’ਚ ਨਹੀਂ ਸਗੋਂ ਦਿਓਰ ਦੀ ਹੈਸੀਅਤ ’ਚ ਮਿਲਣ ਲਈ ਜਾਣਾ ਚਾਹੁੰਦੇ ਨੇ। ਇਸ ਲਈ ਉਹ ਤੁਰ ਕੇ ਜਾਣਗੇ।

ਤੁਰਦੇ-ਤੁਰਦੇ ਉਹ ਉਸ ਔਰਤ ਦੇ ਘਰ ਮੂਹਰੇ ਪਹੁੰਚ ਗਏ। ਅਫ਼ਸਰ ਦਰਵਾਜ਼ੇ ’ਤੇ ਦਸਤਕ ਦੇਣ ਲੱਗਾ ਤਾਂ ਸਾਹੀ ਹੋਰਾਂ ਉਹਨੂੰ ਹੱਥ ਦੇ ਇਸ਼ਾਰੇ ਨਾਲ ਰੋਕ ਦਿੱਤਾ। ਉਹਨਾਂ ਖ਼ੁਦ ਦਸਤਕ ਦਿੱਤੀ। ਕੁਝ ਪਲਾਂ ਬਾਅਦ ਇਕ ਬੁੱਢੀ ਔਰਤ ਨੇ ਦਰਵਾਜ਼ਾ ਖੋਲ੍ਹਿਆ। ਸਾਹਮਣੇ ਚੌਧਰੀ ਸਰ ਮੁਹੰਮਦ ਜ਼ਫ਼ਰੁੱਲਾ ਖਾਂ ਸਾਹੀ ਨੂੰ ਖੜੋਤਾ ਵੇਖਿਆਂ ਤਾਂ ਉਹ ਖ਼ੁਸ਼ੀ ’ਚ ਰੋ ਪਈ। ਉਹਨੇ ਮੰਤਰੀ ਹੋਰਾਂ ਦਾ ਕਲ਼ਾਵਾ ਭਰਿਆ ਤੇ ਬੱਚਿਆਂ ਵਾਂਗ ਡੁਸਕਣ ਲੱਗੀ।

ਕੁਝ ਪਲਾਂ ਬਾਅਦ ਉਹ ਸੰਭਲੀ ਤੇ ਸਾਹੀ ਹੋਰਾਂ ਨੂੰ ਮੰਜੇ ’ਤੇ ਬੈਠਣ ਲਈ ਆਖਿਆ।

ਸਾਹੀ ਹੋਰਾਂ ਖ਼ਸਤਾ ਹਾਲ ਮਕਾਨ ਦਾ ਜਾਇਜ਼ਾ ਲਿਆ। ਤਾਰਾ ਸਿੰਘ ਦੀ ਡਸਕੇ

ਵਾਲ਼ੀ ਮਹਿਲ-ਨੁਮਾ ਹਵੇਲੀ ਨੂੰ ਯਾਦ ਕੀਤਾ। ਇਕ ਠੰਢਾ ਹਉਕਾ ਭਰਿਆ ਤੇ ਅਲਾਣੇ ਮੰਜੇ 'ਤੇ ਬੈਠ ਗਏ।

ਔਰਤ ਨੇ ਅੱਖਾਂ ਪੂੰਝੀਆਂ। ਸਾਹੀ ਹੋਰਾਂ ਦੇ ਘਰ-ਪਰਿਵਾਰ ਦਾ ਹਾਲ ਪੁੱਛਿਆ। ਆਪਣੇ ਉੱਜੜ ਕੇ ਆਉਣ ਦੀ ਵਿਥਿਆ ਸੁਣਾਈ। ਕੁਝ ਦੇਰ ਉਹ ਦੋਵੇਂ ਭਰੇ ਦਿਲ ਅਤੇ ਅੱਖਾਂ ਨਾਲ ਬੀਤੇ ਦੀ ਰਾਖ਼ ਨੂੰ ਫ਼ਰੋਲਦੇ ਰਹੇ। ਫਿਰ ਉਹ ਔਰਤ ਉੱਠ ਪਈ।

ਉਸ ਔਰਤ ਨੇ ਚੁੱਲ੍ਹੇ 'ਚ ਅੱਗ ਬਾਲੀ। ਦੁੱਧ ਗਰਮ ਕੀਤਾ। ਕੰਗਣੀ ਵਾਲ਼ਾ ਗਲਾਸ ਨੱਕੋ-ਨੱਕ ਭਰਿਆ ਤੇ ਸਾਹੀ ਹੋਰਾਂ ਨੂੰ ਫੜਾਅ ਦਿੱਤਾ। ਸਾਹੀ ਹੋਰੀਂ ਖਾਣ-ਪੀਣ ਦੇ ਪੂਰੇ-ਪੂਰੇ ਪਬੰਦ ਵਿਅਕਤੀ ਸਨ। ਉਹਨਾਂ ਕੁਝ ਦੇਰ ਪਹਿਲਾਂ ਦੁਪਹਿਰ ਦਾ ਖਾਣਾ ਖਾਧਾ ਸੀ। ਪਰ ਉਹ ਆਪਣੀ ਭਰਜਾਈ ਨੂੰ ਨਾਂਹ ਨਹੀਂ ਸਨ ਕਰ ਸਕਦੇ। ਉਹਨਾਂ ਪਹਿਲੇ ਘੁੱਟ 'ਚ ਮਹਿਸੂਸ ਕਰ ਲਿਆ ਸੀ ਕਿ ਦੁੱਧ ਡਾਢਾ ਮਿੱਠਾ ਏ। ਉਹ ਸ਼ੂਗਰ ਦੇ ਮਰੀਜ਼ ਸਨ ਪਰ ਉਹ ਪੁਰਾਣੀ ਸਾਂਝ ਦਾ ਮਾਣ ਨਹੀਂ ਸਨ ਤੋੜ ਸਕਦੇ। ਉਹਨਾਂ ਦੁੱਧ ਪੀਤਾ ਤੇ ਆਪਣੀ ਭਰਜਾਈ ਨੂੰ ਆਖਿਆ - ਭੈਣ ਮੇਰੀਏ, ਅਗਰ ਤੂੰ ਚਾਹਵੇਂ ਤਾਂ ਮੁੜ ਡਸਕੇ ਆ ਸਕਦੀ ਏਂ। ਤੁਸੀਂ ਜਿਸ ਹਵੇਲੀ ਦੀਆਂ ਚਾਬੀਆਂ ਚੌਧਰੀ ਸ਼ੁਕਰੁੱਲਾ ਖਾਂ ਨੂੰ ਫੜਾਅ ਆਏ ਸੀ, ਉਹ ਹਵੇਲੀ ਅਸੀਂ ਤੁਹਾਡੇ ਲਈ ਮੁੜ ਤੋਂ ਖਾਲੀ ਕਰਵਾਅ ਲਵਾਂਗੇ।

ਬਿਨਾ ਸ਼ੱਕ, ਸਾਹੀ ਹੋਰਾਂ ਲਈ ਇਹ ਸਭ ਕੁਝ ਮੁਮਕਿਨ ਸੀ। ਪਰ ਹੁਣ ਉਸ ਔਰਤ ਦਾ ਡਸਕੇ ਵੱਲ ਪਰਤਣਾ ਗੰਗਾ ਨੂੰ ਹਰਿਦਵਾਰ ਤੋਂ ਗੰਗੋਤਰੀ ਵੱਲ ਮੋੜਨ ਵਾਲੀ ਗੱਲ ਸੀ। ਉਸ ਔਰਤ ਨੇ ਨਾਂਹ ਕਰ ਦਿੱਤੀ। ਲੌਢੇ ਵੇਲੇ ਸਾਹੀ ਹੋਰੀਂ ਆਪਣੇ ਗੈਸਟ-ਹਾਊਸ ਵੱਲ ਮੁੜ ਆਏ।

ਉਸ ਸ਼ਾਮ ਪੰਜਾਬ ਦੇ ਕੁਝ ਮੰਤਰੀਆਂ ਤੇ ਹੋਰ ਮੁਅਜ਼ਜ਼ ਵਿਅਕਤੀਆਂ ਨੇ ਸਾਹੀ ਹੋਰਾਂ ਨੂੰ ਰਾਤ ਦੇ ਖਾਣੇ ਦੀ ਦਾਅਵਤ ਕੀਤੀ ਹੋਈ ਸੀ। ਉਹ ਬੜੇ ਦੇਰ ਸਿਆਸਤ ਦੀਆਂ ਗੱਲਾਂ ਕਰਦੇ ਰਹੇ। ਰਾਤ ਦੇ ਖਾਣੇ ਤੋਂ ਠੀਕ ਪਹਿਲਾਂ ਸਾਹੀ ਹੋਰਾਂ ਆਖਿਆ- ਮੈਂ ਤੁਹਾਨੂੰ ਇਕ ਔਰਤ ਦੀ ਕਹਾਣੀ ਸੁਣਾਉਣੀ ਚਾਹੁੰਦਾ ਹਾਂ।

ਸਾਰੇ ਲੋਕ ਚਾਣਚੱਕ ਖ਼ਾਮੋਸ਼ ਹੋ ਗਏ।

''...ਸਾਡੇ ਡਸਕੇ 'ਚ ਤਿੰਨ ਜ਼ੈਲਦਾਰੀਆਂ ਸਨ।'' ਸਾਹੀ ਹੋਰਾਂ ਕਹਾਣੀ ਸ਼ੁਰੂ ਕੀਤੀ।

''...ਪੁਰਾਣੇ ਡਸਕੇ ਦੇ ਜ਼ੈਲਦਾਰ ਸ. ਤਾਰਾ ਸਿੰਘ ਸਾਹੀ, ਨਵੇਂ ਦੇ ਸ. ਅਮਰ ਸਿੰਘ ਸਾਹੀ ਤੇ ਤੀਸਰੇ ਮੇਰੇ ਅੱਬਾ ਚੌਧਰੀ ਨਸਰੁੱਲਾ ਖਾਂ ਸਾਹੀ ਜ਼ੈਲਦਾਰ ਹੁੰਦੇ ਸਨ। ਇਹ ਤਿੰਨੋਂ ਇੱਕੋ ਖ਼ਾਨਦਾਨ ਨਾਲ ਸੰਬੰਧਤ ਸਨ। ਮੇਰੇ ਪੜਦਾਦੇ ਦਾ ਦਾਦਾ ਨਬਾਈਦਾਰ ਸਿੰਘ ਭੰਗੀਆਂ ਦੇ ਰਾਜ ਵੇਲੇ ਮੁਸਲਮਾਨ ਹੋ ਗਿਆ ਸੀ। ਉਹਦੇ ਭਰਾ ਸਿੱਖ ਹੀ ਰਹੇ ਤੇ ਇਹ ਦੋਵੇਂ ਸਿੱਖ ਜ਼ੈਲਦਾਰ ਅਗਾਂਹ ਉਹਨਾਂ ਦੀ ਔਲਾਦ ਸਨ। ਮਜ਼ਹਬ ਵੱਖਰੇ ਸਨ ਪਰ ਲਹੂ ਇਕ ਸੀ। ਸੋ ਅਸੀਂ ਸਿੱਖ ਸਾਹੀਆਂ ਨਾਲ ਭਰਾਵਾਂ ਵਾਂਗ ਮਿਲਦੇ-ਵਰਤਦੇ ਸਾਂ।

ਸ. ਤਾਰਾ ਸਿੰਘ ਜ਼ੈਲਦਾਰ ਦੀ ਕੋਈ ਔਲਾਦ ਨਹੀਂ ਸੀ। ਉਹ ਪਾਕਿਸਤਾਨ ਬਣਨ ਤੋਂ ਅੱਠ-ਦਸ ਵਰ੍ਹੇ ਪਹਿਲਾਂ ਫ਼ੌਤ ਹੋ ਗਏ ਸਨ। ਮੈਂ ਜਿਸ ਔਰਤ ਦੀ ਕਹਾਣੀ ਤੁਹਾਨੂੰ ਸੁਣਾਉਣ ਜਾ ਰਿਹਾਂ ਉਹ ਤਾਰਾ ਸਿੰਘ ਜੀ ਦੀ ਬੇਗਮ ਏ। ਸੰਤਾਲੀ ਤੱਕ ਉਹ ਤਾਰਾ ਸਿੰਘ ਹੋਰਾਂ ਦੀ ਪੁਸ਼ਤੈਨੀ ਹਵੇਲੀ 'ਚ ਇਕੱਲੀ ਰਹਿੰਦੀ ਰਹੀ। ਓਸ ਹਵੇਲੀ ਦੇ ਦੁਆਲੇ ਬਹੁਤ ਵੱਡਾ ਬਾਗ਼ ਸੀ। ਓਥੇ ਤਾਰਾ ਸਿੰਘ ਹੋਰਾਂ ਦਾ ਇਕ ਬੜਾ ਖ਼ੂਬਸੂਰਤ ਮੁਜੱਸਮਾ (ਬੁੱਤ-ਸੰ.) ਵੀ ਰੱਖਿਆ ਹੁੰਦਾ ਸੀ।

ਸੰਤਾਲ਼ੀ ਦਾ ਅਗਸਤ ਮਹੀਨਾ ਆ ਗਿਆ। ਦੁਨੀਆ ਉੱਜੜ ਰਹੀ ਸੀ। ਉੱਜੜ ਕੇ ਆ ਜਾ ਰਹੇ ਲੋਕ ਨਾ ਤਾਂ ਸਿਰਾਂ 'ਤੇ ਘਰ ਰੱਖ ਕੇ ਲਿਆ ਲਿਜਾਅ ਸਕਦੇ ਸਨ ਨਾ ਘਰਾਂ ਦਾ ਸਾਰਾ ਸਮਾਨ। ਉਹ ਰੋ-ਰੋ ਨਿੱਕੀਆਂ-ਨਿੱਕੀਆਂ ਪੋਟਲੀਆਂ ਬੰਨ੍ਹਦੇ ਪਏ ਸਨ। ਕੋਈ ਟੂੰਮਾਂ, ਕੋਈ ਜ਼ੇਵਰ, ਕੋਈ ਆਪਣੇ ਪਿਆਰੇ ਦੀ ਖ਼ਾਸ ਨਿਸ਼ਾਨੀ। ਜਿਹਨਾਂ ਦਿਨਾਂ 'ਚ ਲੋਕ ਆਪਣੇ ਘਰਾਂ 'ਚੋਂ ਸਭ ਨਾਲ਼ੋਂ ਕੀਮਤੀ ਸਮਾਨ ਸਾਂਭ ਰਹੇ ਸਨ, ਉਸ ਵੇਲੇ ਇਸ ਔਰਤ ਨੇ ਆਪਣੀ ਹਵੇਲੀ 'ਚ ਬੰਦੇ ਸੱਦੇ। ਸਾਰੇ ਘਰ 'ਚ ਮੁਰੰਮਤਾਂ ਕਰਵਾਈਆਂ। ਸਾਰਾ ਘਰ ਸਫ਼ੈਦੀ ਕਰਵਾਇਆ। ਪੇਂਟ ਕਰਵਾਇਆ।'' ਸਾਹੀ ਹੋਰਾਂ ਦੇ ਬੋਲ ਭਾਰੇ ਹੋ ਗਏ। ਉਹ ਕੁਝ ਪਲਾਂ ਲਈ ਚੁੱਪ ਹੋ ਗਏ।

''ਮੈਂ ਇੰਗਲੈਂਡ ਦਾ ਪੜ੍ਹਿਆਂ ਵਾਂ। ਉਂਝ ਵੀ ਮੈਂ ਬੜੀ ਦੁਨੀਆਂ ਘੁੰਮੀ ਏ....'' ਉਹਨਾਂ ਗੱਲ ਅਗਾਂਹ ਤੋਰੀ।

''...ਅੱਜ ਮੈਂ ਤੁਹਾਨੂੰ ਇਕ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਦੁਨੀਆਂ ਦੀ ਸਭ ਨਾਲੋਂ ਸੁਚੱਜੀ ਔਰਤ ਇਸ ਕਸਬੇ ਕਾਦੀਆਂ 'ਚ ਰਹਿ ਰਹੀ ਏ!...''

ਸੁਣਨ ਵਾਲ਼ਿਆਂ ਦੇ ਮੂੰਹ ਅੱਡੇ ਗਏ। ਹਰ ਚਿਹਰੇ 'ਤੇ ਇੱਕੋ ਸਵਾਲ ਉੱਗ ਆਇਆ ਸੀ- ਉਹ ਕਿਵੇਂ?

''ਲੋਕਾਂ ਜ਼ੈਲਦਾਰ ਹੋਰਾਂ ਦੀ ਬੇਗਮ ਨੂੰ ਹੈਰਾਨੀ ਨਾਲ ਪੁੱਛਿਆ- 'ਬੀਬੀ ਸਰਦਾਰਨੀਏਂ, ਉੱਜੜ ਚੱਲੀ ਏਂ। ਕੀ ਪਈ ਕਰਨੀਂ ਏਂ? ਇੱਥੇ ਤਾਂ ਭੱਜਾ-ਦੌੜ ਪਈ ਹੋਈ ਏ। ਲੋਕ ਜਾ ਰਹੇ ਨੇ। ਤੂੰ ਘਰ ਦੀਆਂ ਮੁਰੰਮਤਾਂ ਕਰਵਾਉਂਦੀ ਪਈ ਏਂ?'

''ਇਸ ਔਰਤ ਨੇ ਕਿਹਾ- 'ਮੇਰੇ ਜਾਣ ਤੋਂ ਬਾਅਦ, ਮੇਰਾ ਜੇਠ ਚੌਧਰੀ ਸ਼ੁਕਰੁੱਲਾ ਖਾਂ ਇਸ ਘਰ 'ਚ ਜ਼ਰੂਰ ਆਏਗਾ। ਆਪਣੇ ਭਰਾ ਦਾ ਖ਼ਸਤਾ ਹਾਲ ਘਰ ਵੇਖ ਉਹਨੇ ਸੋਚਣਾ ਕਿ ਮੇਰੀ ਭਰਜਾਈ ਤਾਂ ਕੁਚੱਜੀ ਸੀ। ਉਹਨੂੰ ਤਾਂ ਜਿਉਣ ਦਾ ਕੋਈ ਚੱਜ ਨਹੀਂ ਸੀ। ਉਹਨੇ ਤਾਂ ਆਪਣਾ ਘਰ ਠੀਕ ਢੰਗ ਨਾਲ ਨਹੀਂ ਸੀ ਰੱਖਿਆ ਹੋਇਆ। ਪਰ ਹੁਣ ਜਦੋਂ ਮੈਂ ਇਸ ਘਰ ਨੂੰ ਸੰਵਾਰ ਕੇ ਜਾਵਾਂਗੀ ਤਾਂ ਉਹ ਇਹ ਤਾਂ ਜ਼ਰੂਰ ਕਹੇਗਾ ਕਿ ਮੇਰੀ ਭਰਜਾਈ ਸੁਚੱਜੀ ਸੀ'।'' ਕਹਾਣੀ ਮੁਕਾਉਂਦਿਆ ਮੰਤਰੀ ਹੋਰਾਂ ਦਾ ਗੱਚ ਭਰ ਆਇਆ ਸੀ।

ਇਸ ਕਹਾਣੀ ਨੂੰ ਸੁਣਨ ਵਾਲੇ ਹਰ ਸ਼ਖ਼ਸ ਦੀ ਅੱਖ ਨਮ ਹੋ ਗਈ ਸੀ।

# ਹੌਂਸਲੇ ਨਾਲ ਉਡਾਰੀ



**ਵਿਦੇਸ਼ੀ** ਧਰਤੀ 'ਤੇ ਪੋਡੀਅਮ ਉੱਤੇ ਖੜ੍ਹੀ ਸਲੋਨੀ ਦੀਆਂ ਅੱਖਾਂ ਵਿਚ ਨਮੀ, ਮਨ ਵਿਚ ਮਾਣ ਹੈ। ਆਪਣੇ ਤਿਰੰਗੇ ਦੇ ਕਲਾਵੇ ਵਿਚ ਸਲੋਨੀ ਉਸਦੇ ਤਿੰਨਾਂ ਰੰਗਾਂ ਨੂੰ ਅੰਦਰੋਂ ਮਹਿਸੂਸ ਕਰ ਰਹੀ ਹੈ। ਵਿਦੇਸ਼ੀ ਧਰਤੀ 'ਤੇ ਉਸਨੂੰ ਆਪਣੇ ਦੇਸ਼, ਪਿੰਡ ਦੀ ਯਾਦ ਵੱਧ ਆ ਰਹੀ ਹੈ। ਹੱਥ ਵਿਚ ਇਸ ਵਰ੍ਹੇ ਦੇ ਦੋ ਰਾਸ਼ਟ੍ਰੀ ਦੇ ਬਾਅਦ ਤੀਜਾ ਅੰਤਰਰਾਸ਼ਟਰੀ ਗੋਲਡ ਮੈਡਲ ਫੜਦਿਆਂ ਹੀ ਉਸਦੇ ਮਨ ਵਿਚ ਦੇਸ਼ ਵਾਸਤੇ ਪ੍ਰੇਮ ਦਾ ਭਾਵ ਹੋਰ ਵਧ ਗਿਆ ਹੈ।

ਅੱਜ ਸਲੋਨੀ ਦੇ ਨਾਂ ਦਾ ਡੰਕਾ ਵੱਜ ਗਿਆ। ਹਰ ਪਾਸੇ ਵੱਜ ਗਿਆ। ਦੇਸ਼ ਵਿਚ, ਵਿਦੇਸ਼ ਵਿਚ। ਉਹ ਸ਼ੀਲਡ ਲੈ ਕੇ ਹੋਟਲ ਮੁੜੀ। ਵਿਦੇਸ਼ ਦੀ ਧਰਤ 'ਤੇ ਸੁਦੇਸ਼ ਦੀ ਯਾਦ ਉਸਦੇ ਮਨ ਨੂੰ ਭਰ ਰਹੀ ਹੈ।

ਉਸਨੇ ਮਾਯ ਨੂੰ ਵੀਡੀਓ ਕੱਾਲ ਕੀਤੀ। ਘਰ ਵਿਚ ਟੀਵੀ ਨਹੀਂ ਹੈ। ਉਸਨੂੰ ਪਤਾ ਹੈ, ਸਾਰੇ ਪਿੰਡਵਾਲਿਆਂ ਨਾਲ ਮਾਯ ਨੇ ਮੁਖੀਏ ਦੇ ਘਰ ਮੈਚ ਵੇਖਿਆ ਹੋਏਗਾ। ਮਾਯ ਨੇ ਰਿੰਗ ਹੁੰਦਿਆਂ ਹੀ ਚੁੱਕ ਲਿਆ। ਉਸਨੇ ਅੱਜ ਸਾਫ਼-ਸੁਥਰੀ ਛਾਪੇਦਾਰ ਸਾੜ੍ਹੀ ਅਤੇ ਸੋਹਰਾਈਵਾਲਾ (ਪਸ਼ੂਆਂ ਦੀ ਸਿਫ਼ਤ-ਸੋਭਾ-ਸੋਹਰਾਈ ਲਈ ਝਾੜਖੰਡ, ਆਦਿ, ਦੇ ਆਦਿਵਾਸੀ ਇਲਾਕਿਆਂ ਵਿਚ ਫ਼ਸਲਾਂ ਦੀ ਕਟਾਈ ਤੋਂ ਬਾਅਦ ਜਾਂ ਦੀਵਾਲੀ ਨੇੜੇ ਮਨਾਇਆ ਜਾਂਦਾ ਸਲਾਨਾ ਤਿਓਹਾਰ-ਅਨੁ.) ਬਲਾਊਜ਼ ਪਹਿਨਿਆ ਹੈ। ਜ਼ਰੂਰ ਮੁਖੀਏ ਦੇ ਘਰੋਂ ਮੁੜੀ ਹੈ। ਬੇਟੀ ਦੀ ਖ਼ੁਸ਼ੀ ਦੇ ਮੌਕੇ 'ਤੇ ਏਨਾ ਤਾਂ ਬਣਦਾ ਹੈ।

"ਮੰਈਯਾ, ਕਿਵੇਂ ਹੈ ਨੀ? ਖਾਣਾ-ਖੂਣਾ ਖਾਧਾ?"

ਮਾਯ ਨੂੰ ਪਤਾ ਹੈ, ਜੋਸ਼ ਵਿਚ ਸਲੋਨੀ ਖਾਣਾ-ਪੀਣਾ ਸਭ ਭੁੱਲ ਜਾਂਦੀ ਹੈ। ਸਲੋਨੀ ਫੁਸਫੁਸਾਈ,

"ਮਾਯ! ਤੂੰ ਨਹੀਂ ਬਦਲੇਂਗੀ।"

ਮਾਯ ਦਾ ਮਸੂਮ, ਭੋਲਾ ਚਿਹਰਾ ਚਮਕਿਆ।

"ਖਾਧਾ ਕਿ ਨਹੀਂ?"

"ਹਾਂ ਮਾਯ! ਮੈਂ ਖਾ ਲਿਆ ਹੈ।"

"ਕੀ...ਕੀ ਖਾਧਾ?"

ਮਾਯ ਨੂੰ ਪਤਾ ਹੈ, ਸਲੋਨੀ ਨੂੰ ਪਿੰਡ ਦਾ ਗੋਂਦਲੀ (ਗੰਢੇ) ਦਾ ਭਾਤ (ਉਬਾਲੇ ਚੌਲ), ਮੜੂਆ (ਮੱਢਲ; ਰਾਗੀ) ਦੀ ਰੋਟੀ ਅਤੇ ਪਾਣੀ 'ਚ ਉਬਾਲ ਕੇ ਬਣਿਆ ਮੱਕੀ ਦਾ ਨਮਕੀਨ ਘੱਠਾ ਸਭ ਤੋਂ ਵੱਧ ਪਸੰਦ ਹੈ। ਸੁਆਦ ਦੇ ਨਾਲ ਪੌਸ਼ਟਿਕ ਵੀ।

"ਇੱਥੇ ਹੋਰ ਖਾਣਾ ਖਾਧਾ ਇਸ ਵਾਰ।"

"ਕੀ...ਕੀ?"

"ਪਿੱਜਾ, ਬਰਗਰ ਅਤੇ ਆਈਸਕ੍ਰੀਮ।"

ਫੇਰ ਉਸ ਨੇ ਉਤਸ਼ਾਹ ਵਿਚ ਚਾਸ਼ਨੀ ਘੋਲੀ। ਮਾਂ ਨੂੰ ਪਤਾ ਹੋਏਗਾ, ਜਾਣਦਿਆਂ ਹੋਇਆਂ ਵੀ ਦੱਸਿਆ,

"ਮੈਂ ਜਿੱਤ ਗਈ ਮਾਯ।"

"ਪਤਾ ਹੈ..ਪਤਾ ਹੈ। ਮੁਖੀਏ ਨੇ ਚੌਪਾਲ ਵਿਚ ਹੀ ਟੀਵੀ ਲਾ ਦਿੱਤਾ ਸੀ।"

"ਚੌਪਾਲ ਵਿਚ ਹੀ? ਲੈ ਬਈ....।"

"...ਕਿੰਨੇ ਲੋਕ ਸਹਿਰ ਤੋਂ ਆਏ ਸੀ। ਉਨ੍ਹਾਂ ਨੇ ਹੀ ਲਗਵਾਇਆ ਸੀ। ਸਾਰੇ ਮੈਨੂੰ ਕੀ-ਕੀ ਨਹੀਂ ਪੁੱਛ ਰਹੇ ਸੀ। ਮੈਂ ਸਭ ਦੱਸਿਆ ਮੰਈਯਾ।"

ਸਲੋਨੀ ਨੇ ਆਪਣੀ ਸ਼ੀਲਡ ਚੁੱਕ ਕੇ ਮਾਯ ਨੂੰ ਵਿਖਾਈ। ਗਲੇ ਦੇ ਚਮਚਮ ਕਰਦੇ ਮੈਡਲ ਨੂੰ ਵੇਖ ਕੇ ਮਾਯ ਖੱਲ੍ਹ ਕੇ ਹੱਸੀ।

"ਖੁਸ਼ ਹੈਂ ਮਾਯ?"

"ਖੁਸ ਨਹੀਂ ਹੋਵਾਂਗੀ ਮੰਈਯਾ! ਮੈਂ ਬਹੁਤ ਹੀ ਖੁਸ ਹਾਂ। ਬਾਬਾ ਨੂੰ ਵੀ ਦੱਸ ਦਿੱਤਾ ਸੀ। ਉਹ ਵੇਖ ਨਹੀਂ ਸਕਿਆ ਸੀ ਨਾ।"

ਸਲੋਨੀ ਦਾ ਬਿਸਤਰੇ ਵਿਚ ਬਿਮਾਰ ਪਏ ਆਪਣੇ ਬਾਬਾ ਨੂੰ ਵੀ ਮੈਡਲ ਅਤੇ ਸ਼ੀਲਡ ਵਿਖਾਉਣ ਦਾ ਦਿਲ ਕੀਤਾ।

"ਬਾਬਾ ਨੂੰ ਵਿਖਾਅ ਨਾ ਮਾਯ। ਉਹ ਵੀ ਖੁਸ਼ ਹੋ ਜਾਏਗਾ।"

"ਉਹ ਤਾਂ ਨੀਂਦ ਵਿਚੇ ਝੂਮਰ ਨੱਚ ਰਿਹਾ ਹੈ।"

ਹੱਸੀ ਮਾਯ, ਪਤਾ ਨਹੀਂ ਕਿੰਨੇ ਦਿਨਾਂ ਬਾਅਦ ਵਾਹਵਾ, ਵਾਹਵਾ ਹੀ ਹੱਸੀ। ਉਸਦੀ ਸਾੜ੍ਹੀ ਦੇ ਵੱਟਾਂ ਅਤੇ ਬਲਾਊਜ਼ ਦੀ ਲਾਲੀ ਵਿਚ ਅਟਕ ਗਿਆ ਦੋਹਾਂ ਦਾ ਹਾਸਾ।

ਗੋਲਪੋਸਟ ਵਿਚ ਗੋਲ ਕਰ ਕੇ ਵਿਰੋਧੀ ਟੀਮ ਨੂੰ ਹਰਾਉਣ ਨਾਲੋਂ ਵੀ ਵੱਧ ਖ਼ੁਸ਼ੀ ਉਸਨੂੰ ਮਾਯ ਦੇ ਹਾਸੇ ਤੋਂ ਮਿਲੀ। ਜਿਵੇਂ ਵਿਦੇਸ਼ ਵਿਚ ਮਿਲਿਆ ਮਾਂ ਦਾ ਪੱਲਾ।

ਉਸਦੇ ਹਾਸੇ ਵਿਚ ਵਰਤਮਾਨ ਦੇ ਨਾਲ ਨਾਲ ਭਵਿੱਖ ਅਤੇ ਭੂਤ ਦਾ ਵੀ ਤੜਕਾ ਸੀ।

ਸਲੋਨੀ ਨੇ ਆਪਣੀ ਸ਼ੀਲਡ ਨੂੰ ਅੱਡ ਪੈਕ ਕਰ ਕੇ ਉੱਚੀ ਥਾਂ ਰੱਖ ਦਿੱਤਾ। ਕਈ ਸੈਲਫ਼ੀਆਂ ਲੈਣ ਤੋਂ ਬਾਅਦ ਉਹ ਅਰਾਮ ਨਾਲ ਸੋਫ਼ੇ 'ਤੇ ਜਾ ਬੈਠੀ।

ਉਸਦੀਆਂ ਅੱਖਾਂ ਵਿਚ ਆਪਣੀ ਅਖੀਰੀ ਹਿੱਟ ਅਤੇ ਸਕੋਰ ਘੁੰਮ ਰਿਹਾ ਸੀ।

ਪਰ ਜਿੱਤ ਨੂੰ ਦਿਮਾਗ਼ ਖਰਾਬ ਕਰਨ ਦੀ ਵਜ੍ਹਾ ਨਹੀਂ ਬਨਾਉਣਾ ਹੈ। ਅੱਗਾਂਹ ਲਈ ਮਸ਼ਾਲ ਬਨਾਉਣਾ ਹੈ।"

ਉਸਦੇ ਸਾਹਮਣੇ ਇੱਕ ਚਿਹਰਾ।

"ਮਾਹੀ ਦੇ ਵਾਂਗ। ਮਿਸਟਰ ਕੂਲ ਕੂਲ ਰਹਿ ਕੇ ਵੀ ਇਤਿਹਾਸ ਰਚਦੇ ਰਹੇ ਹਨ। ਉਨ੍ਹਾਂ ਦੇ ਸੂਬੇ ਦੇ ਹੋ ਕੇ ਸਾਨੂੰ...।"

ਕੱਲ੍ਹ ਹਾੱਕੀ ਟੀਮ ਨੇ ਆਪਣੇ ਦੇਸ਼ ਪਹੁੰਚਣਾ ਹੈ। ਫੇਰ ਸਾਰੇ ਪੀ.ਐੱਮ. ਨੂੰ ਉਨ੍ਹਾਂ ਦੇ ਘਰ ਮਿਲਣ ਤੋਂ ਬਾਅਦ ਆਪਣੇ ਆਪਣੇ ਪਿੰਡ-ਘਰ ਵੱਲ।

ਸਲੋਨੀ ਨੂੰ ਆਪਣਾ ਪਿੰਡ, ਖੇਤ, ਗੋਹਾਲ (ਪਸ਼ੂਆਂ ਦਾ ਵਾੜਾ-ਅਨੁ.), ਖਲਿਹਾਨ (ਵੱਢਣ ਤੋਂ ਬਾਅਦ ਫ਼ਸਲ ਨੂੰ ਸੁਕਾਉਣ, ਕੁੱਟਣ, ਆਦਿ, ਲਈ ਰੱਖੀ ਗੋਹੇ ਨਾਲ ਪੋਚੀ-ਸਾਫ਼ ਰੱਖੀ ਥਾਂ- ਅਨੁ.) ਬੁਰੀ ਤਰ੍ਹਾਂ ਚੇਤੇ ਆਉਣ ਲੱਗੇ।

*******

ਥੋੜ੍ਹੇ ਚਿਰ ਵਿਚ ਟੀਮ ਦੀਆਂ ਹੋਰ

## ਅਨੀਤਾ ਰਸ਼ਮੀ

ਚਿੜੀਆਂ ਦੀ ਚਹਿਚਹਾਹਟ ਨਾਲ ਕਮਰਾ ਭਰ ਗਿਆ। ਪੂਰੇ ਦੇਸ਼ ਵਿਚੋਂ ਉਹ ਹਾਕੀ ਖੇਡਣ ਅਤੇ ਹਰ ਹਾਲ ਵਿਚ ਜਿੱਤਣ ਲਈ ਉਹ ਆਈਆਂ ਸਨ। ਹੁਣ ਚਹਿਹਾਹਟ ਨਾਲ ਭਰੀਆਂ ਹੋਈਆਂ। ਕੋਈ ਫ਼ੱਰਾਟੇਦਾਰ ਅੰਗ੍ਰੇਜ਼ੀ ਬੋਲਦੀ, ਕੋਈ ਹਿੰਦੀ ਵੀ ਠੀਕ ਤਰ੍ਹਾਂ ਨਾ ਬੋਲ ਸਕਦੀ।

ਇਲਾਕਾਈ ਬੋਲੀਆਂ ਰਲਾਅ ਰਲਾਅ ਹਿੰਦੀ ਬੋਲਣ ਦੀ ਕੋਸ਼ਿਸ਼ ਉਨ੍ਹਾਂ ਦੀ।

ਦੂਜਿਆਂ ਨਾਲ ਗੱਲ ਕਰਨ ਵਿਚ ਔਖ ਆਉਂਦੀ। ਪਰ ਭਿੜਨ, ਜਿੱਤਣ ਦਾ ਜਜ਼ਬਾ ਇੱਕੋ ਜਿਹਾ। ਦੂਜੇ ਦੇਸ਼ਾਂ ਦੀਆਂ ਟੀਮਾਂ 'ਤੇ ਭਾਰੂ ਹੋਣ ਦਾ ਓਹੀ ਜਜ਼ਬਾ। ਪੰਜ ਸਿਤਾਰਾ ਹੋਟਲ ਦੇ ਕਮਰੇ ਵਿਚ ਦੋ ਬੈੱਡਾਂ 'ਤੇ ਜ਼ਿਦ ਕਰ ਕੇ ਤਿੰਨ ਹੋਰ ਖਿਡਾਰਨਾਂ ਸੁੱਤੀਆਂ ਸਨ। ਸਲੋਨੀ ਦੀਆਂ ਅੱਖਾਂ ਵਿਚ ਨੀਂਦ ਨਹੀਂ। ਉਹ ਲੰਮੇ ਪੈਂਦਿਆਂ ਹੀ ਪੁਰਾਣੇ ਦਿਨਾਂ ਵਿਚ ਗੁਆਚ ਗਈ। ਬਚਪਨ ਦੇ ਦਿਨਾਂ ਵਿਚ।

ਬਚਪਨ ਦੇ ਦਿਨ ਓਨੇ ਸੁਹਾਨੇ ਦਿਨ ਨਹੀਂ ਸਨ, ਨਾ ਹੀ ਅੱਲ੍ਹੜਪੁਣੇ ਦੇ।

ਫੂਸ ਦੇ ਕੱਚੇ ਮਕਾਨ ਵਿਚ ਰਹਿਣਾ, ਗੁਦੜੀ (ਪਾਟੇ ਕੱਪੜਿਆਂ, ਕਾਤਰਾਂ ਨੂੰ ਆਪਸ ਵਿਚ ਜੋੜ ਜਾੜ ਬਣਾਈ ਰਜਾਈ ਜਿਹੀ- ਅਨੁ.) 'ਤੇ ਸੌਣਾ, ਗਾਂ-ਬੱਕਰੀ ਚਰਾਉਣੀ, ਘਾਅ ਵੱਢ ਕੇ ਸਿਰ 'ਤੇ ਢੋਅ ਡਾਂਡੇ-ਮੀਂਡੇ ਰਾਹਾਂ ਤੋਂ ਹਰ ਸ਼ਾਮ ਘਰ ਮੁੜਨਾ।

ਖਾਣ ਦੇ ਨਾਂ 'ਤੇ ਮਾਂਡ-ਭਾਤ (ਚੌਲਾਂ ਨੂੰ ਉਬਾਲ ਉਬਾਲ ਉਨ੍ਹਾਂ ਦੀ ਮਾਇਆ ਜਿਹੀ ਬਨਾਉਣੀ, ਕੱਪੜੇ ਨੂੰ ਲਾਉਣ ਵਾਲੀ -ਅਨੁ.) ਜਾਂ ਸੁੱਕੀ ਰੋਟੀ ਅਚਾਰ ਨਾਲ। ਕਦੇ ਫਾਕਾ ਮਸਤੀ।

ਉਸਦੇ ਸਾਹਮਣੇ ਹਾਕੀ ਦੇ ਜਾਦੂਗਰ ਮੇਜਰ ਧਿਆਨਚੰਦ ਨਹੀਂ ਸਨ। ਉਸਨੇ ਨਾਂ ਤੱਕ ਨਹੀਂ ਸੁਣਿਆ ਸੀ। ਹਾਂ, ਮੇਜਰ ਧਿਆਨਚੰਦ ਅਵੱਾਰਡ ਨਾਲ ਸਨਮਾਣੇ ਸਿਮਡੇਗਾ (ਝਾੜਖੰਡ ਵਿਚ ਥਾਂ- ਅਨੁ.) ਦੇ ਓਲਿੰਪੀਅਨ ਸਿਲਵੇਨਸ ਡੁੰਗਡੁੰਗ ਅਤੇ ਸੋਮਰਾਇ ਟੇਟੇ ਦੇ ਸੁਫ਼ਨੇ ਸਾਹਮਣੇ।

ਪਰ ਆਪਣਾ ਸੁਫ਼ਨਾ ਡੋਂਗੀ ਵਾਂਗ ਡਗਮਗ-ਡਗਮਗ।

ਸਲੋਨੀ ਜਦੋਂ ਤੋਂ ਜੰਮੀ ਸੀ, ਆਪਣੇ ਝਾੜਖੰਡ ਸੂਬੇ ਦੇ ਇਨ੍ਹਾਂ ਦੋਹਾਂ ਦਾ ਨਾਂ ਹਾਕੀ ਦੇ ਖੇਤਰ ਵਿਚ ਸੁਣਿਆ ਸੀ। ਬਚਪਨ ਤੋਂ ਹੀ ਜਿਵੇਂ ਦੋਏ ਸਲੋਨੀ ਦੇ ਆਦਰਸ਼। ਆਮ ਤੌਰ 'ਤੇ ਹਰੇਕ ਝਾੜਖੰਡੀ ਖਿਡਾਰੀ ਦੇ।

ਵੱਡੀ ਹੁੰਦੀ ਜਾਂਦੀ ਮਾੜਚੂ ਸਲੋਨੀ ਦੀ ਇੱਛਾ ਤਕੜੀ ਹੋ ਗਈ ਸੀ। ਉਹ ਵੀ ਹਾਕੀ ਵਿਚ ਨਾਂ ਕਮਾਉਣਾ ਚਾਹੁੰਦੀ ਸੀ। ਪਰ ਹਾਕੀ ਸਟਿੱਕ ਅਤੇ ਗੇਂਦ ਆਏ ਕਿੱਥੋਂ?

ਘਰ ਵਿਚ ਭੁੱਜੀ ਹੋਈ ਭੰਗ ਵੀ ਨਹੀਂ ਸੀ। ਬਾਬਾ ਅਤੇ ਮਜ਼ਦੂਰਨੀ ਮਾਯ ਦੀ ਕਮਾਈ ਨਾਲ ਘਰ ਦਾ ਖਰਚਾ ਹੀ ਮੁਸ਼ਕਲ ਨਾਲ ਚੱਲੇ।

ਅਖੀਰ ਸਲੋਨੀ ਨੇ ਰਾਹ ਕੱਢਿਆ।

ਕੱਪੜੇ ਨਾਲ ਗੇਂਦ ਬਣਾਈ, ਰੱਸੀ ਨਾਲ ਉਸਨੂੰ ਬੰਨ੍ਹਿਆ। ਉਹ ਅਤੇ ਬਾਬਾ ਬਾਂਸਵਾੜੀ ਜਾ ਪੁੱਜੇ। ਓਥੋਂ ਬਾਂਸ ਲੈ ਕੇ ਉਸਨੇ ਬਾਬਾ ਦੇ ਨਾਲ ਬਾਂਸ ਛਿੱਲ ਕੇ ਇੱਕ ਸਟਿੱਕ ਤਿਆਰ ਕਰ ਲਈ। ਓਸੇ ਨੂੰ ਲੈ ਕੇ ਮੈਦਾਨ ਜਾ ਪੁੱਜੀ।

ਮੈਦਾਨ ਵਿਚ ਸਾਰੇ ਬੱਚੇ ਫੁਟਬਾਲ ਖੇਡਦੇ।

ਉਹਨੂੰ ਹਾਕੀ ਦੀ ਹੀ ਧੁਨ। ਦੁਬਲੀ-ਪਤਲੀ, ਠਿੰਗਣਾ ਸਰੀਰ, ਦੋ ਬੇ-ਤਰਤੀਬ ਗੁਤਨੀਆਂ, ਪਾਟੀ ਫ਼ਰਾੱਕ ਪਹਿਨੀ ਸਲੋਨੀ ਘਾਅ 'ਤੇ ਹੀ ਮਸ਼ਕ ਕਰਦੀ ਰਹੀ।

ਮਸ਼ਕ ਕਰਦਿਆਂ ਸਲੋਨੀ ਨੇ ਸੁਫ਼ਨੇ ਵਿਚ ਵੀ ਨਹੀਂ ਸੋਚਿਆ ਸੀ, ਉਹ ਇੱਥੋਂ ਤੱਕ ਪੁੱਜੇਗੀ।

ਉਹ ਤਾਂ ਆਪਣੇ ਸੂਬੇ ਦੇ ਉਨ੍ਹਾਂ ਦੋ ਚਮਕਦੇ ਨਾਵਾਂ ਨੇ ਜੋ ਸੁਫ਼ਨੇ ਖਿਲਾਰੇ ਸਨ, ਉਨ੍ਹਾਂ ਨੂੰ ਸਲੋਨੀ ਨੇ ਆਪਣੀਆਂ ਝਿੰਮਣੀਆਂ ਨਾਲ ਚੁੱਪਚਾਪ ਚੁੱਕ ਲਿਆ ਸੀ।

ਖੇਤ-ਘਰ ਵਿਚ ਲੰਮੇ ਪਿਆਂ ਬੱਸ ਇੱਕੋ ਸੁਫ਼ਨਾ, ਹਾਕੀ ਖੇਡਣੀ ਹੈ। ਜ਼ਰਾ ਵੀ ਵਿਹਲ ਮਿਲੇ, ਬੱਸ ਉਹ ਬਾਂਸ ਦੀ ਸਟਿੱਕ ਅਤੇ ਨਕਲੀ ਗੇਂਦ ਚੁੱਕ ਕੇ ਨਿੱਕਲ ਪਏ। ਵੱਡੀ ਹੁੰਦੀ ਜਾਂਦੀ ਸਲੋਨੀ ਪੜ੍ਹਾਈ ਤੋਂ ਬਾਅਦ ਖੇਤ-ਖਲਹਿਾਨ ਅਤੇ ਅਕਸਰ ਖੇਡ ਦੇ ਮੈਦਾਨ ਵਿਚ ਨਜ਼ਰ ਆਉਂਦੀ।



ਥੋੜ੍ਹ ਜ਼ਿੰਦਗੀ ਦਾ ਹਿੱਸਾ। ਬੱਸ, ਹੌਂਸਲੇ ਬੁਲੰਦ ਸਨ ਉਸਦੇ ਅਤੇ ਉਸ ਜਿਹੇ ਕਈ ਮੁੰਡੇ-ਕੁੜੀਆਂ ਦਾ।

"ਖੰਭਾਂ ਨਾਲ ਨਹੀਂ, ਹੌਂਸਲੇ ਨਾਲ ਉੱਡਿਆ ਜਾਂਦਾ ਹੈ।" ਇਹ ਨਹੀਂ ਸੀ ਸੁਣਿਆ ਉਸ ਨੇ। ਪਰ ਉਸਦਾ ਅੰਤਰਮਨ ਹੌਂਸਲਿਆਂ ਨਾਲ ਭਰਿਆ ਸੀ।

ਇੱਕ ਵਾਰ ਮਾਂ ਨਾਲ ਰਾਜਧਾਨੀ ਰਾਂਚੀ ਗਈ। ਥਾਂ-ਥਾਂ ਵੱਡੇ-ਵੱਡੇ ਹੋਰਡਿੰਗ ਲੱਗੇ ਸਨ। ਹੋਰਡਿੰਗ ਤੋਂ ਇੱਕ ਅੱਖ ਬੰਦ ਕਰੀ ਮਸ਼ਹੂਰ ਤੀਰਅੰਦਾਜ਼ ਦੀਪਿਕਾ ਦਿਸ ਰਹੀ ਸੀ।

ਪੂਰੀ ਜਿਊਂਦੀ ਤਸਵੀਰ। ਸਿੱਧੀ ਮੈਦਾਨ ਵਿੱਚੋਂ। ਨਿਸ਼ਾਨਾ ਸਾਧਦੀ ਹੋਈ।

ਉਸਦੇ ਮਨ ਦਾ ਬੂਹਾ ਤੀਰਅੰਦਾਜ਼ ਦੀਪਿਕਾ ਨੇ ਵੀ ਖੜਕਾਇਆ ਸੀ।

ਦੀਪਿਕਾ ਕੋਲ ਵੀ ਨਹੀਂ ਸਨ ਤੀਰ-ਕਮਾਨ। ਉਸਦੀ ਵੀ ਸ਼ੁਰੂਆਤ ਅੰਬ, ਇਮਲੀ 'ਤੇ ਨਿਸ਼ਾਨਾ ਲਾਉਣ ਤੋਂ ਹੋਈ ਸੀ।

ਉਸਦੇ ਪਿਤਾ ਸਨ ਟੈਂਪੂ ਡ੍ਰਾਈਵਰ ਅਤੇ ਮਾਂ ਘਰੇਗੀ।

ਉਨ੍ਹਾਂ ਧੀ ਦੇ ਰਾਹ ਵਿਚ ਰੋੜੇ ਨਹੀਂ ਅਟਕਾਏ, ਚਾਨਣ ਮੁਨਾਰਾ ਬਣ ਗਏ। ਫੇਰ ਮਿਲਿਆ ਸੀ ਦੀਪਿਕਾ ਨੂੰ ਜਮਸ਼ੇਦਪੁਰ ਦੇ ਟਾਟਾ ਆਰਚਰੀ ਸੈਂਟਰ ਦਾ ਪੱਲਾ ਅਤੇ ਉਹ ਲਗਨ, ਮਿਹਨਤ, ਲਗਾਤਾਰ ਮਸ਼ਕ ਨਾਲ ਓਲਿੰਪਿਕ ਤੱਕ ਦੀ ਦੂਰੀ ਸਰ ਕਰ ਆਈ ਸੀ।

ਫ਼ਰਸ਼ ਤੋਂ ਅਰਸ਼ ਤੱਕ ਪਹੁੰਚਣ ਲਈ ਉਸਨੇ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ ਸੀ।

ਇਕੱਲਿਆਂ ਜਾਂ ਵਿਸ਼ਵ ਕੱਪ ਮਹਿਲਾ ਕੰਪਾਊਂਡ ਤੀਰਅੰਦਾਜ਼ੀ ਟੀਮ ਵਿਚ ਸੋਨੇ ਦਾ ਮੈਡਲ ਲੈਣਾ. ਸਭ ਵਿਚ

ਉਹ ਅੱਵਲ! ਸੋਨੇ, ਚਾਂਦੀ, ਕਾਂਸੇ ਦੇ ਮੈਡਲਾਂ ਨਾਲ ਦੀਪਿਕਾ ਦਾ ਨਿੱਕਾ ਜਿਹਾ ਮਾਮੂਲੀ ਘਰ ਭਰ ਗਿਆ ਸੀ।
"ਮੈਂ ਵੀ ਆਪਣੇ ਸੂਬੇ ਦੇ ਖਿਡਾਰੀਆਂ ਵਾਂਗ ਬਣਨਾ ਹੈ ਬਾਬਾ।"
ਪਿੰਡ ਪਰਤਦਿਆਂ ਹੀ ਸਲੋਨੀ ਨੇ ਕਿਹਾ ਸੀ।
"ਹਾਂ ਮੰਈਨਾ!"
ਬਾਬਾ ਹੋਰ ਕੀ ਕਹਿੰਦਾ। ਚੰਗੀ ਤਰ੍ਹਾਂ ਸਾਰਿਆਂ ਦਾ ਪੇਟ ਵੀ ਤਾਂ ਨਹੀਂ ਪਾਲ ਪਾਉਂਦਾ। ਹਾਂ, ਉਸਨੇ ਕਦੇ ਰੋੜੇ ਨਹੀਂ ਅਟਕਾਏ।
"ਸਾਡੀ ਮੰਈਯਾ ਪੈਸਿਆਂ ਦੀ ਥੋੜ੍ਹ ਕਰਕੇ ਬਾਹਰ ਖੇਡਣ ਨਹੀਂ ਜਾ ਸਕੇਗੀ। ਉਹਦੇ ਕੋਲ ਸਟਿੱਕ ਵੀ ਹੈ ਨਹੀਂ।"
ਇਹ ਪੀੜ ਬਾਬਾ ਦੇ ਮਨ ਵਿਚ ਹਮੇਸ਼ਾ ਤੋਂ ਸੀ। ਉਸ ਜਦੋਂ-ਕਦੋਂ ਦੁਕਾਨ 'ਤੇ ਆਉਣ ਵਾਲੇ ਫਾਗੂ ਨੂੰ ਕਹਿਣਾ। ਮਨ ਉੱਤੇ ਹਮੇਸ਼ਾ ਇੱਕ ਬੋਝ ਹਾਵੀ ਰਹਿੰਦਾ।
ਬਾਅਦ ਵਿਚ ਹਾਕੀ ਸਟਿੱਕ ਅਤੇ ਗੇਂਦ ਲੈ ਦਿੱਤੀ ਸੀ ਬਾਬਾ ਨੇ।
"ਤਿਵਾਰੀ ਜੀ ਤੋਂ ਉਧਾਰ ਫੜਿਆ ਐ ਨਾ।" ਦੱਸਿਆ ਸੀ।
ਸਲੋਨੀ ਦੇ ਮਨ ਵਿਚ ਵੀ ਅੱਡੀ-ਚੋਟੀ ਦਾ ਜ਼ੋਰ ਲਾਉਣ ਦੀ ਇੱਛਾ ਡੂੰਘੀ ਹੋ ਗਈ ਸੀ। ਮਨ ਦਾ ਪੁੰਗਰਿਆ ਇਰਾਦਾ ਪਰਵਾਨ ਚੜ੍ਹਿਆ। ਉਸਨੇ ਹੋਰ ਮਿਹਨਤ ਵਧਾਅ ਦਿੱਤੀ ਸੀ। ਪਰ ਰਾਹ ਵਿਚ ਧੁੰਦ, ਰਾਹ ਸੁੱਝੇ ਨਾ।
ਉਹ ਸਮਾਂ ਸੀ, ਜਦੋਂ ਹਰ ਪਾਸੇ ਸਿਰਫ਼ ਇੱਕੋ ਗੱਲ ਗੂੰਜਦੀ ਸੀ,
*ਖੇਲੋਗੇ ਕੂਦੋਗੇ ਹੋਓਗੇ ਖਰਾਬ*
*ਪੜ੍ਹੋਗੇ ਲਿਖੋਗੇ ਹੋਓਗੇ ਨਵਾਬ*
ਖਾਸਕਰ ਮਿਡਲ, ਅਪਰ ਕਲੱਾਸ ਵਿਚ। ਪਰ ਉਸਦੇ ਸਮਾਜ ਵਿਚ ਮਿਹਨਤ, ਸੁੱਘੜਪੁਣੇ ਨਾਲ ਖੇਡਣ ਦੀ ਵੀ ਛੋਟ ਸੀ। ਕਬੱਡੀ, ਖੋ-ਖੋ, ਰੱਸੀ ਕੁੱਦ, ਪਿਟੋ, ਕਿਤ-ਕਿਤ ਖੇਡ ਕੇ ਹੀ ਸਾਰੇ ਬੱਚੇ ਵੱਡੇ ਹੁੰਦੇ। ਫੇਰ ਵੀ ਸਲੋਨੀ ਦੇ ਰਾਹ ਵਿਚ ਧੁੰਦ!
ਇੱਕ ਦਿਨ ਅੱਲ੍ਹੜ ਸਲੋਨੀ ਬਾਬਾ ਦੀ ਦਿੱਤੀ ਸਟਿੱਕ ਨਾਲ ਬਾੱਲ ਨੂੰ ਗੋਲਪੋਸਟ ਵਿਚ ਗੋਲ ਕਰਨ ਲਈ ਲਿਜਾਂਦੀ ਦੌੜ ਰਹੀ। ਅਖੀਰ ਉਸਨੇ ਵਿਰੋਧੀ ਗੋਲਕੀਪਰ ਨੂੰ ਚਕਮਾ ਦੇ ਕੇ ਗੋਲ ਕਰ ਦਿੱਤਾ ਸੀ।
ਕਈ ਗੋਲ ਦਾਗਣ ਤੋਂ ਬਾਅਦ ਉਸਨੇ ਇੱਕ ਅਣਜਾਣ ਸੂਟਡ-ਬੂਟਡ ਆਦਮੀ ਨੂੰ ਗ਼ੌਰ ਨਾਲ ਖੇਡ ਵੇਖਦਿਆਂ ਵੇਖਿਆ।
ਇਸਨੂੰ ਉਸਨੇ ਸਹਿਜ ਹੀ ਲਿਆ। ਪਹਿਲਾਂ ਵੀ ਇੱਕ-ਦੋ ਵਾਰ ਮੈਦਾਨ ਵਿਚ ਵੇਖਿਆ ਹੈ ਸ਼ਾਇਦ।
********
"ਦੀਪਕ ਸਰ! ਇਹੀ ਹੈ ਸਲੋਨੀ ਦਾ ਘਰ।"
ਦੀਪਕ ਸਰ ਅਤੇ ਫਾਗੂ ਟੇਟੇ ਅੱਧੇ ਕਿ.ਮੀ. ਤੋਂ ਬਾਅਦ ਜਿੱਥੇ ਪਹੁੰਚੇ, ਓਥੇ ਜੰਗਲ ਵਿਚ ਝੋਂਪੜੀਨੁਮਾ ਇੱਕ ਘਰ ਸੀ। ਦੋ ਪਾਸਿਆਂ ਦੀਆਂ ਕੰਧਾਂ 'ਤੇ ਹਾਥੀ, ਬਾਂਸ, ਹਿਰਣ, ਮੋਰ ਵਾਲੀਆਂ ਸੋਹਰਾਈ ਪੇਂਟਿੰਗਜ਼ ਨਾਲ ਸਜਿਆ, ਓਥੋਂ ਦੇ ਕੁਝ ਕੁ ਘਰਾਂ ਵਾਂਗ।
ਉਹ ਦਰਵਾਜ਼ੇ 'ਤੇ ਹੈਰਾਨ ਖੜ੍ਹੇ। ਕੋਈ ਨਜ਼ਰ ਨਹੀਂ ਆਇਆ।
ਉਨ੍ਹਾਂ ਝਾਕ ਕੇ ਅੰਦਰ ਵੇਖਿਆ। ਓਥੇ ਵੀ ਕੋਈ ਨਹੀਂ। ਇੱਕ ਪਾਸੇ ਚੁੱਲ੍ਹਾ, ਥੋੜ੍ਹੇ ਜਿਹੇ ਭਾਂਡੇ। ਕੁਝ ਕੱਪ ਆਲੇ ਵਿਚ ਪਏ ਸਨ। ਕੰਧ ਦੀਆਂ ਖੂੰਟੀਆਂ ਉੱਤੇ ਕੁਝ ਕੁ ਮੈਡਲ ਟੰਗੇ ਦਿਸੇ।
ਕੱਪੜੇ ਟੰਗਣੀ ਵਾਲੀ ਰੱਸੀ ਉੱਤੇ ਕੁਝ ਕੁ ਕੱਪੜੇ ਤਰਤੀਬ ਨਾਲ ਸਜੇ। ਇੱਕ ਖਾਟ, ਖਾਟ ਥੱਲਿਓਂ ਟੀਨ ਦੇ ਬਕਸੇ, ਕੁਝ ਕੁ ਕਨੱਸਤਰ, ਡੱਬੇ, ਪੁਰਾਣੇ ਘੜੇ ਨੇ ਝਾਕ ਕੇ ਉਨ੍ਹਾਂ ਨੂੰ ਜੀਅ ਆਇਆਂ ਆਖਿਆ।
ਬਾਹਰ ਰੁੱਖ ਦੇ ਤਣੇ ਦੇ ਪਟਰੇ ਉੱਤੇ ਪਾਣੀ ਨਾਲ ਭਰੀ ਇੱਕ ਦੇਗਚੀ।
ਦੋਏ ਬਾਹਰ ਹੀ ਖਲੋਤੇ ਰਹੇ। ਪਰਤਣ ਦੀ ਸੋਚ ਹੀ ਰਹੇ ਸਨ ਕਿ ਇੱਕ ਅੱਲ੍ਹੜ ਮੁਟਿਆਰ ਸਿਰ 'ਤੇ ਪਾਣੀ ਦੀਆਂ ਭਰੀਆਂ ਦੋ ਦੇਗਚੀਆਂ ਫੜੀ ਆਈ। ਉਸਨੇ ਦੋ ਨੌਜਵਾਨਾਂ ਨੂੰ ਵੇਖਿਆ, ਮੁਸਕ੍ਰਾਂਦਿਆਂ। ਦੋਹਾਂ ਦੀ ਉਮਰ ਪੈਂਤੀ ਅਤੇ ਚਾਲੀ ਦੇ ਨੇੜ ਤੇੜ ਵਿਚ.
ਦੋਹਾਂ ਨੂੰ ਨਮਸਤੇ ਆਖ ਉਸ ਨੇ ਦੇਗਚੀਆਂ ਪਟਰੇ 'ਤੇ ਰੱਖੀਆਂ।
"ਦੀਪਕ ਸਰ! ਇਹ ਹੈ ਸਲੋਨੀ।"
ਸੰਗਦੀ ਸਲੋਨੀ ਫਿੱਕਾ ਜਿਹਾ ਹੱਸ ਪਈ। ਝੱਟ ਅੱਧੀਆਂ ਟੁੱਟੀਆਂ ਦੋ ਕੁਰਸੀਆਂ ਬਾਹਰ ਲਾ ਦਿੱਤੀਆਂ।
"ਬੈਠੋ ਸਰ!"
ਫਾਗੂ ਕਹਿੰਦਾ, "ਸਰ! ਇਸਨੂੰ ਮੌਕਾ ਮਿਲੇ ਤਾਂ ਕਮਾਲ ਕਰ ਸਕਦੀ ਹੈ।"
"ਹਾਂ! ਇਸਦਾ ਕਮਾਲ ਮੈਂ ਦੋ ਵਾਰ ਵੇਖਿਆ ਹੈ।" ਦੀਪਕ ਸਰ ਨੇ ਮੁਸਕ੍ਰਾਅ ਕੇ ਸਲੋਨੀ ਵੱਲ ਵੇਖਿਆ। ਉਹ ਘਾਬਰ ਗਈ।
"ਬੱਸ! ਇਕ ਜੌਹਰੀ ਦੀ ਲੋੜ ਹੈ , ਫਾਗੂ।"
ਕਾਂਗੜੀ-ਭਲਵਾਨ ਸਲੋਨੀ ਦੀਆਂ ਲੱਤਾਂ ਕੰਬ ਰਹੀਆਂ ਸਨ। ਉਸਦੀਆਂ ਨਿੱਕੀਆਂ ਅੱਖਾਂ ਵਿਚ ਗੁੰਝਲ ਡੂੰਘੀ ਹੋਈ ਹੋਈ ਸੀ। ਇੱਕ ਝੇਂਪੀ ਜਿਹੀ ਮੁਸਕਾਨ ਕਾਲੇ ਬੁੱਲ੍ਹਾਂ 'ਤੇ। ਉਹ ਰੋਮਾਂਚ ਅਤੇ ਜੋਸ਼ ਨਾਲ ਭਰ ਗਈ ਸੀ।
"ਸ਼ਾਂਤ ਹੋ ਜਾ। ਆਪਣੇ 'ਤੇ ਕਾਬੂ ਰੱਖ।" ਸਲੋਨੀ ਚੌਕਸ।
"ਗ਼ੌਰ ਨਾਲ ਮੇਰੀ ਗੱਲ ਸੁਣ। ਬੈਠ।"
ਸਾਹਮਣੇ ਵਾਲੀ ਨਿੱਕੀ ਜਿਹੀ ਚਟਾਈ 'ਤੇ ਬਹਿ ਗਈ ਸੀ।
"ਤੈਨੂੰ ਹਾਕੀ ਸੈਂਟਰ ਵਿਚ ਟ੍ਰੇਨਿੰਗ ਲੈਣੀ ਚਾਹੀਦੀ ਹੈ।"
ਉਹ ਉਤਾਵਲੀ ਹੋ ਗਈ ਸੀ। ਝੱਟ ਬੋਲੀ ਸੀ, "ਆਪਾਂ ਨੂੰ ਮਨਜ਼ੂਰ ਐ, ਪੂਰਾ ਈ ਮਨਜ਼ੂਰ ਐ। ਪਰ ਹੋਏਗਾ ਕਿਵੇਂ?"
"ਆਪਣੇ ਬਾਬਾ ਨਾਲ ਆਈਂ। ਮੈਂ ਰਿਕਮੈਂਡ ਕਰ ਦਿਆਂਗਾ।"
"ਬਾਬਾ ਨੂੰ ਤੁਸੀਂ ਮਿਲ ਕੇ ਜਾਇਓ ਸਰ।"
ਉਹ ਇੱਕ ਗਰਮ ਦੁਪਹਿਰੀ ਸੀ। ਚਾਰੇ ਪਾਸੇ ਸੰਨਾਟਾ ਛਾਇਆ ਸੀ। ਪਰ ਸਲੋਨੀ ਨੂੰ ਲੱਗਾ ਸੀ, ਦ੍ਰਖ਼ਤ ਦੀਆਂ ਟਹਿਣੀਆਂ ਬਿਨ ਹਵਾ ਦੇ ਹਿੱਲਣ ਲੱਗੀਆਂ ਹਨ, ਪੱਤਿਆਂ ਦਾ ਰੰਗ ਝੱਟ ਹੀ ਬਹੁਤ ਚਮਕੀਲਾ ਹੋ ਗਿਆ ਹੈ।
ਸਿੰਬਲ ਦੇ ਲਾਲ ਦਹਿਕਦੇ ਫੁੱਲਾਂ ਨੂੰ ਤੱਕਦੀ ਸਲੋਨੀ ਦੀਆਂ ਅੱਖਾਂ ਵਿਚ ਉੱਮੀਦ ਦੀ ਸਤਰੰਗੀ ਪੀਂਘ ਚਮਕ ਪਈ।
ਬਾਬਾ ਦੇ ਘਰ ਆਉਣ 'ਤੇ ਸਾਰੀਆਂ ਗੱਲਾਂ ਸਮਝਾਈਆਂ ਗਈਆਂ। ਹੈਰਾਨੀ ਵਿਚ ਉਹ ਘਾਬਰ ਜਿਹੇ ਗਏ।
"ਅਜਿਹਾ ਕਿਵੇਂ ਹੋ ਸਕਦਾ ਐ?"
"ਕੀ ਨਹੀਂ ਹੋ ਸਕਦਾ? ਹੁਨਰ, ਲਗਨ ਦੀ ਇੱਜ਼ਤ ਹੋਣੀ ਚਾਹੀਦੀ ਹੈ। ਅਸੀਂ ਤਾਂ ਅਜਿਹੇ ਪਲੇਯਰ ਨੂੰ ਟੋਲਦੇ ਰਹਿੰਦੇ ਹਾਂ।"
ਬਾਬਾ ਨੂੰ ਭਰੋਸਾ ਹੋ ਗਿਆ।
"ਹਾਂ, ਸਰ! ਮੰਈਯਾ ਨੂੰ ਲੈ ਕੇ ਆਵਾਂਗੇ।"
ਬਾਬਾ ਅਤੇ ਸਲੋਨੀ ਦੋ ਦਿਨਾਂ ਬਾਅਦ ਹੀ ਤਿਆਰ ਹੋ ਕੇ ਤੈਅ ਥਾਂ 'ਤੇ ਪਹੁੰਚ ਗਏ। ਸਲੋਨੀ ਨੂੰ ਜੌਹਰੀ ਮਿਲ ਗਿਆ।

ਰਸੂਖਦਾਰ ਦੀਪਕ ਸਰ ਨੂੰ ਮਿਲਣਾ ਭਗਵਾਨ ਦਾ ਵਰਦਾਨ ਸਾਬਤ ਹੋਇਆ। ਉਨ੍ਹਾਂ ਦੇ ਦਮ 'ਤੇ 'ਆਵਾਸੀ ਹਾਕੀ ਪ੍ਰਸ਼ਿੱਕਸ਼ਣ ਕੇਂਦਰ' ਵਿਚ ਦਾਖ਼ਲਾ ਮਿਲਣਾ ਟਰਨਿੰਗ ਪੌਇੰਟ ਸੀ।

ਫੇਰ ਮਿਲਿਆ ਘੁਮਿਆਰ ਦਾ ਚੱਕਾ ਅਤੇ ਅਣਘੜ ਮਿੱਟੀ ਘੜੀ ਜਾਣ ਲੱਗੀ। ਜਿਵੇਂ ਕਹਿੰਦੇ ਹਨ ਹੋਣਹਾਰ ਬੱਚੇ ਦੇ ਪੈਰ ਪੰਘੂੜੇ ਵਿਚ ਹੀ ਪਛਾਣ ਲਏ ਗਏ ਅਤੇ ਉੱਡਣ ਦਾ ਰਾਹ ਖੁੱਲ੍ਹ ਗਿਆ।

ਮਿਹਨਤ, ਲਗਨ, ਹੁਨਰ, ਇਕਾਗਰਤਾ ਅਤੇ ਪੱਕੇ ਇਰਾਦੇ ਨਾਲ ਉਸ ਨੇ ਪਹਿਲਾਂ ਕੋਚ ਦਾ ਦਿਲ ਜਿੱਤਿਆ। ਫੇਰ ਹੋਰ ਅਧਿਕਾਰੀਆਂ ਦਾ। ਉਨ੍ਹਾਂ ਸਾਰਿਆਂ ਨੂੰ ਸਲੋਨੀ ਨੇ ਨਿਰਾਸ ਵੀ ਨਹੀਂ ਕੀਤਾ।

ਪਿੰਡ ਪੱਧਰ 'ਤੇ ਜਿੱਤ ਹਾਸਲ ਹੋਈ। ਮਨ ਵਧਣ ਲੱਗਾ।

ਉਸਦੀ ਲਗਨ, ਹੁਨਰ ਦੇ ਕਾਇਲ ਟ੍ਰੇਨਰ ਮਿਸਟਰ ਐਨ ਟੂਡੂ ਨੇ ਸਲੋਨੀ ਉੱਤੇ ਖ਼ਾਸ ਧਿਆਨ ਦੇਣਾ ਸ਼ੁਰੂ ਕਰ ਦਿੱਤਾ।

ਓਧਰ "ਖੇਲੋਗੇ-ਕੁੱਦੋਗੇ ਹੋਓਗੇ ਖਰਾਬ" ਦਾ ਵਿਚਾਰ ਜ਼ਮੀਨ 'ਤੇ ਪਟਕਿਆ ਜਾ ਰਿਹਾ ਸੀ। ਦੇਸ਼ ਭਰ ਵਿਚ ਖੇਡਾਂ ਨੂੰ ਅਹਿਮੀਅਤ ਮਿਲਣ ਲੱਗੀ ਸੀ।

"ਖੇਲੋਗੇ-ਕੁੱਦੋਗੇ ਹੋਓਗੇ ਨਵਾਬ" ਅਨੇਕਾਂ ਘਰਾਂ ਵਿਚ ਦਾਖ਼ਲ ਹੋ ਚੁੱਕਾ ਸੀ। ਘਰਾਂ ਦੀਆਂ ਬੰਦਸ਼ਾਂ ਮੁੱਕ ਰਹੀਆਂ ਸਨ, ਏਧਰ ਬੇਟੀਆਂ ਮੈਡਲ-ਸ਼ੀਲਡਾਂ ਨਾਲ ਮੁਲਕ ਦਾ ਨਾਂ ਰੌਸ਼ਨ ਕਰ ਰਹੀਆਂ ਸਨ।

ਸਲੋਨੀ ਦੀਆਂ ਝੋਲੀਆਂ ਵੀ ਭਰਨ ਲੱਗੀਆਂ।

ਜ਼ਿਲ੍ਹਾ ਪੱਧਰੀ, ਸੂਬਾ ਪੱਧਰੀ, ਰਾਸ਼ਟ੍ਰੀ ਮੁਕਾਬਲੇਬਾਜ਼ਾਂ ਵਿਚ ਉਸਦੇ ਨਾਂ ਦਾ ਡੰਕਾ ਵੱਜਣ ਲੱਗਾ ਸੀ। ਉਸ ਨੇ ਕਈ ਖ਼ਿਤਾਬ ਆਪਣੇ ਨਾਂ ਕੀਤੇ।

ਫੇਰ ਬਾਬਾ ਨੇ ਉਸਦੀ ਕੀਮਤੀ ਹਾਕੀ ਸਟਿੱਕ ਜੁਟਾਉਣ ਲਈ ਆਪਣੀ ਨਿੱਕੀ ਜਿਹੀ ਹੱਟੀ ਵੀ ਵੇਚ ਦਿੱਤੀ।

ਮਦਦ ਦੇ ਕਈ ਹੱਥ ਆਪੇ ਵਧ ਆਏ। ਸਰਕਾਰ ਵੀ ਜਾਗੀ।

ਸਲੋਨੀ ਨੇ ਸੱਚਮੁਚ ਉਹ ਕਰ ਵਿਖਾਇਆ, ਜੋ ਮੁੰਡੇ ਨਾ ਕਰ ਸਕੇ। ਕੁਝ ਹੀ ਦਿਨਾਂ ਵਿਚ ਉਹ ਖੇਡ ਜਗਤ ਦੀ ਨਾਮੀ ਹਸਤੀ ਬਣ ਗਈ। ਉਸਦੇ ਛੁਹਾਰੇ ਵਰਗੇ ਸੁੱਕੇ ਚਿਹਰੇ 'ਤੇ ਸੁੱਖ ਦੀਆਂ ਤੈਹਾਂ ਆਉਣ ਲੱਗੀਆਂ। ਦੇਹ ਭਰ ਆਈ, ਸੁਡੌਲ।

ਸਮਾਂ ਮਿਲਦਾ ਹੈ ਤਾਂ ਉਹ ਹੁਣ ਵੀ ਸੋਹਰਾਈ ਪੇਂਟਿੰਗ ਬਣਾਉਂਦੀ ਹੈ। ਹਾਕੀ ਦੀ ਡਾਢੀ ਪ੍ਰੈਕਟਿਸ ਤੋਂ ਬਾਅਦ ਉਹ ਜਦੋਂ ਘਰ ਜਾਂਦੀ, ਬਾਕੀ ਕੰਧਾਂ ਨੂੰ ਚਿੱਤਰਦੀ, ਮੋਰ, ਢੇਕੀ ਚਲਾਉਂਦੀਆਂ ਤੀਵੀਆਂ ਨਾਲ, ਮਾਂਦਰ ਵਜਾਉਂਦੇ ਕਲਾਕਾਰ ਨਾਲ। ਉਸਦਾ ਦੂਸਰਾ ਸ਼ੌਕ। ਆਪਣੇ ਸੂਬੇ ਦੀ ਇਸ ਪੁਰਾਣੀ, ਰਵਾਇਤੀ ਕਲਾ ਨੂੰ ਵੀ ਉਹ ਏਨੀ ਹੀ ਲਗਨ ਨਾਲ ਕਰਦੀ ਹੈ।

ਪਹਿਲਾਂ ਰੋਟੀ ਕਮਾਉਣ ਲਈ ਕਦੇ-ਕਦਾਈਂ ਦੂਜਿਆਂ ਦੀਆਂ ਕੰਧਾਂ ਵੀ ਚਿੱਤਰ ਦਿੰਦੀ ਹੁੰਦੀ ਸੀ।

ਸਲੋਨੀ ਨੇ ਪਾਸਾ ਪਲਟਿਆ। ਚੇਤੇ ਆਇਆ, ਕਿਸਮਤ ਦੇ ਕਰਵਟ ਬਦਲਣ ਤੋਂ ਪਹਿਲਾਂ ਟਿੱਚਰਾਂ ਦੇ ਰੋੜੇ ਵੀ ਘੱਟ ਨਹੀਂ ਮਿਲੇ।

ਖੇਡਣ ਦੀ ਲਾਲਸਾ ਵਿਚ ਉਸਦੇ ਰਸਤੇ ਵਿਚ ਨਫ਼ਰਤ, ਵਿਰੋਧ ਵੀ ਵਾਧੂ। ਆਪਣੀ ਭਤੀਜੀ 'ਤੇ ਟਿਕਟਿਕੀ ਲਾ ਰਹੇ ਸ਼ਖ਼ਸ ਨੇ ਕਿਹਾ ਸੀ,

"ਇਹਨੇ ਕੀ ਚੱਲਣਾ। ਕੁਝ ਦਿਨਾਂ ਵਿਚ ਵੇਖਣਾ ਨਾਂ ਡੋਬ ਦਏਗੀ ਹਾਕੀ ਸੈਂਟਰ ਦਾ।"

ਕਈ ਰੋੜੇ, ਦਾਖ਼ਲੇ ਵਿਚ ਚੋਣ ਦੇ ਵੇਲੇ ਤੋਂ ਹੀ। ਤਕਰੀਬਨ ਗਾਲ੍ਹਾਂ ਦੀ ਭਾਸ਼ਾ ਵਿਚ ਵਿਰੋਧ ਹੁੰਦਾ ਸੀ। ਸ਼ੁਰੂਆਤ ਵਿਚ ਏਸੇ ਕਰਕੇ ਉਸਦੇ ਚਿਹਰੇ 'ਤੇ ਕਦੇ ਸਵੈ-ਭਰੋਸਾ ਨਾ ਆਇਆ। ਥਾਂ-ਥਾਂ ਖੇਡਦਿਆਂ, ਜਿੱਤਦਿਆਂ ਹੋਇਆਂ ਵੀ ਮਨ ਵਿਚ ਸ਼ੰਕਾ-ਕੁਸ਼ੰਕਾ ਦੀ ਘਬਰਾਹਟ।

ਮਨ ਦਾ ਚੈਨ, ਰਾਤਾਂ ਦੀ ਨੀਂਦ ਖੋਹੀ ਜਾਂਦੀ। ਬੇਚੈਨੀ, ਛਟਪਟਾਹਟ ਅਤੇ ਭੈਅ ਦਾ ਕੱਦ ਵਧ ਜਾਂਦਾ।

ਮੁੜ ਮੁੜ ਪੱਕਾ ਇਰਾਦਾ ਡੂੰਘਾ ਹੁੰਦਾ, ਮੁੜ ਮੁੜ ਹਿੱਲਦਾ ਵਜੂਦ।

ਜੰਗਲ ਵਿਚ ਵਸੇ ਧੁਰ ਪੱਛੜੇ ਪਿੰਡ ਦੀ ਅੱਲ੍ਹੜ ਕੁੜੀ ਨੇ ਕਈਆਂ ਨੂੰ ਪਛਾੜ ਕੇ ਕਪਤਾਨੀ ਹਾਸਲ ਕੀਤੀ ਤਾਂ ਟਿੱਚਰਾਂ, ਸਾੜਾ, ਨਫ਼ਰਤਾਂ, ਅੜਿੱਕੇ ਵਧ ਗਏ ਸਨ।

"ਪਊਏ, ਪੈਸੇ ਦੇ ਜ਼ਮਾਨੇ ਵਿਚ ਇਹ ਕਿਵੇਂ ਏਨਾ ਅੱਗੇ ਵਧ ਗਈ?"

ਚੋਟੀ ਦਿਆਂ, ਧੁਰੰਦਰਾਂ, ਨੂੰ ਹੈਰਾਨੀ। ਕੁਝ ਨੂੰ ਚਿੜ ਵੀ।

ਆਮ ਨਾਲੋਂ ਕੁਝ ਉੱਚਾ ਕੱਦ ਹੋ ਗਿਆ ਉਸਦਾ। ਉਸ ਤੋਂ ਬਾਅਦ ਤਾਂ ਉਹ ਹੱਦੋਂ ਵੱਧ ਰੁੱਝੀ ਰਹਿਣ ਲੱਗੀ।

ਉਸ ਨੇ ਦੀਪਕ ਸਰ ਨੂੰ ਕਿਹਾ ਸੀ,

"ਤੁਸੀਂ ਰਾਹ ਦਿਖਾਇਆ, ਸਰ! ਨਾ ਦਿਖਾਂਦੇ ਤਾਂ ਆਪਣਾ ਦਮ ਘੁਟ ਜਾਂਦਾ। ਆਪਾਂ ਸਟਿੱਕ ਅਤੇ ਗੇਂਦ ਬਿਨਾ ਨਹੀਂ ਰਹਿ...।"

ਉਨ੍ਹਾਂ ਉਸ ਦੇ ਸਿਰ 'ਤੇ ਹੱਥ ਰੱਖਿਆ ਸੀ।

*"ਤੂੰ ਜ਼ਿੰਦਾ ਹੈਂ ਤਾਂ ਜ਼ਿੰਦਗੀ ਦੀ ਜਿੱਤ 'ਤੇ ਯਕੀਨ ਕਰ।"*

ਅੱਜ ਕੱਲ੍ਹ ਉਹ ਵੀ ਬੋਲਣ ਲੱਗੀ ਹੈ ਉਨ੍ਹਾਂ ਦੀ ਬੋਲੀ।

*"ਖੰਭਾਂ ਵਿਚ ਕਿੱਥੇ ਜਾਨ ਹੁੰਦੀ ਐ<br>ਮਨ ਦੇ ਹੌਸਲੇ ਨਾਲ ਉਡਾਨ ਹੁੰਦੀ ਹੈ।"*

ਇਹੀ ਤਾਂ ਉਸ ਨੂੰ ਕਹਿੰਦੇ ਸਨ ਕੋਚ ਟੂਡੂ ਸਰ। ਉਸ ਨੇ ਗੰਢ ਬੰਨ੍ਹ ਲਈ ਸੀ ਦੋਹਾਂ ਦੀਆਂ ਗੱਲਾਂ ਦੀ।

ਸਲੋਨੀ ਦੀਆਂ ਅੱਖਾਂ ਵਿਚ ਹੰਝੂ ਆ ਗਏ ਸਨ, ਜਦੋਂ ਰੇਲਵੇ ਦੀ ਨੌਕਰੀ ਔੱਫ਼ਰ ਕੀਤੀ ਗਈ ਸੀ। ਕਿਆਸ ਤੋਂ ਪਰ੍ਹੇ ਸੀ, ਕੱਚਾ ਘਰ ਨਹੀਂ, ਇੱਕ ਦਿਨ ਪੱਕਾ ਘਰ ਹੋਏਗਾ। ਓਦੋਂ ਘਰ ਦੀ ਹਾਲਤ ਵਿਚ ਤਬਦੀਲੀ ਆਈ। ਲਾਈਫ਼ ਸਟਾਈਲ ਬਦਲ ਗਿਆ।

ਸਲੋਨੀ ਦੀਆਂ ਅੱਖਾਂ ਛੱਤ 'ਤੇ ਜਾ ਟਿਕੀਆਂ। ਮਨ ਵਿਚ ਖ਼ੁਸ਼ੀ, ਸੰਤੋਖ ਅਤੇ ਯਾਦਾਂ ਦੀ ਬਾਰਿਸ਼ ਗੜ੍ਹਕਾਂ ਚਮਕਾਂ ਨਾਲ ਪੈ ਰਹੀ ਸੀ!

ਡੁੰਗਡੁੰਗ ਅਤੇ ਸੋਮਰਾਇ ਟੇਟੇ ਹੁਣੇ ਮੁੜ ਉਸ ਦੇ ਸੁਫ਼ਨਿਆਂ ਵਿਚ ਟਹਿਲਦੇ ਨਜ਼ਰ ਆ ਗਏ। ਉਸਦੇ ਹੱਥ ਜੁੜ ਗਏ।

ਅੱਜ ਮੈਦਾਨ 'ਤੇ ਆਪਣੇ, ਟੀਮ ਅਤੇ ਦੇਸ਼ ਦੇ ਨਾਂ ਦੀ ਗੂੰਜ ਅਜੇ ਤੱਕ ਕੰਨਾਂ ਵਿਚ ਰਸ ਘੋਲ ਰਹੀ ਹੈ।

ਉਸਨੇ ਮਾਯ-ਬਾਬਾ ਨੂੰ ਮਨ ਹੀ ਮਨ ਹੱਥ ਜੋੜ ਕੇ "ਜੋਹਾਰ!" ਕਿਹਾ।

"ਹਾਕੀ ਤਾਂ ਆਪਣੇ ਦੇਸ਼ ਦੀ ਹੀ ਖੇਡ ਹੈ। ਕ੍ਰਿਕੇਟ ਵਾਂਗ ਇਸ ਵਿਚ ਵੀ ਦੇਸ਼ ਨੇ ਆਪਣਾ ਝੰਡਾ ਉੱਚਾ ਰੱਖਣਾ ਹੈ।"

ਉਹ ਸੋਚਦੀ, 'ਦੀਪਕ ਸਰ ਠੀਕ ਕਹਿੰਦੇ ਹਨ। ਸਾਡੇ ਸੂਬੇ ਵਿਚ ਕਿੰਨੇ ਅੱਛੇ ਲੋਕ ਖੇਡਦੇ ਹਨ।"

ਉਹ ਅਕਸਰ ਕਹਿੰਦੇ ਸਨ, "ਆਦਿਵਾਸੀ ਖਿਡਾਰੀ ਕਾਂਗੜੀ-

ਭਲਵਾਨ ਵੀ ਹੋਣ ਤਾਂ ਅੰਦਰੋਂ ਮਜ਼ਬੂਤ ਹੁੰਦੇ ਹਨ, ਵਜ੍ਹਾ- ਮੋਟਾ ਅੰਨ, ਜੰਗਲ ਪਹਾੜ ਦੀ ਸ਼ੁੱਧ ਹਵਾ ਵਿਚ ਵਾਹਵਾ ਪੈਦਲ ਤੁਰਨਾ, ਵਾਹਵਾ ਮਿਹਨਤ।''

ਫੇਰ ਹੱਸਦੇ।

''ਮੇਰੀ ਪਹਿਲੀ ਪਸੰਦ ਤਾਂ ਬਈ ਇਹੀ ਹੈ।''

**********

ਜਦੋਂ ਸਲੋਨੀ ਦੇ ਮਨ ਦੀ ਫ਼ਿਲਮ ਰੁਕੀ, ਪਹੁ ਫੁੱਟ ਰਹੀ ਸੀ। ਉਸ ਨੂੰ ਦੇਸ਼ ਦਾ ਸੂਰਜ ਚੜ੍ਹਨਾ, ਸੂਰਜ ਡੁੱਬਣਾ ਅਤੇ ਚੰਨ ਚੇਤੇ ਆਇਆ।

ਉਸਨੇ ਇੱਕ ਨਿਗਾਹ ਸਾਥੀ ਖਿਡਾਰੀਆਂ ਦੀ ਟੀਮ ਉੱਤੇ ਵੀ ਪਾਈ। ਬੇਸੁਧ, ਘੁਰਾੜਿਆਂ ਵਿਚ ਡੁੱਬੀਆਂ, ਸੁੱਖ ਸੁਫ਼ਨਿਆਂ ਵਿਚ ਡੁੱਬੀਆਂ।

ਆਖਿਰ ਉਨ੍ਹਾਂ ਦੀ ਟੀਮ ਨੇ ਵਿਦੇਸ਼ ਦੀ ਮਸ਼ਹੂਰ ਮੁਕਾਬਲੇਬਾਜ਼ ਟੀਮ ਨੂੰ ਫ਼ਾਈਨਲ ਵਿਚ 6-0, 6-0 ਅਤੇ 4-2 ਨਾਲ ਮਾਤ ਦੇ ਕੇ ਗੋਲਡ ਮੈਡਲ ਹਾਸਿਲ ਕੀਤਾ ਸੀ।

ਗੋਲਕੀਪਰ ਨੂੰ ਟਿਕਾਅ ਕੇ ਗੋਲ ਕਰਦੀ ਸਲੋਨੀ ਦੀ ਖੇਡ ਵੇਖਣ ਲਈ ਲੱਖਾਂ ਲੋਕ ਉਤਾਵਲੇ ਸਨ। ਸਟਿੱਕ ਚੁੱਕੀ ਚਲਾਕੀ ਨਾਲ ਤੇਜ਼ ਭੱਜ ਕੇ ਹਿੱਟ ਕਰਦੀ ਸਲੋਨੀ ਦੇ ਬੇਸ਼ੁਮਾਰ ਫ਼ੈਨ।

ਉਸ ਨੇ ਸਭ ਨੂੰ ਜਗਾਇਆ।

''*ਉਠ ਜਾਗ ਮੁਸਾਫ਼ਿਰ ਭੋਰ ਭਈ
ਅਬ ਰੈਨ ਕਹਾਂ ਜੋ ਸੋਵਤ ਹੈ।*''

ਨਾਸ਼ਤੇ ਵਿਚ ਐੱਪਲ ਜੂਸ ਅਤੇ ਟੋਸਟ, ਆਂਡੇ ਖਾਂਦਿਆਂ ਹੋਇਆਂ ਵੀ ਪਹਿਲਾਂ ਸਲੋਨੀ ਦੀ ਚਹਿਲਕਦਮੀ।

''ਸਭਾਂ ਦੀਆਂ ਗੱਲਾਂ ਸੁਣ ਇੱਕ ਵੇਲੇ ਤਾਂ ਆਪਾਂ ਖੇਡ ਤੋਂ ਦੂਰ ਹੋ ਗਏ ਸੀ।''

ਉਸਨੇ ਉੱਤਰਾਖੰਡ ਤੋਂ ਆਈ ਉਪ ਕਪਤਾਨ ਅਨਾਮਿਕਾ ਨੂੰ ਅਚਾਨਕ ਕਿਹਾ ਤਾਂ ਉਸ ਵੀ ਸਹਿਮਤੀ ਵਿਚ ਕਿਹਾ, ''ਹਾਂ! ਆਪਾਂ ਆਪਣੇ ਆਪ ਨੂੰ ਪਰੂਵ ਕਰਦੇ ਰਹਿਣਾ ਹੈ, ਸਲੋਨੀ। ਸਾਨੂੰ ਛੋਟੇ ਘਰ ਤੋਂ ਆਏ ਪਲੇਯਰਾਂ ਨੂੰ ਤਾਂ ਜ਼ਰੂਰ।''

ਅਸਮ ਦੇ ਸਾਧਾਰਨ ਪਿੰਡ ਤੋਂ ਆਈ ਨੀਤਾ ਵੀ ਆ ਰਲ਼ੀ, ''ਪੱਛੜੇ ਇਲਾਕੇ ਦਾ ਲੇਬਲ ਸਾਥੋਂ ਲਹਿੰਦਾ ਨਹੀਂ।''

''ਦੀਪਕ ਸਰ, ਕੋਚ ਟੁਡੂ ਅਤੇ ਮੇਰੇ ਬਾਬਾ-ਮਾਯ ਦਾ ਵਿਸ਼ਵਾਸ ਕਦੇ ਨਹੀਂ ਡੋਲਿਆ। ਉਹ ਸਾਰੇ ਨਾ ਹੁੰਦੇ ਤਾਂ.....''

ਉਹ ਮੁਸਕ੍ਰਾਈ। ਦੂਸਰੇ ਟੇਬਲ 'ਤੇ ਬੈਠੀ ਟੀਮ ਦੇ ਹੋਰ ਖਿਡਾਰੀਆਂ ਵੱਲ ਵੇਖਦੀ ਬੋਲੀ,

''ਦੀਪਕ ਸਰ ਕਹਿੰਦੇ ਹਨ, ਪੱਛੜੇ ਇਲਾਕਿਆਂ ਤੋਂ ਹੀ ਅਸਲੀ ਹੁਨਰ ਆ ਰਹੇ ਹਨ।''

ਸਲਾਘਾ, ਭਰੋਸਾ, ਪਰਸੰਸਾ ਦੀ ਖਾਦ ਨੇ ਕਿੰਨਾ ਬੂਸਟ ਕੀਤਾ ਸੀ, ਉਸਨੂੰ ਚੇਤੇ ਹੈ।

''ਚੋਣ ਕਰਨ ਵਾਲੀ ਕਮੇਟੀ ਨਾਲ ਭਿੜ ਗਏ ਸਨ ਦੀਪਕ ਸਰ ਅਤੇ ਟੁਡੂ ਸਰ ਮੇਰੇ ਲਈ।''

''ਅਜਿਹੇ ਹੁਨਰਮੰਦਾਂ ਵਿਚ ਲਗਨ, ਮਿਹਨਤ, ਖੇਡ ਭਾਵਨਾ ਕੁੱਟ ਕੁੱਟ ਕੇ ਭਰੀ ਹੁੰਦੀ ਹੈ। ਇਗਨੋਰ ਨਹੀਂ ਕਰ ਸਕਦੇ।'' ਦੀਪਕ ਸਰ ਨੇ ਚੋਣ ਕਰਨ ਦੇ ਸਮੇਂ ਕਿਹਾ ਸੀ।

ਟੁਡੂ ਸਰ ਵੀ ਬੋਲੇ ਸਨ,

''ਮਤ ਭੁੱਲੋ, ਇਸ ਤੋਂ ਪਹਿਲਾਂ ਵੀ ਜਿਨ੍ਹਾਂ ਨੇ ਇਤਿਹਾਸ ਰਚਿਆ ਹੈ, ਉਹ ਸਾਰੇ ਪਲੇਯਰ ਪੱਛੜੇ ਪਿੰਡਾਂ ਤੋਂ ਹੀ ਆਏ ਸਨ।''

ਭਾਰਤ ਨੇ ਹਾਕੀ ਵਿਚ ਅੱਜ ਤੱਕ ਓਲਿੰਪਿਕ ਵਿਚ ਜਿਹੜੇ ਅੱਠ ਸੋਨੇ ਦੇ, ਇੱਕ ਚਾਂਦੀ ਅਤੇ ਦੋ ਕਾਂਸੇ ਦੇ ਮੈਡਲ ਜਿੱਤੇ ਹਨ, ਉਸ ਵਿਚ ਅਜਿਹੇ ਪਲੇਯਰਜ਼ ਦਾ ਵੀ ਯੋਗਦਾਨ ਹੈ।''

''ਮਾਹੀ (ਧੋਨੀ) ਨੂੰ ਹੀ ਵੇਖ ਲਓ।''

''ਇਨ੍ਹਾਂ ਦੇ ਹੌਸਲੇ ਦੇਖੋ, ਇਨ੍ਹਾਂ ਦੀ ਉਡਾਨ ਵੇਖੋ, ਬੱਸ!''

ਅੱਡ-ਅੱਡ ਸਮੇਂ 'ਤੇ ਉਨ੍ਹਾਂ ਦੀਆਂ ਇੰਟਰਵਿਊਆਂ ਵਿਚ ਕਹੀਆਂ ਗੱਲਾਂ ਉਸ ਨੂੰ ਚੇਤੇ ਹਨ।

ਉਨ੍ਹਾਂ ਦੋਹਾਂ ਦੇ ਕਾਰਨ ਹੀ ਸਲੋਨੀ ਦੇ ਕਾਲੇ ਚਿਹਰੇ 'ਤੇ ਅੱਜ ਸਵੈ-ਭਰੋਸੇ ਦੀ ਸੱਚੀ ਚਮਕ ਸੀ।

''ਹਿੰਮਤ ਨਾਲ ਆਪਣਾ ਹੰਡ੍ਰੇਡ ਪਰਸੈਂਟ ਦਿੰਦੇ ਰਹੋ। ਕਿਸੇ ਹੋਰ ਗੱਲ 'ਤੇ ਕੰਨ ਨਾ ਧਰੋ।''

ਦੀਪਕ ਸਰ ਨੇ ਕਿਹਾ ਸੀ।

ਉਸ ਨੇ ਮੁੜ ਦੁਹਰਾਇਆ,

''*ਖੁੜ੍ਹਾਂ ਵਿਚ ਕਿੱਥੇ ਜਾਨ ਹੁੰਦੀ ਐ
ਮਨ ਦੇ ਹੌਸਲੇ ਨਾਲ ਉਡਾਨ ਹੁੰਦੀ ਹੈ।*''

ਓਸ ਟੇਬਲ ਦੇ ਸਾਂਝੇ ਠਹਾਕੇ ਨੇ ਹੋਟਲ ਦੇ ਡਾਈਨਿੰਗ ਹਾਲ ਨੂੰ ਕੋਸੀ ਮਿੱਠੀ ਧੁੱਪ ਨਾਲ ਨੁਹਾਅ ਦਿੱਤਾ।

''*ਤੂੰ ਜ਼ਿੰਦਾ ਹੈ ਤੋ ਜ਼ਿੰਦਗੀ ਕੀ ਜੀਤ ਪਰ ਯਕੀਨ ਕਰ,*'' ਆਖ ਕੇ ਸਲੋਨੀ ਉੱਠ ਪਈ।

''ਹੁਣ ਚੱਲੋ। ਰਿਪੋਰਟਿੰਗ ਟਾਈਮ ਤੋਂ ਪਹਿਲਾਂ ਏਅਰਪੋਰਟ ਪਹੁੰਚਣਾ ਹੈ। ਤਿਆਰ ਵੀ ਹੋਣਾ ਹੈ ਨਾ।''

ਟ੍ਰਾਊਜ਼ਰ ਅਤੇ ਟੀ ਸ਼ਰਟ ਪਹਿਨੀ ਸਲੋਨੀ ਟੀਮ ਦੇ ਮੈਂਬਰਾਂ ਨਾਲ ਹਾਲ ਤੋਂ ਬਾਹਰ ਆ ਗਈ।

**********

ਪਲੇਨ ਵਿਚ ਆਪਣੀ ਰਾਜਧਾਨੀ ਰਾਂਚੀ ਦੇ ਬਿਰਸਾ ਮੁੰਡਾ ਏਅਰਪੋਰਟ 'ਤੇ ਉਤਰਨ ਵੇਲੇ ਉਸ ਨੇ ਏਅਰ ਹੋਸਟੈੱਸ ਦੇ ਚਿਹਰੇ 'ਤੇ ਆਦਰਭਾਵ ਵੇਖਿਆ। ਨਕਲੀ ਪ੍ਰੋਫ਼ੈੱਸ਼ਨਲ ਨਹੀਂ, ਅਸਲੀ ਪਿਆਰੀ ਮੁਸਕ੍ਰਾਹਟ ਮਹਿਸੂਸ ਕੀਤੀ। ਸਲੋਨੀ ਦੇ ਅੱਗੇ ਵਧ ਜਾਣ ਤੋਂ ਬਾਅਦ ਵੀ ਏਅਰ ਹੋਸਟੈੱਸ ਉਸ ਨੂੰ ਤੱਕਦੀ ਰਹੀ।

ਦੇਸ਼ ਦੀ ਧਰਤੀ 'ਤੇ ਕਦਮ ਰੱਖਦਿਆਂ ਹੀ ਪੂਰੀ ਟੀਮ ਹੋਰ ਖ਼ੁਸ਼।

ਲਗੇਜ ਬੈਲਟ ਤੋਂ ਆਪਣਾ ਆਪਣਾ ਸਮਾਨ ਲਿਆ ਅਤੇ ਸਭ ਬਾਹਰ ਗੇਟ ਵੱਲ ਵਧ ਗਈਆਂ।

ਗੇਟ ਦੇ ਕੋਲੋਂ ਹੀ ਸਲੋਨੀ ਦੀ ਨਜ਼ਰ ਪਹਿਲੀ ਕਤਾਰ ਵਿਚ ਖੜ੍ਹੇ ਪਰਵੀਨ ਕੁਮਾਰ ਅਤੇ ਰਾਮ ਵਿਕਾਸ ਉੱਤੇ ਪਈ। ਉਹ ਸੁਆਗਤ ਵਿਚ ਗਰਮਜੋਸ਼ੀ ਨਾਲ ਸੱਜਾ ਹੱਥ ਹਿਲਾਉਂਦੇ ਨਜ਼ਰ ਆਏ। ਉਨ੍ਹਾਂ ਦੇ ਖੱਬੇ ਹੱਥ ਵਿਚ ਗੁਲਾਬਾਂ ਦੀ ਲਾਲੀ ਨਾਲ ਸਜੇ ਵੱਡੇ ਵੱਡੇ ਕਲਾਮਈ ਬੁਕੇ ਸਨ।

ਉਹ ਦੰਗ ਰਹਿ ਗਈ। ਕਦੇ ਇਹ ਲੋਕ ਉਸ ਉੱਤੇ ਖੁੱਲ੍ਹ ਕੇ ਹੱਸਦੇ ਸਨ। ਰੋੜਿਆਂ ਦਾ ਮੀਂਹ ਜਿਹਾ ਵਰ੍ਹਾਉਂਦੇ ਸੀ, ਸਭ ਤੋਂ ਵੱਡੇ ਵਿਰੋਧੀ। ਰੋੜੇ ਅਟਕਾਉਣ ਵਾਲੇ, ਅੜਿੱਕੇ ਪਾਉਣ ਵਾਲੇ, ਲੱਤਾਂ ਖਿੱਚਣ ਵਾਲੇ।

''ਇਹ ਦੋਏ ਅੱਖ ਮਿਲਾਅ ਸਕਣਗੇ? ਖੁੱਲ੍ਹ ਕੇ ਮਿਲ ਪਾਉਣਗੇ?'' ਉਸਦੇ ਮਨ ਵਿਚ ਉੱਠਿਆ।

''ਸਫ਼ਲਤਾ ਦੇ ਵੀ ਰਿਸ਼ਤੇ ਹੁੰਦੇ ਹਨ, ਜਿਵੇਂ ਕੁਰਸੀ ਦੇ।''

ਦੀਪਕ ਸਰ ਦੀ ਗੱਲ ਵਿਚ ਜਾਨ-ਪਾਉਣੇ ਬੱਦਲ ਦੀ ਉਮੜ-ਘੁਮੜ।

''ਸੱਚੀ ਖ਼ੁਸ਼ ਵਿਰੋਧੀਆਂ ਦੀ ਪਰਸੰਸਾ ਤੋਂ ਮਿਲਦੀ ਹੈ। ਇੱਕ ਦਿਨ ਇਹੀ ਲੋਕ ਨਾਂ ਲੈਣਗੇ।''

ਸਲੋਨੀ ਇੱਕ ਵਾਰ ਵੀ ਰੁਕੇ ਬਿਨਾ, ਆਤਮ-ਵਿਸ਼ਵਾਸੀ ਮੁਸਕਾਨ ਬੁੱਲ੍ਹਾਂ 'ਤੇ ਲਈ ਬੁਕੇ ਲੈਣ ਅੱਗੇ ਵਧ ਆਈ।

1 सी, डी ब्लॉक, सत्यभामा ग्रैंड, कुसई, डोरंडा, राँची, झारखण्ड -834002 rashmianita25@gmail.com

# ਵੱਡਾ ਤਪੱਸਵੀ

## ਅੰਮ੍ਰਿਤ ਕੌਰ

"ਭਜਨੋ! ਕੁੜੇ ਭਜਨੋ!! ਆ ਜਾ...ਆਪਾਂ ਵੀ ਜਾ ਆਈਏ।" ਬਚਨੋ ਨੇ ਗਲੀ ਵਿੱਚੋਂ ਹੀ ਅਵਾਜ਼ ਮਾਰੀ । ਬਚਨੋ ਦੀ ਅਵਾਜ਼ ਸੁਣਦਿਆਂ ਭਜਨੋ ਹਥਲਾ ਕੰਮ ਛੇਤੀ ਨਾਲ ਸਮੇਟਦਿਆਂ ਬੂਹੇ ਅੱਗੇ ਆ ਗਈ।
"ਐਨੇ ਟੀਟ ਦੁਪਹਿਰੇ 'ਚ ਕਿੱਥੇ ਜਾਣੈਂ ਕੁੜੇ?" ਉਸ ਨੇ ਪੁੱਛਿਆ।
"ਆਪਣੇ ਬਾਹਰਲੇ ਡੇਰੇ ’ਤੇ ਇੱਕ ਤਪੱਸਵੀ ਆਇਆ ਹੋਇਐ। ਕਹਿੰਦੇ ਨੇ... ਬਹੁਤ ਪਹੁੰਚਿਆ ਹੋਇਐ, ਐਨੀ ਗਰਮੀ 'ਚ ਚਾਰੇ-ਪਾਸੇ ਧੂਣੀਆਂ ਲਾ ਕੇ ਵਿਚਾਲੇ ਬੈਠੈ।" ਬਚਨੋ ਨੇ ਚੁੰਨੀ ਦੇ ਲੜ ਨਾਲ ਬੰਨ੍ਹੇਂ ਰੁਪਏ ਠੀਕ ਕਰਦਿਆਂ ਕਿਹਾ।
ਭਜਨ ਕੌਰ ਆਪਣੀ ਹਥੇਲੀ ਤੋਂ ਦੂਜੇ ਹੱਥ ਦੇ ਨਹੁੰਆਂ ਨਾਲ ਆਟਾ ਖੁਰਚਦਿਆਂ ਕੁਝ ਸੋਚ ਰਹੀ ਸੀ। ਬਚਨੋ ਨੇ ਫਿਰ ਕਿਹਾ,
"ਕੰਮ ਤਾਂ ਭੈਣੇਂ ਸਾਰੀ ਉਮਰ ਨੀ ਮੁੱਕਣੇ... ਪਤਾ ਨੀ ਕਿਹੜੇ ਵੇਲੇ ਦੀ ਸੇਵਾ ਨਾਲ਼ ਬੰਦਾ ਤਰ ਜਾਂਦੈ।"
"ਬਚਨੋ, ਮੈਨੂੰ ਇੱਕ ਗੱਲ ਦੀ ਸਮਝ ਨੀ ਆਉਂਦੀ।" ਭਜਨੋ ਬੋਲੀ।
"ਕਿਹੜੀ ਗੱਲ ਦੀ?" ਉਸ ਨੇ ਪੁੱਛਿਆ।
"ਆਪਾਂ ਤਰ ਕੇ ਜਾਣਾ ਕਿੱਥੇ ਐ? ਆਪਾਂ ਤਾਂ ਘਰੋਂ ਖੇਤ, ਖੇਤੋਂ ਘਰੇ ਜਾਂ ਕਿਤੇ ਖੁਸ਼ੀ ਗਮੀ 'ਚ ਕਿਸੇ ਰਿਸ਼ਤੇਦਾਰੀ 'ਚ... ਨਾਲ਼ੇ ਜੇ ਸਾਰੀ ਦੁਨੀਆਂ ਤਰਨ ਲੱਗ ਪਈ... ਆਹ ਤਰਨ ਵਾਲ਼ਿਆਂ ਦੀਆਂ ਰੋਟੀਆਂ ਕੌਣ ਪਕਾਊ?"
ਬਚਨੋ ਦਾ ਮਨ ਸੰਤਾਂ ਦੇ ਚਰਨਾਂ ਨਾਲ ਈ ਜੁੜੇ ਰਹਿਣਾ ਚਾਹੁੰਦਾ ਸੀ। ਭਜਨੋ ਦੀ ਗੱਲ ਵੱਲ ਉਸ ਨੇ ਧਿਆਨ ਨਾ ਦਿੱਤਾ। ਉਹਨੇ ਫਿਰ ਕਿਹਾ,
"ਦੇਖ ਲੈ, ਐਨੀ ਗਰਮੀ ਵਿੱਚ ਆਲ਼ੇ ਦੁਆਲ਼ੇ ਧੂਣੀਆਂ ਲਾ ਕੇ ਬੈਠਣਾ ਕੋਈ ਮਾੜੀ ਮੋਟੀ ਗੱਲ ਨੀ... ਪੂਰਾ ਪਹੁੰਚਿਆ ਹੋਇਆ ਸੰਤ ਹੋਊ... ਅਹੇ ਜੇ ਸੰਤਾਂ ਦੇ ਦਰਸ਼ਨ ਕਰਮਾਂ ਨਾਲ ਈ ਨਸੀਬ ਹੁੰਦੇ ਨੇ... ਮੈਂ ਤਾਂ ਕਹਿਨੀ ਆਂ...ਛੱਡ ਘਰ ਦੇ ਫਿਕਰਾਂ ਨੂੰ.. ਥੋੜ੍ਹਾ ਅੱਗਾ ਵੀ ਸੁਆਰ ਲੀ’ਏ।"
"ਬਸ ਆਪਾਂ ਦੋਏ ਜਣੀਆਂ ਜਾਵਾਂਗੀਆਂ?" ਭਜਨੋ ਨੇ ਪੁੱਛਿਆ।
"ਨਾ ਨਾ, ਗਾਹਾਂ ਤੋਂ ਹੋਰ ਰਲ਼ਣਗੀਆਂ ਆਪਣੇ ਨਾਲ...ਬਹੂ ਤੋਂ ਫੂਨ ਕਰਵਾਅ 'ਤਾ ਸੀ...। ਮਸਾਂ ਕਰਿਆ ਬੁੜਬੁੜ ਕਰਦੀ ਨੇ..."
ਬਚਨੋ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਈ ਭਜਨੋ ਬੋਲੀ, "ਚਲ ਕੋਈ ਨਾ..." ਕੁਝ ਸੋਚਦਿਆਂ ਫਿਰ ਪੁੱਛਿਆ, "ਸੱਚ... ਕਣਕ ਵੱਢ ਲੀ ਤੁਸੀਂ?"
"ਅੱਜ ਵੱਢ ਰਹੇ ਨੇ.. ਤਾਂ ਹੀ ਤਾਂ ਉਹਨੇ ਮੂੰਹ ਸੁਜਾਅ ਰੱਖਿਆ ਬਈ 'ਕੱਲੀ ਨੂੰ ਕੰਮ ਕਰਨਾ ਪਊ... ਲੈ ਆਪਾਂ ਸਾਰੀ ਉਮਰ ਕੰਮ ਕਰਨ ਦਾ ਠੇਕਾ ਲਿਆ ਹੋਇਆ...?"
ਭਜਨੋ ਨੇ ਬਚਨੋ ਦੇ ਕੋਲ ਨੂੰ ਹੋ ਕੇ ਕਿਹਾ, "ਚੁੱਪ ਕਰ ਹੌਲ਼ੀ ਬੋਲ...ਤਪੱਸਵੀ ਤਾਂ ਸਾਡੇ ਘਰੇ ਐ। ਅਸੀਂ ਲੈ ਆਏ ਸੀ।"
ਬਚਨੋ ਦੇ ਚਿਹਰੇ ਦਾ ਰੰਗ ਬਦਲ ਗਿਆ। "ਪਹਿਲਾਂ ਨੀ ਦੱਸ ਸਕਦੀ ਸੀ?" ਬਚਨੋ ਨੇ ਥੋੜ੍ਹਾ ਗੁੱਸੇ ਹੁੰਦਿਆਂ ਕਿਹਾ। ਕੁਝ ਸੋਚਦਿਆਂ ਫਿਰ ਬੋਲੀ,
"ਆਹੋ, ਤੇਰੇ ਘਰੇ ਤਾਂ ਜ਼ਰੂਰ ਆਊ ਵੱਡੀ ਧਰਮਣ ਦੇ, ਘਰੋਂ ਤਾਂ ਤੂੰ ਨਿੱਕਲਦੀ ਨੀ। ਨਾ ਕਿਤੇ ਸੇਵਾ ਕਰਨ ਜਾਵੇਂ, ਨਾ ਮੱਥਾ ਟੇਕਣ...!"
ਗੱਲ ਪੂਰੀ ਹੋਣ ਤੋਂ ਪਹਿਲਾਂ ਭਜਨ ਕੌਰ ਫਿਰ ਬੋਲੀ, "ਨਾ ਸੱਚੀਂ ਕਹਿਨੀ ਆਂ... ਪਿਛਲੇ ਵਿਹੜੇ ਵਿੱਚ ਬੈਠੇ ਨੇ।"
ਬਚਨੋ ਨੂੰ ਬੜਾ ਧੱਕਾ ਜਿਹਾ ਲੱਗਿਆ। ਉਹ ਸੋਚ ਰਹੀ ਸੀ... ਭਜਨ ਕੌਰ ਨੇ ਸੰਤਾਂ ਨੂੰ ਘਰੇ ਬੁਲਾਇਆ ਤੇ ਕਿਸੇ ਨੂੰ ਦੱਸਿਆ ਵੀ ਨਹੀਂ। ਨਾਲੇ ਇਹਦੇ ਘਰੇ ਕਿਵੇਂ ਆ ਜੂ... ਉਹਨੂੰ ਤਾਂ ਵੱਡੇ ਵੱਡੇ ਅਮੀਰ ਲੋਕ ਵੱਡੀਆਂ ਵੱਡੀਆਂ ਗੱਡੀਆਂ ਵਿੱਚ ਲੈ ਕੇ ਜਾਂਦੇ ਨੇ ...
ਉਸ ਦੀ ਸੋਚ ਨੂੰ ਰੋਕਦਿਆਂ ਭਜਨੋ ਉਸ ਦੀ ਬਾਂਹ ਨੂੰ ਹੱਥ ਪਾਉਣ ਲੱਗਿਆਂ ਫਿਰ ਬੋਲੀ, "ਆ ਦਿਖਾਵਾਂ..।"
ਬਚਨੋ ਨੂੰ ਹੁਣ ਸੱਚ ਆ ਗਿਆ ਸੀ। ਭਜਨੋ ਦਾ ਹੱਥ ਪਰੇ ਧੱਕਦਿਆਂ ਉਹ ਹਿਰਖ਼ ਨਾਲ ਬੋਲੀ,
"ਹਾਏ! ਹਾਏ!! ਕੁੜੇ... ਕਿੱਡਾ ਜਿਗਰਾ ਐ ਤੇਰਾ। ਤੂੰ ਤਾਂ ਕਿਸੇ ਕੋਲ ਭਾਫ਼ ਵੀ ਨੀ ਕੱਢੀ। ਮੇਰੇ ਵਰਗੀ ਤਾਂ ਊਂਈਂ ਸਾਰੇ ਪਿੰਡ 'ਚ ਰੌਲਾ ਪਾ ਦੇਵੇ।"
ਬਚਨੋ ਦੇ ਮਨ ਵਿਚਲਾ ਰੋਸ ਸਾਫ਼ ਝਲਕ ਰਿਹਾ ਸੀ।
"ਹੌਲ਼ੀ ਬੋਲ.. ਸਮਾਧੀ 'ਚ ਨੇ ਸੰਤ ਜੀ।" ਭਜਨ ਕੌਰ ਨੇ ਧੀਮੀ ਆਵਾਜ਼ ਵਿੱਚ ਆਖਿਆ।
ਬਚਨੋ ਕੁੱਝ ਸੋਚਦਿਆਂ ਬੋਲੀ, "ਚਲ ਤੂੰ ਭੈਣੇਂ ਆਵਦੇ ਘਰੇਂ ਸੱਦਿਆ, ਕੋਈ ਤਾਂ ਗੱਲ ਹੋਊ। ਮੈਂ ਘਰੇ ਜਾਨੀ ਆਂ। ਤੁਸੀਂ ਪੁੱਛ ਲੋ ਜੋ ਕੁਸ਼ ਪੁੱਛਣੈਂ।"
ਉਹ ਵਾਪਸ ਪਰਤਣ ਹੀ ਲੱਗੀ ਸੀ। ਭਜਨੋ ਨੇ ਉਸ ਨੂੰ ਰੋਕਦਿਆਂ ਆਖਿਆ,
"ਨਾ.. ਨਾ ਕੁਸ਼ ਨੀ ਪੁੱਛਣਾ ...ਸੋਚਿਆ ਘਰ ਵਿੱਚ ਸੰਤਾਂ ਦੇ ਚਰਨ ਪਵਾਅ ਲਈਏ। ਚਲ ਆਜਾ, ਤੂੰ ਵੀ ਕਰ ਲੈ ਸੇਵਾ। ਪਿਛਲੇ ਵਿਹੜੇ ਵਿੱਚ ਬੈਠੇ ਨੇ।"
ਬਚਨੋ ਉੱਥੇ ਹੀ ਰੁਕ ਗਈ। ਚੁੰਨੀ ਦੀ ਬੁੱਕਲ ਠੀਕ ਕੀਤੀ ਅਤੇ ਲੜ ਨਾਲ ਬੰਨ੍ਹੇ ਪੈਸੇ ਟੋਹ ਕੇ ਵੇਖੇ।
"ਪੈਸਿਆਂ ਦੀ ਕੀ ਲੋੜ ਐ ਭੈਣੇਂ... ਸਾਧਾਂ ਸੰਤਾਂ ਨੂੰ ਰੁਪਈਏ ਪੈਸਿਆਂ ਨਾਲ ਕੀ ਮਤਲਬ.. ਇਹਨਾਂ ਦੀ ਤਾਂ ਆਪਣੇ ਵਰਗਿਆਂ ਨੂੰ ਲੋੜ ਹੁੰਦੀ ਐ।" ਭਜਨੋ ਬੋਲੀ।
"ਐਂ ਕਾਹਤੇ ਕਹਿਨੀ ਐਂ... ਦਾਨ ਪੁੰਨ ਕਰਨ ਨਾਲ ਤਾਂ ਕਿਰਤ ਕਮਾਈ ਸਫਲ ਹੋ ਜਾਂਦੀ ਐ।"
"ਕਿਰਤ ਕਮਾਈ ਸਫਲ ਤਾਂ ਗਰੀਬ-ਗੁਰਬੇ ਦੀ ਮੱਦਦ ਕਰਨ ਨਾਲ ਹੁੰਦੀ ਐ... ਸਾਧਾਂ ਸੰਤਾਂ ਨੂੰ ਕਾਹਦੀ ਕਮੀ...ਸੇਵਾਦਾਰ ਗੱਡੀਆਂ ਵਿੱਚ ਲੈ ਜਾਂਦੇ ਨੇ, ਗੱਡੀਆਂ ਵਿੱਚ ਈ ਛੱਡ ਜਾਂਦੇ ਨੇ, ਨਾ ਕੋਈ ਕੱਪੜੇ-ਲੀੜੇ ਦਾ ਫਿਕਰ, ਨਾ ਖਾਣ-ਪੀਣ ਦਾ ਫਿਕਰ... ਸਭ ਬਣਿਆ ਬਣਾਇਆ ਹਾਜ਼ਰ।"
ਭਜਨੋ ਦੀ ਗੱਲ ਸੁਣ ਕੇ ਬਚਨੋ ਨੇ ਮੱਥੇ ਤਿਊੜੀ ਪਾਈ ਤੇ ਬੋਲੀ, "ਐਂ ਨੀ ਕਿਹਾ ਕਰਦੇ ਸੰਤਾਂ ਨੂੰ।"
ਬਚਨੋ ਨੂੰ ਡਰ ਸੀ ਕਿ ਕਿਤੇ ਸੰਤ ਸੁਣ ਨਾ ਲੈਣ।
"ਲੈ ਮੈਂ ਕਿਹੜਾ ਕੋਈ ਝੂਠ ਬੋਲਿਐ...ਇਹਨਾਂ ਦਾ ਜਾਣਾ-ਆਉਣਾ, ਖਾਣਾ-ਪੀਣਾ, ਪਹਿਨਣਾ-ਸੰਵਰਨਾ... ਸਭ ਭਗਤਾਂ ਦੇ ਖਰਚੇ ’ਤੇ ਈ ਹੁੰਦੈ।" ਭਜਨੋ ਦੀ ਅਵਾਜ਼

ਧੀਮੀ ਸੀ।
ਬਚਨੋ ਨੂੰ ਭਜਨੋ ਦੀਆਂ ਗੱਲਾਂ ਚੰਗੀਆਂ ਨਹੀਂ ਸੀ ਲੱਗ ਰਹੀਆਂ। ਉਸ ਨੇ ਗੱਲ ਦਾ ਰੁਖ਼ ਬਦਲਦਿਆਂ ਪੁੱਛਿਆ,
"ਤੂੰ ਸੰਤਾਂ ਨੂੰ ਘਰੇ ਕਿਉਂ ਬੁਲਾਇਆ?"
"ਬੁਲਾਇਆ ਈ ਨੀ... ਅਸੀਂ ਆਪ ਜਾ ਕੇ ਪੂਰੇ ਮਾਣ ਸਤਿਕਾਰ ਨਾਲ ਲੈ ਕੇ ਆਏ ਆਂ।" ਉਹ ਹੌਲ਼ੀ ਜਿਹੀ ਬੋਲੀ।
"ਪਰ ਤੇਰੇ ਮਨ 'ਚ ਤਾਂ ਖੋਟ ਐ।" ਬਚਨੋ ਨੇ ਤਿੱਖੀ ਨਜ਼ਰੇ ਦੇਖਦਿਆਂ ਆਖਿਆ।
"ਲੈ ਖੋਟ ਆਲ਼ੀ ਕੀ ਗੱਲ ਹੋਈ, ਜੋ ਸੱਚ ਐ ਉਹੀ ਕਿਹਾ। ਸਾਰੇ ਸੰਤ ਚੰਗੇ ਨੀ ਹੁੰਦੇ.... ਸਾਰੇ ਮਾੜੇ ਵੀ ਨੀ ਹੁੰਦੇ।" ਭਜਨੋ ਸਹਿਜ ਨਾਲ ਬੋਲੀ।
"ਚਲ ਛੱਡ... ਹੁਣ ਐਂ ਦੱਸ ਬਈ... ਸੰਤ ਕਰ ਕੀ ਰਹੇ ਨੇ ਥੋਡੇ ਘਰੇ?" ਬਚਨੋ ਨੇ ਪੁੱਛਿਆ।
"ਧੂਣੀਆਂ ਤਪਾਅ ਕੇ ਭਗਤੀ ਕਰ ਰਹੇ ਨੇ। ਕਹਿੰਦੇ... ਐਸ ਤਰ੍ਹਾਂ ਘਰ ਦੇ ਦੁੱਖ ਕੱਟੇ ਜਾਂਦੇ ਨੇ।" ਭਜਨੋ ਨੇ ਦੱਸਿਆ।
ਪਿਛਲੇ ਵਿਹੜੇ ਵਿੱਚੋਂ ਉੱਠਦੇ ਧੂੰਏਂ ਨੇ ਭਜਨੋ ਦੀ ਗੱਲ ਦੀ ਗਵਾਹੀ ਭਰ ਦਿੱਤੀ। ਬਚਨੋ ਦੇ ਅੰਦਰ ਬਹੁਤ ਸਾਰੇ ਸਵਾਲ ਖੜ੍ਹੇ ਸਨ, ਉਸੇ ਹਿਸਾਬ ਨਾਲ ਉਸ ਦੇ ਚਿਹਰੇ ਦੇ ਹਾਵ ਭਾਵ ਬਦਲ ਰਹੇ ਸਨ।
ਭਜਨੋ ਨੇ ਉਸ ਵੱਲ ਵੇਖਦਿਆਂ ਪੁੱਛਿਆ, "ਕੀ ਹੋ ਗਿਆ...ਐਂ ਕਿਉਂ ਦੇਖਦੀ ਐਂ?"
"ਸੰਤ ਤਾਂ ਕਿਸੇ ਦੇ ਘਰੇ ਜਾਣ ਨੂੰ ਮੰਨਦੇ ਨੀ... ਤੁਸੀਂ ਕਿਵੇਂ ਮਨਾਅ ਲੇ..."
"ਐਨੇ ਸੌਖੇ ਨੀ ਮੰਨੇ...ਇੱਕ ਬੰਦਾ ਭੇਜਿਆ ਸੀ...ਫਿਰ ਉਹਨਾਂ ਸਾਡੇ ਸਾਰੇ ਦੇ ਜੀਆਂ ਬਾਰੇ ਪਤਾ ਕਰਵਾਇਆ...ਬੰਦੇ ਕਹੇ ਜੇ ਨੇ...ਫੇਰ ਕਿਤੇ ਜਾ ਕੇ ਸਾਡੇ ਘਰੇ ਚਰਨ ਪਾਉਣ ਨੂੰ ਹਾਂ ਕੀਤੀ ਭੈਣੇ..." ਭਜਨੋ ਨੇ ਬੜੇ ਮਾਣ ਨਾਲ ਦੱਸਿਆ।
"ਫੇਰ ਤੁਸੀਂ ਲੈ ਕੇ ਕਿਵੇਂ ਆਏ?" ਬਚਨੋ ਸੰਤਾਂ ਨੂੰ ਘਰ ਬੁਲਾਉਣ ਦੀ ਹਰ ਵਿਧੀ ਬਾਰੇ ਜਾਣਨਾ ਚਾਹੁੰਦੀ ਸੀ।
"ਅਸੀਂ ਗਿਆਰਾਂ ਜਣੇ ਜਾ ਕੇ ਲੈ ਆਏ ਸੀ।"
"ਟਰੈਕਟਰ 'ਤੇ ਈ ਲਿਆਏ?" ਬਚਨੋ ਹੈਰਾਨੀ ਨਾਲ ਬੋਲੀ।
"ਨਾ.. ਨਾ ਰਿਸ਼ਤੇਦਾਰਾਂ ਦੀਆਂ ਕਾਰਾਂ ਮੰਗਵਾਅ ਲਈਆਂ ਸੀ।"
"ਦੇਖ ਲੈ ਭਜਨੋ, ਐਥੇ ਤੂੰ ਦਰੈਤ ਕਰ'ਗੀ।" ਬਚਨੋ ਨਮੋਸ਼ੀ ਨਾਲ ਬੋਲੀ।
"ਕਾਹਦੀ ਦਰੈਤ?"
"ਸਾਡੇ ਘਰੋਂ ਕਿਸੇ ਨੂੰ ਨੀ ਨਾਲ ਲੈ ਕੇ ਗਏ।" ਬਚਨੋ ਨੇ ਉਦਾਸ ਜਿਹਾ ਉਲਾਂਭਾ ਦਿੱਤਾ।
"ਨਾ ਕੁੜੇ, ਐਂ ਨਾ ਆਖ.. ਤੇਰੇ ਘਰ ਆਲ਼ੇ ਨੂੰ ਲੈ'ਗੇ ਸੀ... ਉਹਨੇ ਦੱਸਿਆ ਨੀ ਘਰੇ.. ?"
"ਨਾ ਭੈਣੇਂ ਉਹਨੇ ਤਾਂ ਕੋਈ ਨੀ ਦੱਸਿਆ.. ਨਾਲ਼ੇ ਅੱਜ ਤਾਂ ਉਹ ਤੜਕੇ ਦਾ ਖੇਤ ਗਿਆ... ਬਾਹਰ ਦੀ ਬਾਹਰ ਭਾਵੇਂ ਵਗ ਗਿਆ ਹੋਵੇ।"
ਉਹ ਥੋੜ੍ਹਾ ਰੁਕ ਕੇ ਫਿਰ ਬੋਲੀ, "ਕੁੜੇ ਮੈਨੂੰ ਦੱਸ ਦਿੰਦੀ...ਰੋਟੀ ਪਾਣੀ ਦਾ ਆਹਰ ਕਰਾਅ ਦਿੰਦੀ... ਸੰਤਾਂ ਦੇ ਨਾਲ ਹੋਰ ਬੰਦੇ ਵੀ ਹੋਣਗੇ।"
ਬਚਨੋ ਨੂੰ ਆਪਣੇ ਹੱਥੋਂ ਖੁੱਸੀ ਸੇਵਾ ਦਾ ਮਲਾਲ ਸੀ।
"ਕੋਈ ਬਹੁਤੀ ਖੇਚਲ਼ ਦਾ ਕੰਮ ਨੀ ਸੀ.. ਬੰਦੇ ਮੁੜ'ਗੇ ਸੀ ਛੱਡ ਕੇ... ਸੰਤ ਕਹਿੰਦੇ ਅਸੀਂ ਆਵਦਾ ਭੋਜਨ ਆਪੇ ਤਿਆਰ ਕਰਾਂਗੇ। ਜੇ ਬਹੁਤੀ ਖੇਚਲ਼ ਦਾ ਕੰਮ ਹੁੰਦਾ ਤਾਂ ਸਭ ਤੋਂ ਪਹਿਲਾਂ ਤੈਨੂੰ ਈ ਬੁਲਾਉਂਦੀ।" ਭਜਨੋ ਨੇ ਉਸ ਦੇ ਮਨ ਦੀ ਹਾਲਤ ਸਮਝਦਿਆਂ ਕਿਹਾ।
"ਚਲ ਭੈਣੇ, ਸੇਵਾ ਵੀ ਕਰਮਾਂ ਆਲ਼ਿਆਂ ਦੇ ਹਿੱਸੇ ਆਉਂਦੀ ਐ।" ਬਚਨੋ ਨੇ ਲੰਬਾ ਸਾਹ ਭਰ ਕੇ ਛੱਡਿਆ।
ਉਸ ਦੀ ਸੋਚ ਦੌੜਨ ਲੱਗੀ... ਇਹ ਮੀਸਣੀ ਜੀ ਹੈ ਤਾਂ ਚਲਾਕ... ਅੰਦਰ ਦਾ ਭੇਤ ਕਿਸੇ ਨੂੰ ਨੀ ਦਿੰਦੀ... ਇੱਕ ਦੋ ਦਿਨ 'ਚ ਤਾਂ ਸਲਾਹ ਬਣੀ ਨੀ ਹੋਣੀ... ਕੀ ਪਤੈ ਕਿੰਨੇ ਕੁ ਦਿਨਾਂ ਦੇ ਸਲਾਹ ਕਰਦੇ ਹੋਣਗੇ। ਉਸ ਨੂੰ ਆਵਦੇ ਪਤੀ 'ਤੇ ਵੀ ਗੁੱਸਾ ਆ ਰਿਹਾ ਸੀ...ਉਹ ਕਿਹੜਾ ਡੁੰਨਬੱਟਾ ਜਿਹਾ ਘਰੇਂ ਕੋਈ ਗੱਲ ਦੱਸਦੈ.. ਜੋ ਮਰਜ਼ੀ ਹੋ ਜੇ। ਲੋਕਾਂ ਦੇ ਬੰਦੇ ਕੱਲੀ-ਕੱਲੀ ਗੱਲ ਦੱਸਦੇ ਨੇ ਘਰੇ ਆ ਕੇ...। ਇਹਨੇ ਸੰਤਾਂ ਨੂੰ ਬੁਲਾਇਆ ਕਿਉਂ ਐ... ਘਰੇ ਵੀ ਕਦੇ ਕੋਈ ਕਲੇਸ਼ ਨੀ ਸੁਣਿਆ.. ਕੰਮ ਕਾਰ ਖੇਤੀ ਬਾੜੀ ਸਭ ਵਧੀਆ। ਨੂੰਹ ਵੀ ਠੀਕ ਐ... ਇਹਨੇ ਵੀ ਕਦੇ ਕੋਈ ਗੱਲ ਨੀ ਦੱਸੀ... ਨਾ ਹੀ ਕਿਸੇ ਸੀਰੀ ਸਾਂਝੀ ਦੇ ਮੂੰਹੋਂ ਕੋਈ ਗੱਲ ਸੁਣੀ ਐ। ਬਹੁਤ ਸਾਰੇ ਸਵਾਲ ਉਸਦੇ ਅੰਦਰ ਸਿਰ ਚੁੱਕੀ ਖੜ੍ਹੇ ਸਨ।
"ਆ ਜਾ ਭੈਣੇ... ਤੂੰ ਵੀ ਲਾਹਾ ਖੱਟ ਲੈ ਸੇਵਾ ਦਾ।" ਭਜਨੋ ਨੇ ਉਸ ਦੀ ਬਾਂਹ ਫੜੀ ਅਤੇ ਪਿਛਲੇ ਵਿਹੜੇ ਵੱਲ ਲੈ ਤੁਰੀ। ਉਹਨਾਂ ਦਾ ਵਸੋਂ ਵਾਲਾ ਘਰ ਅੱਗੇ ਸੀ। ਡੰਗਰ-ਪਸ਼ੂ, ਕੱਖ-ਕੰਡਾ, ਗੋਹਾ-ਪਾਥੀਆਂ, ਲੱਕੜ-ਤਿੰਬੜ ਸਭ ਪਿੱਛੇ ਖੁੱਲ੍ਹੇ ਵਿਹੜੇ ਵਿੱਚ ਰੱਖਦੇ ਸਨ। ਜਦੋਂ ਖੇਤ ਵਿੱਚ ਕੰਮ ਦਾ ਜ਼ੋਰ ਹੁੰਦਾ, ਵੱਧ ਜਣਿਆਂ ਦੀ ਰੋਟੀ ਪਕਾਉਣੀ ਹੁੰਦੀ ਤਾਂ ਚੁੱਲ੍ਹਾ ਹੀ ਬਾਲ਼ਿਆ ਜਾਂਦਾ ਸੀ। ਵੱਧ ਕੰਮ ਵੇਲੇ ਗੈਸ ਸਲੰਡਰ ਛੇਤੀ ਹੀ ਹੱਥ ਖੜ੍ਹੇ ਕਰ ਜਾਂਦਾ ਸੀ। ਪਿੱਛੇ ਇੱਕ ਬੈਠਕਨੁਮਾ ਕਮਰਾ ਬਣਾਇਆ ਹੋਇਆ ਸੀ। ਉਸ ਪਾਸੇ ਜਾਣ ਲਈ ਇੱਕ ਪਾਸੇ ਤੋਂ ਰਾਹ ਬਣਿਆ ਹੋਇਆ ਸੀ। ਭਜਨੋ ਬਚਨੋ ਨੂੰ ਪਿਛਲੇ ਪਾਸੇ ਲਿਜਾਅ ਰਹੀ ਸੀ। ਬਚਨੋ ਵਾਰ-ਵਾਰ ਆਪਣੇ ਸਿਰ ਤੋਂ ਚੁੰਨੀ ਦਾ ਪੱਲਾ ਠੀਕ ਕਰਦੀ।
ਉਹ ਉਸ ਨੂੰ ਵਿਹੜੇ 'ਚ ਲੈ ਗਈ।
"ਅਹੁ ਦੇਖ.. ਮੇਰਾ ਵੱਡਾ ਤਪੱਸਵੀ..." ਭਜਨ ਕੌਰ ਨੇ ਇਸ਼ਾਰਾ ਕਰਦਿਆਂ ਕਿਹਾ। ਬਚਨੋ ਨੇ ਜੋ ਸੋਚਿਆ ਸੀ ਉਸ ਦੀਆਂ ਅੱਖਾਂ ਉਹੀ ਲੱਭ ਰਹੀਆਂ ਸਨ।

ਇੱਥੇ ਤਾਂ ਭਜਨ ਕੌਰ ਦੀ ਨੂੰਹ ਪਸੀਨੇ ਨਾਲ ਭਿੱਜੀ ਚੁੱਲ੍ਹੇ ਵਿੱਚ ਅੱਗ ਬਾਲ਼ ਕੇ ਰੋਟੀਆਂ ਪਕਾਅ ਰਹੀ ਸੀ! ਕੋਲ ਹੀ ਦੂਜੇ ਚੁੱਲ੍ਹੇ 'ਤੇ ਚਾਹ ਦਾ ਪਤੀਲਾ ਰੱਖਿਆ ਹੋਇਆ ਸੀ। ਖੇਤ ਦਸ ਕੁ ਜਣਿਆਂ ਦੀ ਚਾਹ ਰੋਟੀ 'ਕੱਠੀ ਹੀ ਜਾਣੀ ਸੀ। ਉਹ ਕਦੇ ਪੇੜੇ ਕਰਦੀ... ਕਦੇ ਰੋਟੀ ਵੇਲਦੀ...ਰਾੜ੍ਹਦੀ ਤੇ ਚੋਪੜਦੀ... ਕਦੇ ਦੋਵਾਂ ਚੁੱਲ੍ਹਿਆਂ ਦਾ ਬਾਲਣ ਠੀਕ ਕਰਦੀ।
ਬਚਨੋ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਉਹ ਫਿਰ ਬੋਲੀ, "ਮੈਨੂੰ ਐਂ ਦੱਸ ਬਚਨੋ...ਉਹ ਤਪੱਸਵੀ ਵੀ ਧੂਣੀਆਂ ਤਾਪਣ ਦੇ ਨਾਲ-ਨਾਲ ਐਨੇ ਕੰਮ ਕਰਦੈ...? ਜਿੰਨੇ ਕੰਮ ਮੇਰਾ ਇਹ ਤਪੱਸਵੀ ਕਰ ਰਿਹੈ।"
ਬਚਨੋ ਨੇ ਇੱਕ ਵਾਰ ਤਾਂ ਮੂੰਹ ਜਿਹਾ ਮਰੋੜਿਆ।
ਭਜਨੋ ਨੇ ਫਿਰ ਕਿਹਾ, "ਆਪਣੇ ਤਾਂ ਇਹੀ ਤਪੱਸਵੀ ਨੇ... ਇਹਨਾਂ ਨਾਲ ਈ ਘਰ 'ਚ ਬਰਕਤਾਂ ਆਉਂਦੀਆਂ ਨੇ।"
ਬਚਨੋ ਬਿਨਾ ਕੁਝ ਬੋਲਿਆਂ ਵਾਪਸ ਮੁੜੀ। ਹੁਣ ਉਹ ਡੇਰੇ ਵੱਲ ਨਹੀਂ, ਆਪਣੇ ਘਰ ਵੱਲ ਪਰਤ ਰਹੀ ਸੀ।

ਬਡਰੁੱਖਾਂ (ਸੰਗਰੂਰ)
9876714004

# ਨਿੱਕਿਆਂ ਦੀ ਨੁੱਕਰ

## ਜਨਤਾ ਦਾ ਸੇਵਕ



ਜਦ ਵੀ ਬੱਚਿਓ ਡਾਕੀਆ ਆਵੇ
ਬਾਰ 'ਚ ਆ ਕੇ ਬੈੱਲ ਵਜਾਵੇ।

ਬਾਹਰ ਨਿਕਲ ਕੇ ਜਦ ਵੇਖੀਏ,
ਚਿੱਠੀ - ਪੱਤਰ ਹੱਥ ਫੜਾਵੇ।

ਖ਼ਾਕੀ ਲਿਫ਼ਾਫ਼ਾ ਜਾਂ ਕੋਈ ਕਾਗਜ਼,
ਪਹਿਲਾਂ ਪੜ੍ਹ ਕੇ ਪਤਾ ਸੁਣਾਵੇ।

ਹੈਂਡਲ ਦੇ ਨਾਲ ਝੋਲ਼ਾ ਟੰਗਿਆ,
ਸਾਈਕਲ ਸਟੈਂਡ ਦੇ ਉੱਤੇ ਲਾਵੇ।

ਗਲੀ ਮੁਹੱਲੇ ਦੇ ਵਿੱਚ ਜਾਂਦਾ,
ਆਵੇ ਚਿੱਠੀ, ਹਰ ਕੋਈ ਚਾਹਵੇ।

ਭੈਣ ਭਰਾ ਤੇ ਸੱਜਣ ਮਿੱਤਰ,
ਸਭ ਨੂੰ ਚਿੱਠੀ ਰਾਹੀਂ ਮਿਲਾਵੇ।

ਮੀਂਹ ਪਵੇ ਜਾਂ ਵਗੇ ਹਨੇਰੀ,
ਡਾਕੀਆ ਕਦੇ ਨਾ ਨਾਗਾ ਪਾਵੇ।

ਸਿਰ 'ਤੇ ਟੋਪੀ, ਖ਼ਾਕੀ ਵਰਦੀ,
ਦੂਰੋਂ ਹੀ ਪਹਿਚਾਨ ਆ ਜਾਵੇ।

ਜਨਤਾ ਦਾ ਇਹ ਵਧੀਆ ਸੇਵਕ,
ਹਰ ਕੋਈ ਪਿਆਰ ਨਾਲ ਬੁਲਾਵੇ।

'ਪੱਤੋ' ਸਾਧਨ ਕਿੰਨੇ ਹੋ ਗਏ,
ਡਾਕੀਆ ਅੱਜ ਵੀ ਡਾਕ ਲਿਆਵੇ।

ਜਦ ਕਦੇ ਸਾਡੇ ਘਰ ਹੈ ਆਉਂਦਾ,
'ਪੀਤਾ' ਉਸ ਨੂੰ ਚਾਹ ਪਿਆਵੇ।

ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ ਮੋਗਾ
94658-21417

## ਮਾਂ-ਬੋਲੀ ਨਾ ਭੁਲਾਇਓ ਓਏ ਪੰਜਾਬੀਓ

ਦੇਸ਼ੀਂ - ਪ੍ਰਦੇਸੀਂ ਲੱਖ ਜਾਇਓ ਓਏ ਪੰਜਾਬੀਓ।
ਪਰ ਮਾਂ-ਬੋਲੀ ਨਾ ਭੁਲਾਇਓ ਓਏ ਪੰਜਾਬੀਓ।

ਮਾਣ ਮੱਤੇ ਵਿਰਸੇ ਇਹ ਸਾਡੇ ਦੀ ਪਛਾਣ ਏ,
ਪੰਜਾਬ ਤੇ ਪੰਜਾਬੀਆਂ ਨੂੰ ਮੰਨਦਾ ਜਹਾਨ ਏ,
ਮਿਲੀ ਪਹਿਚਾਨ ਨਾ ਗੁਵਾਇਓ ਓਏ ਪੰਜਾਬੀਓ--
ਦੇਸ਼ੀਂ - ਪ੍ਰਦੇਸੀਂ ਲੱਖ ਜਾਇਓ ਓਏ ਪੰਜਾਬੀਓ
ਪਰ ਮਾਂ-ਬੋਲੀ ਨਾ ਭੁਲਾਇਓ ਓਏ ਪੰਜਾਬੀਓ।

ਸੂਫ਼ੀਆਂ, ਫ਼ਕੀਰਾਂ ਗੁਰੂ,ਪੀਰਾਂ ਦੀ ਇਹ ਜਾਈ ਹੈ,
ਸ਼ਾਇਰਾਂ ਫ਼ਨਕਾਰਾਂ ਇਹਦੀ ਕੀਤੀ ਵਡਿਆਈ ਹੈ,
ਮਾਣ ਮਾਂ ਬੋਲੀ ਦਾ ਵਧਾਇਓ ਓਏ ਪੰਜਾਬੀਓ--
ਦੇਸ਼ੀਂ - ਪ੍ਰਦੇਸੀਂ ਲੱਖ ਜਾਇਓ ਓਏ ਪੰਜਾਬੀਓ।
ਪਰ ਮਾਂ-ਬੋਲੀ ਨਾ ਭੁਲਾਇਓ ਓਏ ਪੰਜਾਬੀਓ।

ਕਿੱਥੇ ਹੈਲੋ, ਹਾਏ ਕਿੱਥੇ ਸਤਿ ਸ੍ਰੀ ਅਕਾਲ ਏ,
ਸਤਿ ਸ੍ਰੀ ਅਕਾਲ ਦੀ ਨਾ ਕਿਤੇ ਕੋਈ ਮਿਸਾਲ ਏ,
ਨਾਹਰੇ, ਜੈਕਾਰੇ ਇਹਦੇ ਲਾਇਓ ਓਏ ਪੰਜਾਬੀਓ--
ਦੇਸ਼ੀਂ - ਪ੍ਰਦੇਸੀਂ ਲੱਖ ਜਾਇਓ ਓਏ ਪੰਜਾਬੀਓ।
ਪਰ ਮਾਂ-ਬੋਲੀ ਨਾ ਭੁਲਾਇਓ ਓਏ ਪੰਜਾਬੀਓ।

ਹੋਰ ਵੀ ਭਾਸ਼ਾਵਾਂ ਦਾ ਗਿਆਨ ਹੋਣਾ ਚਾਹੀਦਾ,
ਪਰ ਮਾਂ ਦੀ ਬੋਲੀ ਉੱਤੇ ਮਾਣ ਹੋਣਾ ਚਾਹੀਦਾ,
ਹੱਥ ਜਾ ਕੇ ਅੰਬਰਾਂ ਨੂੰ ਪਾਇਓ ਓਏ ਪੰਜਾਬੀਓ--
ਦੇਸ਼ੀਂ - ਪ੍ਰਦੇਸੀਂ ਲੱਖ ਜਾਇਓ ਓਏ ਪੰਜਾਬੀਓ।
ਪਰ ਮਾਂ-ਬੋਲੀ ਨਾ ਭੁਲਾਇਓ ਓਏ ਪੰਜਾਬੀਓ।

ਵਾਰਿਸ ਤੇ ਬੁੱਲੇ, ਸ਼ਿਵ, ਮੋਹਨ ਸਿੰਘ, ਪਾਤਰਾਂ,
ਸਿਉਂਤਾ ਇਹ ਲਿਬਾਸ ਸੋਹਣਾ ਜੋੜ-ਜੋੜ ਕਾਤਰਾਂ,
ਦਾਗ਼ ਨਾ ਲਿਬਾਸ 'ਤੇ ਕੋਈ ਲਾਇਓ ਓਏ ਪੰਜਾਬੀਓ-
ਦੇਸ਼ੀਂ - ਪ੍ਰਦੇਸੀਂ ਲੱਖ ਜਾਇਓ ਓਏ ਪੰਜਾਬੀਓ।
ਪਰ ਮਾਂ-ਬੋਲੀ ਨਾ ਭੁਲਾਇਓ ਓਏ ਪੰਜਾਬੀਓ।


ਪਲ਼ ਵੀ ਵਿਸਾਰਾਂ ਮੈਨੂੰ ਘੋਰ ਲੱਗੇ ਪਾਪ ਹੈ,
'ਪਾਰਸ' ਪੰਜਾਬੀ ਬੋਲੀ ਦਾ ਹੀ 'ਪ੍ਰਤਾਪ' ਹੈ,
ਤੁਸੀਂ ਵੀ ਇਹ ਗੱਲ ਨੂੰ ਧਿਆਇਓ ਓਏ ਪੰਜਾਬੀਓ--
ਦੇਸ਼ੀਂ - ਪ੍ਰਦੇਸੀਂ ਲੱਖ ਜਾਇਓ ਓਏ ਪੰਜਾਬੀਓ।
ਪਰ ਮਾਂ-ਬੋਲੀ ਨਾ ਭੁਲਾਇਓ ਓਏ ਪੰਜਾਬੀਓ।

ਪ੍ਰਤਾਪ "ਪਾਰਸ" ਗੁਰਦਾਸਪੁਰੀ
787/10 ਪ੍ਰੇਮ ਨਗਰ,ਹਰਦੋਛੰਨੀ ਰੋਡ ਗੁਰਦਾਸਪੁਰ 9988811681

*21 ਫ਼ਰਵਰੀ ਮਾਂ ਬੋਲੀ ਦਿਵਸ 'ਤੇ*

# ਤਾਰਾ ਦੇ ਤਮਾਸ਼ੇ

## ਗੋਆ ਕਲਾ ਅਜਾਇਬਘਰ ਵਿਚ ਦੋ ਮਜ਼ੇਦਾਰ ਤਸਵੀਰਾਂ



ਤਾਰਾ ਢਾਈ ਸਾਲ ਦੀ ਹੋ ਗਈ ਹੈ।
ਉਹ ਬਹੁਤ ਖੇਡਦੀ ਹੈ, ਛਾਲਾਂ ਮਾਰਦੀ ਹੈ ਅਤੇ ਨਿੱਕੇ ਬੱਚਿਆਂ ਵਾਲੀਆਂ ਬਹੁਤ ਕਿਤਾਬਾਂ ਵੀ ਵੇਖਦੀ ਅਤੇ ਸੁਣਦੀ ਹੈ। ਮਾਂ ਕੋਲੋਂ ਸੁਣ ਸੁਣ ਕੇ ਉਸਨੂੰ ਸਾਰੀ ਕਹਾਣੀ ਦੇ ਸਾਰੇ ਸ਼ਬਦ ਪੂਰੇ ਯਾਦ ਹੋ ਜਾਂਦੇ ਹਨ। ਉਹ ਸਫ਼ਾ ਪਲਟਦੀ ਹੈ ਅਤੇ ਕਹਾਣੀ ਨੂੰ ਬੋਲੀ ਜਾਂਦੀ ਹੁੰਦੀ ਹੈ, ਜਦੋਂ ਦਾਦੀ ਨੂੰ ਜਾਂ ਕਿਸੇ ਹੋਰ ਨੂੰ ਸੁਣਾਉਂਦੀ ਹੈ!
ਉਸਦੇ ਪਾਪਾ ਉਸ ਨੂੰ ਕਈ ਵਾਰ ਬਾਹਰ ਵੱਡੇ ਬਾਗ ਵਿਚ ਸੈਰ ਕਰਨ ਅਤੇ ਖੇਡਣ ਲਈ ਲਿਜਾਂਦੇ ਹੁੰਦੇ ਹਨ। ਓਥੇ ਉਹ ਹਰੀ ਹਰੀ ਘਾਅ ਉੱਤੇ ਦੌੜਦੀ ਫਿਰਦੀ ਹੁੰਦੀ ਹੈ। ਕਈ ਵਾਰ ਦਾਦੀ ਦਾਦਾ ਵੀ ਨਾਲ ਜਾਂਦੇ ਹਨ।
ਬਾਗ਼ ਵਿਚ ਕਈ ਕੁੱਤੇ ਵੀ ਹਨ, ਜੋ ਕਿਸੇ ਨੂੰ ਨਹੀਂ ਭੌਂਕਦੇ- ਆਰਾਮ ਨਾਲ ਏਧਰ ਓਧਰ ਬੈਠੇ ਹੁੰਦੇ ਹਨ। ਤਾਰਾ ਨੂੰ ਕੁੱਤੇ ਬਹੁਤ ਚੰਗੇ ਲੱਗਦੇ ਹਨ। ਉਸ ਦੇ ਘਰ ਵਿਚ ਉਸਦਾ ਵੀ ਇੱਕ ਕੁੱਤਾ ਹੈ, ਜਿਸ ਨੂੰ ਉਹ ਬਹੁਤ ਪਿਆਰ ਕਰਦੀ ਹੈ, ਅਤੇ ਕੁੱਤਾ ਵੀ ਉਸਨੂੰ ਬਹੁਤ ਪਿਆਰ ਕਰਦਾ ਹੈ।



ਤਾਰਾ ਦਾ ਦਿਲ ਕਰਦਾ ਰਹਿੰਦਾ ਹੈ ਕਿ ਉਹ ਬਾਗ ਵਾਲੇ ਕੁੱਤਿਆਂ ਨੂੰ ਵੀ ਪਿਆਰ ਕਰੇ, ਉਨ੍ਹਾਂ ਦੀ ਪਿੱਠ ਉੱਤੇ ਵੀ ਹੱਥ ਫੇਰੇ। ਪਰ ਉਸਨੂੰ ਕਿਹਾ ਗਿਆ ਹੈ ਕਿ , "ਇਹ ਬਾਹਰ ਵਾਲੇ ਕੁੱਤੇ ਹਨ, ਇਨ੍ਹਾਂ ਨੂੰ ਹੱਥ ਨਹੀਂ ਲਾਉਣਾ। ਇਨ੍ਹਾਂ ਦੀ ਪਿੱਠ ਉੱਤੇ ਹੱਥ ਨਹੀਂ ਫੇਰਨਾ।"
ਜਦੋਂ ਉਹ ਦਾਦੀ ਦੇ ਘਰ ਆਉਂਦੀ ਹੈ ਤਾਂ ਦਾਦੀ ਦੇ ਘਰ ਵੀ ਜੋ ਬੁੱਢਾ ਕੁੱਤਾ ਹੈ, ਉਸ ਨੂੰ ਵੀ ਪਿਆਰ ਕਰਦੀ ਹੁੰਦੀ ਹੈ। ਉਹ ਕੁੱਤਾ ਵੀ ਤਾਰਾ ਨੂੰ ਪਿਆਰ ਕਰਦਾ ਹੈ ਅਤੇ ਉਸਨੂੰ ਕਦੇ ਕੁਝ ਨਹੀਂ ਕਹਿੰਦਾ।



ਅੱਜ ਕੱਲ੍ਹ ਤਾਰਾ ਨੇ ਇੱਕ ਆਪਣੀ ਹੀ ਨਵੀਂ ਖੇਡ ਬਣਾਈ ਹੋਈ ਹੈ। ਉਹ ਦਾਦੀ ਦੇ ਘਰ ਆਉਂਦੀ ਹੈ ਤਾਂ ਇਸ ਕੁੱਤੇ ਨੂੰ ਘੁਮਾਉਣ ਵਾਲੀ ਸੰਗਲੀ ਨੂੰ ਫੜ ਕੇ, ਇਸ ਕੁੱਤੇ ਨੂੰ ਘਰ ਵਿਚ ਹੀ ਘੁਮਾਉਣ ਦਾ ਨਾਟਕ ਕਰਦੀ ਹੈ ਅਤੇ ਬਹੁਤ ਖ਼ੁਸ਼ ਹੁੰਦੀ ਹੈ। ਬੁੱਢਾ ਕੁੱਤਾ ਵੀ ਉਸ ਦਾ ਕਹਿਣਾ ਮੰਨ ਕੇ ਚੁੱਪ ਚਾਪ ਉਸਦੇ ਪਿੱਛੇ ਪਿੱਛੇ ਸਾਰੇ ਘਰ ਵਿਚ ਤੁਰਦਾ ਰਹਿੰਦਾ ਹੈ।
ਅੱਜ ਕੱਲ੍ਹ ਕਦੇ ਕਦੇ ਤਾਰਾ ਇਹ ਸੰਗਲੀ ਆਪਣੀ ਮਾਂ ਨੂੰ, ਪਾਪਾ ਨੂੰ, ਭੂਆ ਨੂੰ ਜਾਂ ਦਾਦੀ ਨੂੰ ਫੜਾਅ ਕੇ ਉਨ੍ਹਾਂ ਨੂੰ ਵੀ ਘਰ ਵਿਚ 'ਘੁਮਾਉਣ' ਦੀ ਖੇਡ ਖੇਡਦੀ ਹੈ।
ਤਾਰਾ ਜਦੋਂ ਮਿਲਣ ਆਉਂਦੀ ਹੈ ਤਾਂ ਦਾਦੀ ਨਾਲ ਵੀ ਜਦੋਂ ਮਰਜ਼ੀ ਜਿੰਨਾ ਚਾਹੇ ਖੇਡ ਸਕਦੀ ਹੁੰਦੀ ਹੈ।
ਕੱਲ੍ਹ ਸ਼ਾਮ ਕੀ ਹੋਇਆ? ਉਹ ਇਸੇ ਤਰ੍ਹਾਂ ਦਾਦੀ ਦੇ ਘਰ

ਦੇ ਅੰਦਰ-ਅੰਦਰ ਹੀ ਕੁੱਤੇ ਨੂੰ ਘੁਮਾਅ ਰਹੀ ਸੀ, ਤਾਂ ਆਪਣੀਆਂ ਅੱਖਾਂ ਨੂੰ ਪੂਰਾ ਖੋਲ੍ਹ ਖੋਲ੍ਹ ਕੇ, ਆਪਣੀ ਹੀ ਨਵੀਂ ਖੇਡ ਤੋਂ ਕੁਝ ਡਰ ਡਰ ਕੇ, ਦਾਦੀ ਨੂੰ ਸਮਝਾਉਂਦੀ ਹੋਈ ਕਹਿਣ ਲੱਗੀ- "ਇਹ ਬਾਹਰ ਵਾਲਾ ਕੁੱਤਾ ਹੈ! ਵੇਖੋ, ਮੈਂ ਇਸ ਦੀ ਪਿੱਠ ਉੱਤੇ ਹੱਥ ਲਾਇਆ ਹੈ। ਇਸਨੂੰ ਪਿਆਰ ਕੀਤਾ ਹੈ! ਵੇਖੋ ਇਸ ਨੇ ਮੈਨੂੰ ਚੱਟਿਆ ਹੈ!" ਇਹ ਕਹਿੰਦੀ ਹੋਈ ਉਹ ਪੂਰੀ ਖ਼ੁਸ਼ ਦਿਖ ਰਹੀ ਸੀ, ਜਿਵੇਂ ਉਸ ਨੇ ਕੋਈ ਮਨਪਸੰਦ ਸ਼ਰਾਰਤੀ ਗੱਲ ਕਰ ਲਈ ਹੋਏ।

ਅਸਲ ਵਿਚ ਇਸ ਉਮਰ ਵਿਚ ਬੱਚੇ, ਕਹਿਣਾ ਮੰਨਣ ਦੀ ਥਾਂ, ਮਨਮਰਜ਼ੀ ਕਰਨੀ ਚਾਹੁੰਦੇ ਹੁੰਦੇ ਹਨ।

ਇਹ ਖੇਡ ਰੱਜ ਕੇ ਖੇਡਣ ਤੋਂ ਬਾਅਦ, ਉਸ ਨੇ ਛਾਲਾਂ ਮਾਰਨ ਵਾਲੀ ਥਾਂ -ਟ੍ਰੈਂਪੋਲੀਨ -ਵਿਚ ਬਹੁਤ ਉੱਚੀਆਂ ਉੱਚੀਆਂ ਛਾਲਾਂ ਮਾਰੀਆਂ। ਦਾਦੀ ਸੱਚਮੁਚ ਹੈਰਾਨ ਹੋ ਗਈ- "ਏਨੀਆਂ ਉੱਚੀਆਂ ਛਾਲਾਂ!"

ਤਾਰਾ ਬਹੁਤ ਹੱਸੀ, ਚਾਂਭਲ ਚਾਂਭਲ ਕੇ ਹੋਰ ਉੱਚੀਆਂ ਛਾਲਾਂ ਮਾਰਨ ਲੱਗੀ ਅਤੇ ਫੇਰ ਝੂਠਮੂਠ 'ਡਿੱਗ' ਪੈਂਦੀ ਸੀ। ਉਹ ਦਾਦੀ ਨੂੰ ਵੀ ਕਹਿ ਰਹੀ ਸੀ- "ਚਲੋ, ਛਾਲਾਂ ਮਾਰੋ, ਤੁਸੀਂ ਵੀ ਡਿੱਗ ਕੇ ਵਿਖਾਓ।"

ਦਾਦੀ ਵੀ ਝੂਠਮੂਠ ਦੀਆਂ ਛੋਟੀਆਂ ਛੋਟੀਆਂ ਛਾਲਾਂ ਮਾਰ ਕੇ ਝੂਠ ਮੂਠ ਦਾ ਜ਼ਮੀਨ ਉੱਤੇ ਥੋੜ੍ਹਾ ਜਿਹਾ ਡਿੱਗ ਡਿੱਗ ਕੇ ਵਿਖਾਉਣ ਲੱਗ ਪਈ। ਤਾਰਾ ਬਹੁਤ ਹੱਸੀ, ਦਾਦੀ ਵੀ ਬਹੁਤ ਹੱਸੀ।

ਕਮਰੇ ਤੋਂ ਬਾਹਰ ਸਾਰੇ ਸੋਚ ਰਹੇ ਸਨ- "ਇਹ ਦਾਦੀ-ਪੋਤੀ ਅੱਜ ਬਹੁਤ ਹੱਸ ਰਹੀਆਂ ਹਨ!"

– ਪੂਨਮ ਸਿੰਘ

# ਗਿੱਦੀ ਪਿੱਦੀ ਬਣ ਗਏ ਬੀਬੇ

## ਗੋਵਿੰਦ ਸ਼ਰਮਾ



Denis Huot, naturepl.com

ਉਸ ਜੰਗਲ ਦਾ ਨਾਂ ਜੂਹੀ ਜੰਗਲ ਸੀ। ਇਹ ਕੋਈ ਆਮ ਜੰਗਲ ਨਹੀਂ ਸੀ। ਇੱਥੋਂ ਦੇ ਬਹੁਤੇ ਜਾਨਵਰ ਖੇਤੀ ਕਰ ਕੇ ਆਪਣਾ ਢਿੱਡ ਭਰਦੇ ਸਨ। ਕੋਈ ਸਬਜ਼ੀਆਂ ਉਗਾਂਦਾ ਸੀ, ਕੋਈ ਗੰਨਾ, ਤਾਂ ਕੋਈ ਫਲ। ਸਾਰੇ ਮਿਹਨਤ ਨਾਲ ਕੰਮ ਕਰਦੇ ਅਤੇ ਆਪਸ ਵਿਚ ਘੁਲ ਮਿਲ ਕੇ ਰਹਿੰਦੇ ਸਨ।

ਕੁਝ ਸਾਲ ਪਹਿਲਾਂ ਦੀ ਗੱਲ ਹੈ, ਜੂਹੀ ਜੰਗਲ ਵਿਚ ਅਚਾਨਕ ਚੋਰੀਆਂ ਦੀਆਂ ਘਟਨਾਵਾਂ ਵਧਣ ਲੱਗੀਆਂ। ਕਦੇ ਲਾਲੂ ਲੂੰਬੜ ਦੀਆਂ ਸਬਜ਼ੀਆਂ ਚੋਰੀ ਹੋ ਜਾਂਦੀਆਂ ਤਾਂ ਕਦੇ ਕਾਲੂ ਭਾਲੂ ਦੇ ਗੰਨੇ ਗਾਇਬ ਲੱਭਦੇ। ਖੇਤਾਂ ਵਿਚ ਦਿਨ ਰਾਤ ਮਿਹਨਤ ਕਰਨ ਵਾਲੇ ਜਾਨਵਰ ਬਹੁਤ ਪਰੇਸ਼ਾਨ ਹੋ ਗਏ।

ਸਾਰਿਆਂ ਨੇ ਮਿਲ ਕੇ ਇੱਕ ਚੌਕੀਦਾਰ ਵੀ ਰੱਖ ਲਿਆ ਅਤੇ ਆਪ ਵੀ ਪਹਿਰਾ ਦੇਣ ਲੱਗੇ, ਪਰ ਚੋਰ ਨਾ ਫੜਿਆ ਗਿਆ।

ਅਸਲੀ ਪਰੇਸ਼ਾਨੀ ਇਹ ਸੀ ਕਿ ਚੋਰ ਬਾਹਰੋਂ ਨਹੀਂ, ਸਗੋਂ ਜੂਹੀ ਜੰਗਲ ਦਾ ਹੀ ਰਹਿਣ ਵਾਲਾ ਸੀ। ਕੋਈ ਪੱਕਾ ਸਬੂਤ ਨਾ ਹੋਣ ਕਰਕੇ ਕਿਸੇ ਉੱਤੇ ਦੋਸ਼ ਲਾਉਣਾ ਮੁਸ਼ਕਿਲ ਸੀ। ਫੇਰ ਵੀ, ਸਭ ਨੂੰ ਗਿੱਦੀ ਅਤੇ ਪਿੱਦੀ ਨਾਂ ਦੇ ਦੋ ਗਿੱਦੜ ਭਰਾਵਾਂ ਉਤੇ ਹੀ ਸ਼ੱਕ ਸੀ।

ਫੇਰ ਗਰਮੀਆਂ ਦੀਆਂ ਛੁੱਟੀਆਂ ਵਿਚ ਲਾਲੂ ਲੂੰਬੜ ਦਾ ਇੱਕ ਚਾਚੇ ਦਾ ਮੁੰਡਾ, ਪਤਲੂ, ਉਸ ਨੂੰ ਮਿਲਣ ਜੂਹੀ ਜੰਗਲ ਆਇਆ।

ਲਾਲੂ ਲੂੰਬੜ ਨੇ ਪਤਲੂ ਨੂੰ ਸਾਰੀ ਗੱਲ ਦੱਸੀ। ਪਤਲੂ ਨੇ ਧਿਆਨ ਨਾਲ ਸਭ ਕੁਝ ਸੁਣਿਆ ਅਤੇ ਕਹਿੰਦਾ, "ਜੇ ਚੋਰ ਏਸੇ ਜੰਗਲ ਵਿਚ ਹੈ, ਤਾਂ ਅੱਜ ਰਾਤ ਮੈਂ ਆਪ ਖੇਤ ਉੱਤੇ ਪਹਿਰਾ ਦਿਆਂਗਾ।"

ਪਤਲੂ ਨੂੰ ਇਸ ਇਲਾਕੇ ਦੀ ਚੰਗੀ ਜਾਣਕਾਰੀ ਸੀ। ਉਹ ਜਾਣਦਾ ਸੀ ਕਿ ਲਾਲੂ ਦੀ ਥੋੜ੍ਹੀ ਜਿਹੀ ਜ਼ਮੀਨ ਪਹਾੜੀ ਦੇ ਪੈਰਾਂ ਵਿਚ ਵੀ ਹੈ, ਜੋ ਬੜੀ ਊਬੜ ਖਾਬੜ ਅਤੇ ਫ਼ਾਲਤੂ ਹੀ ਪਈ ਰਹਿੰਦੀ ਹੈ। ਓਸੇ ਰਾਤ, ਪਤਲੂ, ਲਾਲ ਲੂੰਬੜ ਦੇ ਇੱਕ ਓਸ ਖੇਤ ਨੂੰ ਗਿਆ ਜਿੱਥੇ ਉਸਨੇ ਖਰਬੂਜੇ ਲਾਏ ਹੋਏ ਸਨ, ਅਤੇ ਜਿਹੜੇ ਅਕਸਰ ਚੋਰੀ ਹੋ ਰਹੇ ਸਨ। ਉਹ ਆਪਣੇ ਨਾਲ ਇੱਕ ਪੁਰਾਣਾ ਪਰ ਮਜ਼ਬੂਤ ਕਾਗਜ਼ ਅਤੇ ਕੁਝ ਰੰਗੀਨ ਪੈੱਨ ਵੀ ਲੈ ਗਿਆ।

ਖੇਤ ਦੀ ਵੱਟ 'ਤੇ ਬੈਠ ਕੇ ਉਸਨੇ ਇੱਕ ਨਕਸ਼ਾ ਬਣਾਇਆ ਅਤੇ

ਉਸਨੂੰ ਖਰਬੂਜਿਆਂ ਦੀਆਂ ਵੇਲਾਂ ਵਿੱਚ ਇੱਕ ਖਰਬੂਜੇ ਹੇਠਾਂ ਦੱਬ ਦਿੱਤਾ।

ਇਸ ਤੋਂ ਬਾਅਦ ਉਹ ਚੁੱਪ ਚਾਪ ਘਰ ਮੁੜ ਆਇਆ। ਪਤਲੂ ਨੂੰ ਜਾਂਦਿਆਂ ਵੇਖ, ਗਿੱਦੀ ਅਤੇ ਪਿੱਦੀ, ਚੋਰੀ ਕਰਨ ਲਈ ਖੇਤਾਂ ਵਿਚ ਵੜ ਗਏ। ਪਿੱਦੀ ਨੇ ਅਜੇ ਦੋ ਚਾਰ ਖਰਬੂਜੇ ਹੀ ਤੋੜੇ ਸਨ ਕਿ ਉਸਦੀ ਨਜ਼ਰ ਉਸ ਕਾਗਜ਼ 'ਤੇ ਪਈ। ਉਸ ਨੇ ਨਕਸ਼ਾ ਚੁੱਕਿਆ ਅਤੇ ਗਿੱਦੀ ਨੂੰ ਵਿਖਾਇਆ। ਚਾਂਦਨੀ ਵਿਚ ਨਕਸ਼ੇ ਨੂੰ ਵੇਖ ਕੇ ਗਿੱਦੀ ਦੀਆਂ ਅੱਖਾਂ ਚਮਕ ਉੱਠੀਆਂ। ਉਹ ਕਹਿੰਦਾ, "ਇਹ ਤਾਂ ਕਿਸੇ ਲੁਕੇ ਹੋਏ ਖ਼ਜ਼ਾਨੇ ਦਾ ਨਕਸ਼ਾ ਹੈ! ਛੱਡ ਖਰਬੂਜੇ, ਪਹਿਲਾਂ ਖਜ਼ਾਨਾ ਲੱਭਦੇ ਹਾਂ।"

ਅਗਲੇ ਦਿਨ ਦੋਏ ਭਰਾ ਨਕਸ਼ੇ ਦੀਆਂ ਲਕੀਰਾਂ ਦਾ ਪਿੱਛਾ ਕਰਦੇ ਕਰਦੇ ਲਾਲੂ ਲੂੰਬੜ ਦੀ ਓਸ ਪਹਾੜੀ ਦੇ ਪੈਰਾਂ ਵਾਲੀ ਜ਼ਮੀਨ ਕੋਲ ਪਹੁੰਚ ਗਏ। ਗਿੱਦੀ ਨੇ ਕਿਹਾ, "ਇੱਥੇ ਹੀ ਕਿਤੇ ਖ਼ਜ਼ਾਨਾ ਦੱਬਿਆ ਹੋਇਆ ਹੈ। ਚੰਗਾ ਹੋਇਆ ਕਿ ਲਾਲੂ ਨੇ ਇਸ ਜ਼ਮੀਨ ਵਿਚ ਖੇਤੀ ਨਹੀਂ ਕੀਤੀ।"

ਪਿੱਦੀ ਨੂੰ ਫ਼ਿਕਰ ਹੋਇਆ, "ਜੇ ਅਸੀਂ ਇੱਥੇ ਪੁੱਟਾਂਗੇ ਤਾਂ ਸਾਰਿਆਂ ਨੂੰ ਸ਼ੱਕ ਹੋ ਜਾਏਗਾ।"

ਗਿੱਦੀ ਹੱਸ ਪਿਆ, "ਫ਼ਿਕਰ ਨਾ ਕਰ, ਮੈਂ ਸਭ ਸੰਭਾਲ ਲਵਾਂਗਾ।"

ਦੋਏ ਲਾਲੂ ਲੂੰਬੜ ਕੋਲ ਗਏ। ਗਿੱਦੀ ਨੇ ਬੜੀ ਚਲਾਕੀ ਨਾਲ ਕਿਹਾ ਕਿ ਉਹ ਮਿਹਨਤੀ ਬਣ ਕੇ ਵਿਖਾਉਣਾ ਚਾਹੁੰਦੇ ਹਨ ਅਤੇ ਪਹਾੜੀ ਦੇ ਪੈਰਾਂ ਵਾਲੀ ਜ਼ਮੀਨ ਨੂੰ ਪੱਧਰੀ ਕਰਨਾ ਚਾਹੁੰਦੇ ਹਨ। ਲਾਲੂ ਲੂੰਬੜ ਨੇ ਪਹਿਲਾਂ ਤਾਂ ਉਨ੍ਹਾਂ ਨੂੰ ਆਲਸੀ ਕਹਿ ਕੇ ਉਨ੍ਹਾਂ ਨੂੰ ਨਾਂਹ ਕਰ ਦਿੱਤੀ, ਪਰ ਪਤਲੂ ਨੇ ਵਿਚ ਆ ਕੇ ਕਿਹਾ ਕਿ -ਬਦਲੇ ਵਿਚ ਸਿਰਫ਼ ਦੋ ਵੇਲੇ ਦਾ ਅਨਾਜ ਹੀ ਲਵਾਂਗੇ।

ਗਿੱਦੀ ਅਤੇ ਪਿੱਦੀ ਦਿਨ ਰਾਤ ਮਿਹਨਤ ਕਰਨ ਲੱਗੇ। ਸ਼ੁਰੂ ਸ਼ੁਰੂ ਵਿਚ ਜੰਗਲ ਦੇ ਜਾਨਵਰ ਉਨ੍ਹਾਂ ਦਾ ਮਖ਼ੌਲ ਉਡਾਂਦੇ ਸਨ, ਪਰ ਹੌਲੀ ਹੌਲੀ ਜਦੋਂ ਜ਼ਮੀਨ ਪੱਧਰੀ ਹੋਣ ਲੱਗ ਪਈ ਤਾਂ ਸਾਰਿਆਂ ਦੀ ਰਾਇ ਬਦਲ ਗਈ।

ਦੋ ਮਹੀਨਿਆਂ ਦੀ ਸਖ਼ਤ ਮਿਹਨਤ ਨਾਲ ਖੇਤ ਪੂਰੀ ਤਰ੍ਹਾਂ ਤਿਆਰ ਹੋ ਗਿਆ ਪਰ ਦੋਹਾਂ ਨੂੰ ਓਥੇ ਕੋਈ ਖ਼ਜ਼ਾਨਾ ਨਾ ਮਿਲਿਆ, ਜਿਸ ਕਰਕੇ ਉਹ ਬੜੇ ਨਿਰਾਸ਼ ਅਤੇ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਸਨ।

ਪਤਲੂ ਦੀਆਂ ਛੁੱਟੀਆਂ ਖਤਮ ਹੋਣ ਵਾਲੀਆਂ ਸਨ। ਉਸਦੇ ਜਾਣ ਤੋਂ ਪਹਿਲਾਂ ਪੰਚਾਇਤ ਵਿਚ ਗਿੱਦੀ ਪਿੱਦੀ ਨੂੰ ਇੱਕ ਹਜ਼ਾਰ ਰੁਪਏ ਇਨਾਮ ਵਿਚ ਦਿੱਤੇ ਗਏ!!

ਦੋਨਾਂ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਨ੍ਹਾਂ ਨੇ ਸਾਰਿਆਂ ਸਾਹਮਣੇ ਆਪਣੀ ਚੋਰੀ ਮੰਨ ਲਈ ਅਤੇ ਕਿਹਾ, "ਜਿਸ ਨੂੰ ਤੁਸੀਂ ਸਾਡੀ ਹਿੰਮਤ ਅਤੇ ਮਿਹਨਤ ਕਹਿ ਰਹੇ ਹੋ ਉਹ ਤਾਂ ਸਾਡਾ ਲਾਲਚ ਸੀ ਪਰ ਸਾਨੂੰ ਇਹ ਅਕਲ ਆ ਗਈ ਹੈ ਕਿ ਸਾਨੂੰ ਮਿਹਨਤ ਕਰ ਕੇ ਹੀ ਖਾਣਾ-ਕਮਾਉਣਾ ਚਾਹੀਦਾ ਹੈ। ਦਿਨ ਭਰ ਦੀ ਮਿਹਨਤ ਤੋਂ ਬਾਅਦ ਸੁੱਕੀ ਰੋਟੀ ਵਿਚ ਵੀ ਜੋ ਸੁਆਦ ਆਉਂਦਾ ਹੈ, ਉਹ ਚੋਰੀ ਦੇ ਪੈਸਿਆਂ ਨਾਲ ਖਰੀਦੇ ਪਕਵਾਨਾਂ ਵਿਚ ਨਹੀਂ ਆਉਂਦਾ। ਤੁਸੀਂ ਸਾਰੇ ਜਿਹੜੀ ਸਜ਼ਾ ਸਾਨੂੰ ਦੇਣੀ ਚਾਹੋ ਉਹ ਦੇ ਸਕਦੇ ਹੋ।"

ਭਾਲੂ ਨੇ ਕਿਹਾ, "ਤੁਸੀਂ ਆਪਣੀ ਸਜ਼ਾ ਭੁਗਤ ਚੁੱਕੇ ਹੋ।"

ਲਾਲੂ ਲੂੰਬੜ ਨੇ ਮੁਸਕ੍ਰਾਂਦੇ ਹੋਏ ਨੇ ਕਿਹਾ, "ਹੁਣ ਇਹ ਜ਼ਮੀਨ ਇੱਕ ਸਾਲ ਲਈ ਤੁਹਾਡੀ ਹੈ।"

ਗਿੱਦੀ ਪਿੱਦੀ ਦੇ ਪਛਤਾਵੇ ਦੇ ਹੰਝੂ ਹੁਣ ਖੁਸ਼ੀ ਵਿਚ ਬਦਲ ਚੁੱਕੇ ਸਨ।।

ਹਿੰਦੀ ਤੋਂ ਅਨੁਵਾਦ : ਪਰਮ ਸਿੰਘ

## ਲਾਲੀਓ ਮਤਵਾਲੀਓ

ਲਾਲੀਓ ਮਤਵਾਲੀਓ
ਲਾਲ ਚੁੰਝਾਂ ਲਾਲ ਪੰਖੀ
ਚੁਣ ਚੁਣ ਦਾਣਾ ਖਾਣਾ
ਚਿੜੀਓ ਨੀ
ਤੁਸਾਂ ਕਥੂ ਜੋ ਆਈ
ਕਿੱਥੇ ਉੱਡ ਉੱਡ ਜਾਣਾ

ਦਾਣਾ ਚੁਗਣਾ
ਆਪਣੇ ਨਾਂ ਦਾ
ਕੈਸਾ ਜੋਗ ਵਡਾਣਾ

ਦੱਸੋ ਨੀ ਚਿੜੀਓ
ਨਾਂ ਤੁਹਾਡਾ
ਕਿਹੜਾ ਚੁਗਣਾ ਦਾਣਾ

(**ਚਿਤ੍ਰਕਾਰ ਸਿਧਾਰਥ** ਦੀ ਮਾਤਾ ਜੀ ਉਨ੍ਹਾਂ ਨੂੰ ਇਹ ਬੋਲ ਸੁਣਾਉਂਦੇ ਹੁੰਦੇ ਸਨ। ਇਨ੍ਹਾਂ ਬੋਲਾਂ ਵਿਚ ਸਰਾਇਕੀ ਬੋਲੀ ਵੀ ਹੈ।)

# ਚੁੱਲ੍ਹੇ ਦਾ ਬਾਲਣ

ਅਮਤੋਜ ਸਿੰਘ ਰਿਆੜ

**ਸਮਾਂ** ਕੋਈ ਸੰਸਾਰੀ ਚੀਜ਼ ਨਹੀਂ ਹੁੰਦਾ, ਇਸ ਨੂੰ ਕਦੇ ਵੀ ਦੇਖਿਆ ਨਹੀਂ ਜਾ ਸਕਦਾ। ਜੋ ਸੰਸਾਰੀ ਚੀਜ਼ਾਂ ਇਨਸਾਨ ਦੇਖ ਸਕਦਾ ਹੈ- ਸ਼ਾਇਦ ਉਹਨਾਂ ਦੇ ਵਿੱਚ ਆਉਣ ਵਾਲੇ ਬਦਲਾਅ ਨੂੰ ਹੀ ਇਨਸਾਨ ਸਮੇਂ ਦਾ ਬਦਲਣਾ ਸਮਝਦਾ ਹੈ।

ਇਸ ਨੂੰ ਇਸ ਤਰ੍ਹਾਂ ਵੀ ਕਿਹਾ ਜਾਂਦਾ ਹੈ ਕਿ ਸੰਸਾਰੀ ਚੀਜ਼ਾਂ ਦੇ ਬਦਲਣ ਨਾਲ ਸਮਾਂ ਬਦਲ ਜਾਂਦਾ ਹੈ ਜਾਂ ਫਿਰ ਸਮੇਂ ਦੇ ਬਦਲਣ ਨਾਲ ਸੰਸਾਰੀ ਚੀਜ਼ਾਂ ਬਦਲ ਜਾਂਦੀਆਂ ਹਨ। ਦੋਵੇਂ ਗੱਲਾਂ ਸੱਚ ਹਨ ਪਰ ਇੱਕ ਤਰ੍ਹਾਂ ਨਾਲ ਸ਼ਾਇਦ ਝੂਠ ਵੀ ਹਨ। ਪਰ ਇਹ ਚੱਲਦੀਆਂ ਹਮੇਸ਼ਾਂ ਨਾਲੋ ਨਾਲ ਹਨ।

ਇਸ ਤਰ੍ਹਾਂ ਚੱਲਦੇ ਚੱਲਦੇ ਹੀ ਹੁਣ ਸਮਾਂ ਵੀ ਬਦਲ ਚੁੱਕਾ ਹੈ ਤੇ ਸੰਸਾਰੀ ਚੀਜ਼ਾਂ ਵੀ ਬਦਲ ਗਈਆਂ ਹਨ।

ਹੁਣ ਪਿੰਡਾਂ ’ਚ ਵੀ ਬਹੁਤੇ ਘਰਾਂ ’ਚ ਗੈਸ ਵਾਲੇ ਚੁੱਲ੍ਹੇ ਆ ਗਏ ਹਨ। ਮਿੱਟੀ ਦੇ ਚੁੱਲ੍ਹੇ ਉਹਨਾਂ ਘਰਾਂ ’ਚ ਹੀ ਰਹਿ ਗਏ ਹਨ ਜਿਨ੍ਹਾਂ ਵਿੱਚ ਅੱਤ ਦੀ ਗ਼ਰੀਬੀ ਹੈ। ਅਤੇ ਪਿੰਡਾਂ ਵਿੱਚ ਹੁਣ ਅਜਿਹੇ ਘਰ ਥੋੜ੍ਹੇ ਹੀ ਰਹਿ ਗਏ ਹਨ। ਇਹ ਵੀ ਤਾਂ ਦੇਖੋ ਇੱਕ ਉਦਾਹਾਰਨ ਹੀ ਹੈ ਸਮੇਂ ਅਤੇ ਸੰਸਾਰੀ ਚੀਜ਼-ਵਸਤ ਦੇ ਨਾਲੋਂ-ਨਾਲ ਚੱਲਦੇ ਬਦਲਾਅ ਦੀ।

ਕਦੇ ਸਿਰਫ਼ ਮਿੱਟੀ ਦੇ ਚੁੱਲ੍ਹੇ ਹੀ ਹੁੰਦੇ ਸਨ, ਫਿਰ ਸਟੋਵ ਆਏ ਕਿਸੇ ਟਾਂਵੇਂ-ਟਾਂਵੇਂ ਘਰ ਵਿੱਚ, ਫਿਰ ਬਿਜਲੀ ਵਾਲੇ ਹੀਟਰਾਂ ਦਾ ਦੌਰ ਚੱਲਿਆ ਜਿਹੜੇ ਵੱਡੀ ਗਿਣਤੀ ਵਿੱਚ ਚੋਰੀ ਦੀ ਬੱਤੀ ਦੀ ਕੁੰਡੀ ਲਾ ਕੇ ਚੱਲਦੇ ਰਹੇ। ਪਰ ਹੁਣ ਦੌਰ ਗੈਸ ’ਤੇ ਚੱਲਣ ਵਾਲੇ ਚੁੱਲਿਆਂ ਦਾ ਆ ਗਿਆ ਹੈ।

ਕਈ ਵਾਰ ਸਮੇਂ ਦਾ ਬਦਲਣਾ  ਗੱਲ ਨੂੰ ਸ਼ਿੰਗਾਰਨ ਲਈ ਵੀ ਵਰਤਿਆ ਜਾਂਦਾ ਹੈ। ਕੋਈ ਮਿਹਨਤ ਕਰ ਕੇ ਚੰਗੇ ਮੁਕਾਮ ’ਤੇ ਪਹੁੰਚ ਜਾਵੇ ਤਾਂ



ਉਸ ਬਾਰੇ ਵੀ ਕਿਹਾ ਜਾਂਦਾ ਹੈ ਕਿ, “ਫ਼ਲਾਣੇ ਦਾ ਸਮਾਂ ਬਦਲ ਗਿਆ”।

ਪਰ ਇਹ ਸਮਾਂ ਸਭ ਦਾ ਨਹੀਂ ਬਦਲਦਾ। ਦਿਲਚਸਪ ਗੱਲ ਇਹ ਹੈ ਕਿ ਇਸ ‘ਸਮੇਂ ਦੇ ਬਦਲਣ’ ਨਾਲ ਵੀ ਸੰਸਾਰੀ ਚੀਜ਼ਾਂ ਬਦਲ ਜਾਂਦੀਆਂ ਹਨ।

ਜਿਵੇਂ, ਅੱਜ ਦੇ ਦੌਰ ਵਿੱਚ ਪਿੰਡਾਂ ਦਾ ਸਮੁੱਚੇ ਤੌਰ ਉੱਤੇ ਵੀ ਸਮਾਂ ਬਦਲ ਰਿਹਾ ਹੈ। ਪਿੰਡ ਵੀ ਤਰੱਕੀ ਕਰ ਰਹੇ ਹਨ ਤੇ ਸਹੂਲਤਾਂ ਦੇ ਪੱਖ ਤੋਂ ਅੱਗੇ ਵਧ ਰਹੇ ਹਨ। ਬਹੁਤੇ ਪਿੰਡਾਂ ਵਿੱਚ ਵੀ ਗੈਸ ਵਾਲੇ ਚੁੱਲ੍ਹੇ ਵਰਤੇ ਜਾਣ ਲੱਗ ਪਏ ਹਨ। ਘੱਟ ਸਿਰ-ਖਪਾਈ ਤੇ ਛੇਤੀ ਖਾਣਾ ਬਨਾਉਣ ਵਾਲੇ ਇਹ ਚੁੱਲ੍ਹੇ ਬਹੁਤ ਵੱਡੀ ਨਿਆਮਤ ਹਨ।

ਪਰ ਜਿਵੇਂ ਕਿ ਮੈਂ ਪਹਿਲਾਂ ਕਹਿ ਚੁੱਕਾ ਹਾਂ, ਇਹ ਤਰੱਕੀ ਵਾਲਾ ਸਮਾਂ ਹਰ ਕਿਸੇ ਦਾ ਨਹੀਂ ਬਦਲਦਾ। ਪਿੰਡਾਂ ਵਿੱਚ, ਇੱਥੋਂ ਤੱਕ ਕਿ ਸ਼ਹਿਰਾਂ ਵਿੱਚ ਵੀ, ਅਜੇ ਤੱਕ ਕਈ ਅਜਿਹੇ ਘਰ ਹਨ ਜਿੱਥੇ ਮਿੱਟੀ ਵਾਲੇ ਚੁੱਲ੍ਹੇ ਹੀ ਵਰਤੇ ਜਾਂਦੇ ਨੇ, ਉਹ ਵੀ ਸ਼ੌਕ ਨਹੀਂ ਮਜਬੂਰੀ ਕਰਕੇ। ਕਿਉਂਕਿ ਉਹਨਾਂ ਕੋਲ ਇਹਨਾਂ ਨਵੇਂ ਚੁੱਲ੍ਹਿਆਂ, ਗੈਸ ਸਿਲੰਡਰਾਂ, ਆਦਿ, ਨੂੰ ਖਰੀਦਣ ਜੋਗੀ ਰਕਮ ਵੀ ਨਹੀਂ ਜੁੜਦੀ। ਉਹਨਾਂ ਦਾ ਗੁਜ਼ਾਰਾ ਤਾਂ ਅੱਜ ਵੀ ਭਾਲ-ਢੂੰਡ ਕਰ ਕੇ ਚੁੱਲ੍ਹੇ ਲਈ ਮੁਫ਼ਤ ਮਿੱਟੀ ਤੇ ਬਾਲਣ ਕੱਠਾ ਕਰ ਕੇ ਹੀ ਚੱਲਦਾ ਹੈ।

ਕਾਲਜ ਵਿੱਚ ਪੜ੍ਹਦਿਆਂ ਇੱਕ ਚੀਜ਼ ‘ਇਕਨਾਮਿਕ ਇਨਇਕੁਐਲਟੀ’, ਜਾਂ ਆਰਥਕ ਨਾਬਰਾਬਰੀ, ਬਾਰੇ ਪੜ੍ਹਿਆ ਸੀ। ਪਰ ਜੋ ਜ਼ਿੰਦਗੀ ਨੇ ਪੜ੍ਹਾਇਆ ਉਹ ਇਹ ਸੀ ਕਿ ਇਹ ਜ਼ਿਆਦਾ ਕੁਝ ਨਹੀਂ ਬੱਸ ਚੁੱਲ੍ਹੇ ਦੀ ਨਾਬਰਾਬਰੀ ਹੀ ਹੈ।

ਮੇਰੀ ਤੇ ਮੇਰੇ ਨਾਲ ਦੇ ਘਰ ਵਾਲੇ ਕਰਨੈਲ ਸਿੰਘ ਦੀ, ਮੇਰੀ ਤੇ ਮੇਰੇ ਉੱਤੇ ਲੱਗੇ ਬੈਂਕ-ਕੈਸ਼ੀਅਰ ਦੀ, ਮੇਰੀ ਤੇ ਬੈਂਕ-ਮੈਨੇਜਰ ਦੀ, ਮੇਰੀ ਤੇ ਬੈਂਕ ਦੇ ਮਾਲਕ ਦੀ। ਸਾਡੀ ਹੈਸੀਅਤ ਦੀਆਂ ਇਹਨਾਂ ਸਾਰੀਆਂ ਨਾ-ਬਰਾਬਰੀਆਂ ਦਾ ਆਖ਼ਰੀ ਸਿਰਾ ਸਾਡੇ ਚੁੱਲ੍ਹੇ ਹੀ ਹਨ। ਹਰ ਇਨਸਾਨ ਦੀ ਭੁੱਖ ਆ-ਜਾ ਕੇ ਸਿਰਫ ‘ਦੋ-ਰੋਟੀਆਂ’ ਦੀ ਹੀ ਹੁੰਦੀ ਹੈ ਪਰ ਨਾਬਰਾਬਰੀ ਸਵਾਦ ਨੂੰ ਭੋਗਣ ਦੀ ਹੁੰਦੀ ਹੈ।

ਮੇਰੀ ਤੇ ਕਰਨੈਲ ਦੀ ਉਮਰ ਵਿੱਚ ਬਹੁਤਾ ਫ਼ਰਕ ਨਹੀਂ, ਉਹ ਮੇਰੇ ਤੋਂ ਚਾਰ-ਪੰਜ ਸਾਲ ਵੱਡਾ ਹੋਵੇਗਾ। ਛੋਟੇ ਹੁੰਦਿਆਂ ਅਸੀਂ ਬਹੁਤ ਵਾਰ ਇਕੱਠੇ ਹੀ ਖੇਡਦੇ ਹੁੰਦੇ ਸਾਂ। ਫ਼ਰਕ ਸਿਰਫ਼ ਏਨਾ ਸੀ ਕਿ ਮੈਂ ਸਕੂਲੋਂ ਆ ਕੇ ਖੇਡਦਾ ਸਾਂ ਤੇ ਉਹ ਦਿਹਾੜੀ ਤੋਂ ਆ ਕੇ।

ਮੇਰੇ, ਸਕੂਲ ਵਿੱਚ ਪੜ੍ਹਨ ਵਿੱਚ,

# ਚੁੱਲ੍ਹੇ ਦਾ ਬਾਲਣ

ਸਾਡੀਆਂ ਵਿਰਾਸਤੀ ਪੈਲ਼ੀਆਂ ਦਾ ਬਹੁਤ ਯੋਗਦਾਨ ਸੀ। ਭਾਵੇਂ ਸਨ ਤਿੰਨ ਹੀ ਕਿੱਲੇ, ਪਰ ਠੀਕ-ਠਾਕ ਗੁਜ਼ਾਰਾ ਕਰਨ ਲਈ ਬਹੁਤ ਸਨ। ਕਰਨੈਲ ਦਾ ਬਾਪੂ ਕਿਸੇ ਮਿਸਤਰੀ ਨਾਲ ਮਜ਼ਦੂਰੀ ਕਰਦਾ ਸੀ। ਵਿਰਾਸਤ ਵਿੱਚ ਬੱਸ ਇੱਕ ਕੱਚਾ ਘਰ ਸੀ ਉਹਦੇ ਕੋਲ। ਹਾਲਾਂਕਿ ਤਿੰਨਾਂ ਕਿੱਲਿਆਂ ਵਾਲਾ ਵੀ ਸੌਖਾ ਗੁਜ਼ਾਰਾ ਨਹੀਂ ਕਰ ਸਕਦਾ ਪਰ ਖਾਣ ਲਈ ਅੰਨ ਖ਼ਰੀਦਣ ਦਾ ਖਰਚਾ ਬੱਸ ਉਸ ਨੂੰ ਨਹੀਂ ਕਰਨਾ ਪੈਂਦਾ। ਤਾਂ ਕਰਕੇ ਹੀ ਮੈਂ ਔਖਾ-ਸੌਖਾ ਕਾਲਜ ਵਿੱਚ ਪੜ੍ਹ ਕੇ ਬੈਂਕ ਵਿੱਚ ਕਲਰਕ ਲੱਗ ਗਿਆ।

ਕਰਨੈਲ ਵੀ ਹੌਲੀ ਹੌਲੀ ਆਪਣੇ ਬਾਪੂ ਵਾਂਗ ਪੱਕੇ ਤੌਰ ’ਤੇ ਮਜ਼ਦੂਰੀ ਦੇ ਹੀ ਕੰਮ ਵਿੱਚ ਲੱਗ ਗਿਆ। ਹੌਲੀ ਹੌਲੀ ਮਿਸਤਰੀਪੁਣੇ ਵਿੱਚ ਵੀ ਹੱਥ-ਪੈਰ ਚਲਾਅ ਕੇ ਉਹ ਦੋ ਕੁ ਸਾਲ ਦਾ ਮਿਸਤਰੀ ਬਣ ਗਿਆ ਹੈ। ਵੇਖਿਆ ਜਾਵੇ ਤਾਂ ਉਹਨੇ ਤਰੱਕੀ ਤਾਂ ਮੇਰੇ ਤੋਂ ਵੱਧ ਕਰ ਲਈ ਹੈ ਪਰ ਇਸ ਸਮਾਜਕ ਢਾਂਚੇ ਨੇ ਸਾਡੇ ਵਿੱਚ ਜੋ ਫ਼ਰਕ ਸਾਡੇ ਜੰਮਣ ਤੋਂ ਵੀ ਪਹਿਲਾਂ ਪੈਦਾ ਕਰ ਦਿੱਤਾ ਸੀ ਉਸ ਨੂੰ ਉਹ ਮੇਰੇ ਤੋਂ ਵੱਧ ਮਿਹਨਤ ਤੇ ਤਰੱਕੀ ਕਰ ਕੇ ਵੀ ਅਜੇ ਤੱਕ ਮਿਟਾਅ ਨਹੀਂ ਸਕਿਆ।

ਮੈਨੂੰ ਵਿਰਾਸਤ ਵਿੱਚ ਪੈਲੀ ਤੇ ਅੱਧਾ ਕੁ ਪੱਕਾ ਘਰ ਮਿਲਿਆ ਤੇ ਉਹਨੂੰ ਮਜ਼ਦੂਰੀ ਤੇ ਕੱਚਾ ਘਰ। ਦਿਨ-ਰਾਤ ਕੰਮ ਕਰ ਕੇ ਉਹਨੇ ਮਕਾਨ ਵੀ ਅੱਧ-ਪਚੱਧਾ ਪੱਕਾ ਕਰ ਹੀ ਲਿਆ, ਜਿੰਨਾ ਕੁ ਮੈਨੂੰ ਵਿਰਸੇ ਵਿੱਚ ਮਿਲਿਆ ਸੀ, ਪਰ ਜਿਸ ਕੰਮ ਲਈ ਉਸ ਨੇ ਆਪਣੇ ਆਪ ਨੂੰ ਫੂਕ ਦਿੱਤਾ ਉਹ ਸੀ ਆਪਣੇ ਪੁੱਤ ਦੀ ਪੜ੍ਹਾਈ।

ਸਾਡੇ ਨਾਲ ਦੇ ਪਿੰਡ ਦੇ ਅੰਗਰੇਜ਼ੀ ਸਕੂਲ ਵਿੱਚ ਮੇਰਾ ਪੁੱਤ ਤੇ ਕਰਨੈਲ ਦਾ ਪੁੱਤ ਇਕੱਠੇ ਪੜ੍ਹਦੇ ਹਨ। ਇੱਕ ਹੀ ਜਮਾਤ ਵਿੱਚ। ਤਾਂ ਹੀ ਮੈਂ ਕਿਹਾ ਕਿ ਉਹਨੇ ਤਰੱਕੀ ਤਾਂ ਮੇਰੇ ਤੋਂ ਵੱਧ ਕੀਤੀ ਹੈ। ਉਮਰ ਦੇ ਚਾਲ਼ੀਵੇਂ ਸਾਲ ਵਿੱਚ ਮੈਂ ਉਹੀ ਕਲਰਕ ਹਾਂ ਜੋ ਅੱਜ ਤੋਂ 19 ਸਾਲ ਪਹਿਲਾਂ, ਉਮਰ ਦੇ ਛੱਬੀਵੇਂ ਸਾਲ ਵਿੱਚ ਬਣਿਆ। ਤੇ ਵਿਰਾਸਤੀ ਪੂੰਜੀ ਵਿੱਚ ਵੀ ਕੋਈ ਵਾਧਾ ਨਹੀਂ ਕਰ ਸਕਿਆ। ਪਰ ਕਰਨੈਲ ਮਜ਼ਦੂਰ ਤੋਂ ਮਿਸਤਰੀ ਵੀ ਹੋ ਗਿਆ, ਘਰ ਦੀ ਹਾਲਤ ਵੀ ਉਸ ਨੇ ਥੋੜ੍ਹੀ ਠੀਕ ਕੀਤੀ ਤੇ ਪੁੱਤ ਨੂੰ ਵਿਦਿਆ ਵੀ ਦਿੱਤੀ।

ਜਦੋਂ ਮੇਰਾ ਤੇ ਕਰਨੈਲ ਦਾ ਪੁੱਤਰ ਇਕੱਠੇ ਪੜ੍ਹਨ ਜਾਂਦੇ ਹਨ ਤਾਂ ਮੈਨੂੰ ਲੱਗਦਾ ਹੈ ਕਿ ਸਮਾਜ ਨੇ ਜੋ ਨਾਬਰਾਬਰੀ ਮੇਰੇ ਤੇ ਕਰਨੈਲ ਵਿੱਚ ਪੈਦਾ ਕੀਤੀ ਹੋਈ ਸੀ, ਗਰੀਬ ਵਰਗ ਤੇ ਹੇਠਲੇ ਮੱਧ ਵਰਗ ਵਾਲੀ, ਵਿਦਿਆ ਉਸ ਨੂੰ ਦੂਰ ਕਰ ਰਹੀ ਹੈ। ਸ਼ਾਇਦ ਤਾਂ ਹੀ ਕਹਿੰਦੇ ਨੇ ਸਮਾਜ ਨੂੰ ਬਦਲਣ ਦਾ ਜ਼ਰੀਆ ਵਿਦਿਆ ਹੁੰਦੀ ਹੈ।

ਸਮਾਂ ਤੇ ਸੰਸਾਰੀ ਚੀਜ਼ਾਂ ਕਿਵੇਂ ਬਦਲ ਜਾਂਦੀਆਂ ਨੇ ਇਨਸਾਨ ਦੇ ਕਈ ਵਾਰ ਚਿੱਤ-ਚੇਤੇ ਵੀ ਨਹੀਂ ਰਹਿੰਦਾ। ਕਦੇ ਇਕੱਠੇ ਖੇਡਣ ਵਾਲੇ ਮੇਰੇ ਤੇ ਕਰਨੈਲ ਵਿੱਚ ਅੱਜ ਕੱਲ੍ਹ ਸਤਿ ਸ੍ਰੀ ਅਕਾਲ ਜਾਂ ਹਾਲ-ਚਾਲ ਤੋਂ ਵੱਧ ਓਦੋਂ ਹੀ ਗੱਲ ਹੁੰਦੀ ਹੈ ਜਦੋਂ ਮੈਨੂੰ ਉਹਦੇ ਨਾਲ ਜਾਂ ਉਹਨੂੰ ਮੇਰੇ ਨਾਲ ਕੋਈ ਕੰਮ ਹੋਵੇ। ਉਂਞ ਭਾਵੇਂ ਬਚਪਨ ਦੀ ਸਾਂਝ ਅਜੇ ਤੱਕ ਕਾਇਮ ਹੈ ਪਰ ਸਮੇਂ ਦੇ ਵਹਾਅ ਵਿੱਚ ਫਿਰ ਵੀ ਇੱਕ ਦੂਸਰੇ ਕੋਲ ਰੁਕਿਆ ਨਹੀਂ ਜਾਂਦਾ।

ਸਭ ਤੋਂ ਵੱਧ ਖ਼ੁਸ਼ੀ ਮੈਨੂੰ ਉਦੋਂ ਹੋਈ ਜਦੋਂ ਕਰਨੈਲ ਦਾ ਪੁੱਤ ਤੇ ਮੇਰਾ ਪੁੱਤ ਇਕੱਠੇ ਇੱਕੋ ਸਕੂਲ ਵਿੱਚ ਜਾਣ ਲੱਗ ਪਏ। ਤੀਜੀ ਤੱਕ ਕਰਨੈਲ ਆਪਣੇ ਪੁੱਤ ਨੂੰ ਪਿੰਡ ਦੇ ਸਰਕਾਰੀ ਸਕੂਲ ਵਿੱਚ ਹੀ ਪੜ੍ਹਾਉਂਦਾ ਰਿਹਾ। ਮੈਂ ਬਹੁਤ ਵਾਰ ਕਹਿਣਾ ਕਿ ਪੁੱਤ ਨੂੰ ਅੰਗਰੇਜ਼ੀ ਸਕੂਲੇ ਪੜ੍ਹਾਅ- ਹੋਰ ਖਰਚੇ ਵਿੱਚ ਥੋੜ੍ਹਾ ਸਰਫ਼ਾ ਕਰ ਲੈ। ਪਰ ਸ਼ਾਇਦ ਇਹ ਤਾਂ ਮੈਨੂੰ ਵੀ ਪਤਾ ਸੀ ਕਿ ਉਹਦੀ ਜ਼ਿੰਦਗੀ ਤਾਂ ਪਹਿਲਾਂ ਹੀ ਸਰਫ਼ੇ ’ਤੇ ਚੱਲ ਰਹੀ ਸੀ। ਪਰ ਜਦੋਂ ਉਹਦਾ ਪੁੱਤ ਤੀਜੀ ਤੋਂ ਚੌਥੀ ਵਿੱਚ ਹੋਇਆ ਤਾਂ ਉਹਨੇ ਮੇਰੀ ਮੰਨ ਹੀ ਲਈ। ਜਦੋਂ ਮੈਨੂੰ ਉਹਨੇ ਦੱਸਿਆ ਤਾਂ ਮੈਂ ਘੁੱਟ ਕੇ ਜੱਫੀ ਪਾ ਕੇ ਉਹਨੂੰ ਵਧਾਈ ਦਿੱਤੀ। ਉਹਨੇ ਧੰਨਵਾਦ ਕਰ ਕੇ ਹੌਲੀ ਜਿਹੀ ਕਿਹਾ, “ਤੇਰੀ ਮੰਨ ’ਲੀ ਭਰਾਵਾ! ਸ਼ਾਇਦ ਤੂੰ ਸਹੀ ਕਹਿੰਦਾ ਹੋਵੇਂ- ਤੇਰਾ ਕੱਚਾ ਘਰ ਵੀ ਤਾਂ ਪੜ੍ਹਾਈ ਨੇ ਹੀ ਪੱਕਾ ਕੀਤਾ ਏ। ਪਹਿਲਾਂ ਸੋਚਦਾ ਸਾਂ ਕਿ ਘਰ ਪੱਕਾ ਕਰ ਲਵਾਂ ਪਰ ਫਿਰ ਲੱਗਾ ਕਿ ਕਾਕਾ ਤਾਂ ਪੜ੍ਹ ਕੇ ਤੇਰੇ ਵਾਂਗ ਟੌਹਰ ਨਾਲ ਰਹੂ, ਸਾਡਾ ਕੀ ਏ, ਜਿੱਥੇ ਏਨੀ ਕੱਚੇ ’ਚ ਲੰਘ ਗਈ ਉੱਥੇ ਹੋਰ ਸਹੀ, ਨਾਲੇ ਕੀ ਪਤਾ ਕਿੰਨੀ ਕੁ ਰਹਿ ਗਈ ਏ।”

ਕਈ ਵਾਰ ਬਹੁਤ ਵੱਡੀ ਖ਼ੁਸ਼ੀ ਬਹੁਤ ਵੱਡਾ ਦੁਖ ਵੀ ਦਿੰਦੀ ਏ। ਵਿਦਿਆ ਸਮਾਜ ਬਦਲਣ ਦਾ ਜ਼ਰੀਆ ਤਾਂ ਹੈ, ਪਰ ਕਈ ਵਾਰ ਦਿਮਾਗ਼ ਨੂੰ ਖ਼ੁਰਾਕ ਦੇਣ ਲਈ ਢਿੱਡ ਨੂੰ ਭੁੱਖ ਕੱਟਣੀ ਪੈਂਦੀ ਹੈ।

ਅੱਜ ਮੇਰੇ ਪੁੱਤ ਸਿਮਰ ਦਾ ਨੌਵੀਂ ਦਾ ਨਤੀਜਾ ਆ ਗਿਆ। ਅਗਲੇ ਸਾਲ ਉਹ ਬੋਰਡ ਦੀ ਕਲਾਸ ਵਿੱਚ ਚਲਾ ਜਾਵੇਗਾ। ਕਰਨੈਲ ਦੇ ਪੁੱਤ ਦਾ ਨਤੀਜਾ ਵੀ ਆ ਗਿਆ ਸੀ। ਸਾਰੀ ਜਮਾਤ ’ਚੋਂ ਉਹ ਅੱਵਲ ਆਇਆ ਸੀ। ਮੇਰਾ ਪੁੱਤ ਤੀਜੇ ਸਥਾਨ ’ਤੇ ਆਇਆ।

ਦੋ ਤਿੰਨ ਸਾਲ ਬਾਅਦ ਬਾਰ੍ਹਵੀਂ ਤੇ ਫਿਰ ਕਾਲਜ ਤੇ ਫਿਰ ਜ਼ਿੰਦਗੀ ਵਿੱਚ ਸੈੱਟ ਹੋ ਜਾਵੇਗਾ। ਕਰਨੈਲ ਦਾ ਪੁੱਤ ਵੀ ਜਿੰਨਾ ਹੁਸ਼ਿਆਰ ਹੈ, ਬਾਰ੍ਹਵੀਂ ਕਰ ਕੇ ਕਿਸੇ ਕਾਲਜ ਜਾਂ ਸੰਸਥਾ ਦੀ ਸ਼ਕਾਲਰਸ਼ਿੱਪ ਤਾਂ ਲੈ ਹੀ ਲਵੇਗਾ। ਪਰ ਜੇ ਆਰਥਕ ਤੰਗੀ ਕਰਕੇ ਨਾ ਵੀ ਪੜ੍ਹਿਆ ਤਾਂ ਮੇਰੇ ਵਰਗੀ ਨੌਕਰੀ ਤਾਂ ਇਹ ਕਰ ਹੀ ਲਵੇਗਾ ਕਿਉਂਜੋ ਸਾਡੇ ਦੌਰ ਦੀ ਗ੍ਰੈਜੂਏਸ਼ਨ ਦੇ ਬਰਾਬਰ ਤਾਂ ਅੱਜ-ਕੱਲ੍ਹ ਦੀ ਬਾਰ੍ਹਵੀਂ ਹੀ ਹੋ ਗਈ ਹੈ। ਕਰਨੈਲ ਦਾ ਸੁਪਨਾ

ਹੁਣ ਪੂਰਾ ਹੋ ਜਾਵੇਗਾ।

ਸ਼ਾਮ ਨੂੰ ਕਰਨੈਲ ਦੇ ਕੰਮ ਤੋਂ ਵਾਪਸ ਆਉਣ ’ਤੇ ਮੈਂ ਉਹਨੂੰ ਵਧਾਈ ਦੇਣ ਚਲਾ ਗਿਆ। ਉਹਦੀ ਜ਼ਿਦ ਸੀ ਕਿ ਅੱਜ ਤਾਂ ਸੁੱਚੇ ਮੂੰਹ ਵਾਪਸ ਨਹੀਂ ਜਾਣ ਦੇਣਾ, ਅੱਜ ਦੀ ਰੋਟੀ ਤਾਂ ਮੇਰੇ ਵੱਲ ਹੀ ਬਣਦੀ ਹੈ।

ਕਰਨੈਲ ਦੀ ਘਰਵਾਲੀ ਮਿੱਟੀ ਦੇ ਚੁੱਲ੍ਹੇ ’ਤੇ ਸਾਡੇ ਲਈ ਰੋਟੀ ਲਾਹੁਣ ਲੱਗ ਪਈ– ਜਿਹੜਾ ਚੁੱਲ੍ਹਾ ਉਹਨਾਂ ਦੇ ਪੁੱਤ ਦੀ ਪੜ੍ਹਾਈ ਲਈ ਕੀਤੇ ਸਰਫ਼ਿਆਂ ਵਿੱਚੋਂ ਇੱਕ ਸੀ। ਅੱਜ ਕਰਨੈਲ ਬਹੁਤ ਖ਼ੁਸ਼ ਸੀ। ਉਹ ਚਾਹੁੰਦਾ ਸੀ ਕਿ ਬਾਰ੍ਹਵੀਂ ਤੋਂ ਬਾਅਦ ਉਹਦਾ ਪੁੱਤ ਕੋਈ ਨੌਕਰੀ ਲੱਗ ਜਾਵੇ। ਪਰ ਮੈਂ ਸਲਾਹ ਦਿੱਤੀ ਕਿ ਪੁੱਤ ਨੂੰ ਘੱਟੋ-ਘੱਟ ਗ੍ਰੈਜੂਏਸ਼ਨ ਤੱਕ ਪੜ੍ਹਾਵੇ। ਉਹ ਜਿੰਨਾ ਹੁਸ਼ਿਆਰ ਹੈ, ਕੋਈ ਸਕਾਲਰਸ਼ਿਪ ਤਾਂ ਮਿਲ ਹੀ ਜਾਏਗੀ। ਫਿਰ ਵੀ ਕੋਈ ਹੀਲਾ ਨਾ ਬਣਿਆ ਤਾਂ ਮੈਂ ਬੈਂਕ ਤੋਂ ਪੜ੍ਹਾਈ ਲਈ ਲੋਨ ਦਵਾ ਦਿਆਂਗਾ; ਏਨੇ ਸਾਲ ਦੀ ਨੌਕਰੀ ਤੋਂ ਬਾਅਦ ਇਹ ਤਾਂ ਮੈਂ ਕਰਵਾਅ ਹੀ ਲਵਾਂਗਾ।

ਅੱਜ ਕਾਫ਼ੀ ਸਮੇਂ ਬਾਅਦ ਅਸੀਂ ਏਨਾ ਚਿਰ ਇਕੱਠੇ ਬੈਠੇ ਤੇ ਗੱਲਾਂ ਕਰਦੇ ਰਹੇ। ਜਿਵੇਂ ਜਿਵੇਂ ਇਨਸਾਨ ਦੀ ਉਮਰ ਵਧਦੀ ਜਾਂਦੀ ਹੈ ਉਵੇਂ ਉਵੇਂ ਉਸ ਦਾ ਦਾਇਰਾ ਘਟ ਜਾਂਦਾ ਹੈ। ਬਚਪਨ ਵਿੱਚ ਸਾਰਾ ਸਾਰਾ ਦਿਨ ਇਕੱਠੇ ਬਿਤਾਉਣ ਵਾਲੇ ਬੱਸ ਖ਼ੁਸ਼ੀ-ਗ਼ਮੀ ਦੇ ਮੌਕਿਆਂ ਦੇ ਸਾਥੀ ਬਣ ਕੇ ਰਹਿ ਜਾਂਦੇ ਹਨ। ਤੇ ਅੱਜ ਸਾਡੇ ਲਈ ਖ਼ੁਸ਼ੀ ਦਾ ਮੌਕਾ ਸੀ।

ਸਮੇਂ ਦੀ ਚਾਲ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਜ਼ਿੰਦਗੀ ਨਦੀ ਵਾਂਗ ਹੁੰਦੀ ਹੈ। ਜਿਵੇਂ ਬਾਹਰੋਂ ਦੇਖਿਆਂ ਬੱਸ ਏਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇੱਕ ਨਦੀ ਵਹਿ ਰਹੀ ਹੈ। ਪਰ ਇਹ ਵਹਾਅ ਇੱਕਸਾਰ ਨਹੀਂ ਹੁੰਦਾ, ਇਸ ਨੂੰ ਜਾਣਨ ਲਈ ਨਦੀ ਦੇ ਅੰਦਰ ਵੜਨਾ ਪੈਂਦਾ ਏ। ਇਸੇ ਤਰ੍ਹਾਂ ਜ਼ਿੰਦਗੀ ਦੇ ਵਹਾਅ ਦੀ ਤਾਕਤ ਦਾ ਅੰਦਾਜ਼ਾ ਅਤੇ ਇਸ ਦੇ ਵਹਾਅ ਦੇ ਸੁਭਾਅ ਦਾ ਪਤਾ ਸਿਰਫ਼ ਇਸ ਨੂੰ ਜੀਣ ਵਾਲੇ ਨੂੰ ਹੀ ਹੁੰਦਾ ਹੈ। ਕਿਸੇ ਹੋਰ ਦੀ ਜ਼ਿੰਦਗੀ ਕੇਵਲ ਬਾਹਰੋਂ ਖਲੋਅ ਕੇ ਨਦੀ ਵੇਖਣ ਵਾਂਗ ਹੀ ਦੇਖੀ ਜਾ ਸਕਦੀ ਹੈ।

ਅੱਜ ਸਵੇਰੇ ਮੈਂ ਕੰਮ ’ਤੇ ਜਾਣ ਲਈ ਤਿਆਰ ਹੋ ਰਿਹਾ ਸੀ ਕਿ ਕਰਨੈਲ ਦਾ ਪੁੱਤਰ ਆ ਕੇ ਸਾਡੇ ਘਰ ਦਾ ਬੂਹਾ ਖੜਕਾਉਣ ਲੱਗ ਪਿਆ। ਇਹੀ ਸਮਾਂ ਦੋਹਾਂ ਦਾ ਸਕੂਲ ਜਾਣ ਦਾ ਵੀ ਸੀ, ਸੋ ਮੈਨੂੰ ਲੱਗਾ ਅੱਜ ਸਿਮਰ ਲੇਟ ਹੋ ਗਿਆ ਹੈ ਤੇ ਉਹ ਇਹਨੂੰ ਲੈਣ ਲਈ ਆਇਆ ਹੈ।

ਪਰ ਜਦੋਂ ਮੈਂ ਬੂਹਾ ਖੋਲ੍ਹਿਆ ਤਾਂ ਕੁਝ ਦੇਰ ਮੈਨੂੰ ਕੁਝ ਵੀ ਸਮਝ ਨਹੀਂ ਆਇਆ। ਉਹਦਾ ਚਿਹਰਾ ਬਹੁਤ ਕੁਝ ਕਹਿ ਰਿਹਾ ਸੀ ਪਰ ਉਹ ਆਪ ਚੁੱਪ ਸੀ। ਉਹਨੂੰ ਦੇਖ ਕੇ ਥੋੜ੍ਹੀ ਬਹੁਤੀ ਗੱਲ ਦਾ ਅੰਦਾਜ਼ਾ ਤਾਂ ਮੈਨੂੰ ਹੋ ਹੀ ਗਿਆ ਸੀ।

ਬਿਨਾ ਕੁਝ ਕਹੇ ਜਾਂ ਪੁੱਛੇ ਮੈਂ ਉਹਦੇ ਨਾਲ ਹੋ ਤੁਰਿਆ। ਜਦੋਂ ਘਰ ਅੰਦਰ ਗਏ ਤਾਂ ਵਿਹੜੇ ਵਿੱਚ ਚਿੱਟੇ ਕੱਪੜੇ ’ਤੇ ਪਈ ਕਰਨੈਲ ਦੀ ਦੇਹ ਪਛਾਣ ਤੋਂ ਬਾਹਰ ਸੀ। ਉਹਨੂੰ ਦੇਖ ਕੇ ਲੱਗ ਹੀ ਨਹੀਂ ਸੀ ਰਿਹਾ ਕਿ ਇਹ ਓਹੀ ਕਰਨੈਲ ਹੈ ਜਿਸ ਨੂੰ ਅਜੇ ਦੋ ਦਿਨ ਪਹਿਲਾਂ ਸ਼ਾਮ ਨੂੰ ਕੰਮ ਤੋਂ ਆਉਂਦਿਆਂ ਮਿਲਿਆ ਸੀ। ਉਸ ਦਿਨ ਕੰਮ ਤੋਂ ਜ਼ਰਾ ਪਹਿਲਾਂ ਆਇਆ ਕਰਨੈਲ, ਰਤਾ ਕੁ ਢਿੱਲਾ ਜ਼ਰੂਰ ਲੱਗ ਰਿਹਾ ਸੀ। ਜਦੋਂ ਮੈਂ ਪੁੱਛਿਆ ਤਾਂ ਕਹਿੰਦਾ ਬੱਸ ਹਲਕਾ ਜਿਹਾ ਤਾਪ ਲੱਗ ਰਿਹਾ ਹੈ, ਹੋ ਜਾਏਗਾ ਠੀਕ– ਪਰ ਅੱਜ ਦੋ ਦਿਨਾਂ ਬਾਅਦ ਹੀ ਹੱਡੀਆਂ ਦੀ ਮੁੱਠ ਬਣਿਆ ਪਿਆ, ਪਛਾਣ ਤੋਂ ਬਾਹਰ ਸੀ। ਕਰਨੈਲ ਦੀ ਘਰਵਾਲੀ ਨੇ ਦੱਸਿਆ, “ਦੋ ਦਿਨਾਂ ਤੋਂ ਮੰਜੇ ’ਤੇ ਹੀ ਸੀ, ਪਿੰਡ ਦੇ ਡਾਕਟਰ ਨੂੰ ਦਿਖਾਇਆ, ਕਹਿੰਦਾ ਸੀ, ਬੱਸ ਤਾਪ ਹੈ, ਦੋ ਕੁ ਦਿਨ ਜ਼ੋਰ ਪਾ ਕੇ ਆਪੇ ਠੀਕ ਹੋ ਜਾਵੇਗਾ। ਦੋ-ਚਾਰ ਦਿਨਾਂ ’ਚ ਆਰਾਮ ਆ ਜਾਏਗਾ, ਦਵਾਈ ਦੇ ਦਿੰਦਾ ਹਾਂ। ਪਰ ਹੁਣ ਤਾਂ ਪੱਕਾ ਹੀ ਅਰਾਮ…”

ਜ਼ਿੰਦਗੀ ਦੀ ਤ੍ਰਾਸਦੀ ਦੇਖੋ, ਗ਼ਰੀਬੀ ਨੇ ਸ਼ਾਇਦ ਉਹਨਾਂ ਦੇ ਹੰਝੂ ਵੀ ਚੂਸ ਲਏ ਸਨ। ਉਹਨਾਂ ਵਿੱਚ ਰੋਣ ਦੀ ਵੀ ਤਾਕਤ ਸ਼ਾਇਦ ਨਹੀਂ ਸੀ ਬਚੀ। ਪਰ ਜੋ ਵੀ ਸੀ ਸੰਸਾਰ ਦੀਆਂ ਰੀਤਾਂ- ਅਤੇ ਸਮਾਜ ਦੇ ਢਾਂਚੇ ਤੋਂ ਮਨੁੱਖ ਕਦੇ ਬਾਹਰ ਨਹੀਂ ਆ ਸਕਦਾ।

ਕਰਨੈਲ ਦੇ ਅੰਤਮ ਸੰਸਕਾਰ ਦੀਆਂ ਤਿਆਰੀਆਂ ਵੀ ਸ਼ੁਰੂ ਹੋ ਗਈਆਂ। ਆਂਢ-ਗੁਆਂਢ ਵਿੱਚ ਕਰਨੈਲ ਦਾ ਸਭ ਤੋਂ ਕਰੀਬੀ ਮੈਂ ਹੀ ਸੀ ਤੇ ਕਰਨੈਲ ਦੇ ਪਰਿਵਾਰ ਦੇ ਜੀਆਂ ਦੇ ਕਰੀਬ ਮੇਰੇ ਪਰਿਵਾਰ ਦੇ ਜੀਅ ਹੀ ਸਨ। ਸੋ ਤਿਆਰੀ ਦੀਆਂ ਜ਼ਿਆਦਾਤਰ ਜ਼ਿੰਮੇਵਾਰੀਆਂ ਮੇਰੇ ਮੋਢਿਆਂ ’ਤੇ ਹੀ ਸਨ। ਰਿਸ਼ਤੇਦਾਰਾਂ ਤੇ ਹੋਰ ਕਰੀਬੀਆਂ ਵੱਲ ਸੁਨੇਹਾ ਭੇਜ ਦਿੱਤਾ ਗਿਆ। ਆਂਢ-ਗੁਆਂਢ ਵਿੱਚ ਵੀ ਕਰਨੈਲ ਦੀ ਮੌਤ ਦੀ ਖ਼ਬਰ ਪਹੁੰਚ ਚੁੱਕੀ ਸੀ। ਖ਼ਬਰ ਮਿਲਦੇ ਹੀ ਕਰੀਬੀ ਇਸ ਮਾੜੀ ਖ਼ਬਰ ਦਾ ਮਾਤਮ ਮਨਾਉਣ ਅਤੇ ਪਰਿਵਾਰ ਦਾ ਹਾਲ-ਚਾਲ ਜਾਣਨ ਤੇ ਉਹਨਾਂ ਦਾ ਦਰਦ ਵੰਡਾਉਣ ਲਈ ਆਉਣੇ ਸ਼ੁਰੂ ਹੋ ਗਏ। ਸੋ ਇਸ ਮੌਕੇ ਜੋ ਕਰੀਬੀ ਜਾਂ ਸਾਕ-ਸੰਬੰਧੀ ਆਏ ਸਨ ਉਹਨਾਂ ਦੇ ਚਾਹ ਪਾਣੀ ਦਾ ਪ੍ਰਬੰਧ ਵੀ ਕਰਨਾ ਹੀ ਪੈਣਾ ਸੀ।

ਜਿਸ ਘਰ ਮੌਤ ਹੋਈ ਹੋਵੇ ਉਸ ਘਰ ਵਿੱਚ ਅੰਤਮ ਰਸਮਾਂ ਦੇ ਸਮਾਪਤ ਹੋਣ ਤੱਕ ਚੁੱਲ੍ਹਾ ਨਹੀਂ ਬਾਲਿਆ ਜਾਂਦਾ। ਕਿਸੇ ਨੇੜਲੇ ਗੁਆਂਢੀ ਦੇ ਘਰ ਵੱਲੋਂ ਹੀ ਘਰ ਦੇ ਜੀਆਂ ਅਤੇ ਆਉਣ ਵਾਲੇ ਕਰੀਬੀਆਂ ਲਈ ਚਾਹ-ਪਾਣੀ ਤੇ ਖਾਣ-ਪੀਣ ਦਾ ਸਾਰਾ ਪ੍ਰਬੰਧ ਕੀਤਾ ਜਾਂਦਾ ਹੈ। ਅਤੇ ਇਸੇ ਤਹਿਤ ਇਹ ਜ਼ਿੰਮੇਵਾਰੀ ਸਾਡੇ ਘਰ ਦੇ ਸਿਰ ਸੀ।

# ਚੁੱਲ੍ਹੇ ਦਾ ਬਾਲਣ    ਅਮਤੋਜ ਸਿੰਘ ਰਿਆੜ

ਸਲਾਹ ਕੀਤੀ ਗਈ ਕਿ ਦੁਪਹਿਰ ਦੇ ਖਾਣੇ ਤੋਂ ਬਾਅਦ ਹੀ ਮ੍ਰਿਤਕ ਦੇਹ ਦਾ ਸੰਸਕਾਰ ਕੀਤਾ ਜਾਵੇਗਾ। ਸਾਰੇ ਜਣੇ ਇਸ ਗ਼ਮਗੀਨ ਮੌਕੇ ਚੁੱਪ-ਚਾਪ ਆਪੋ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਅ ਰਹੇ ਸਨ। ਦੁਪਹਿਰ ਦਾ ਖਾਣਾ ਖਾਧੇ ਜਾਣ ਤੋਂ ਬਾਅਦ ਮ੍ਰਿਤਕ ਦੇਹ ਨੂੰ ਪਿੰਡ ਦੀਆਂ ਨੇੜਲੀਆਂ ਮੜ੍ਹੀਆਂ ਵਿੱਚ ਲਿਜਾਇਆ ਗਿਆ। ਉੱਥੇ ਉਸ ਦੀ ਚਿਖਾ ਤਿਆਰ ਸੀ । ਰੀਤ ਰਿਵਾਜ ਪੂਰੇ ਕਰ ਕੇ ਮ੍ਰਿਤਕ ਦੇਹ ਨੂੰ ਚਿਖਾ ’ਤੇ ਲਿਟਾਇਆ ਗਿਆ। ਕਰਨੈਲ ਦੇ ਪੁੱਤਰ ਨੇ ਉਹਦੀ ਚਿਖਾ ਨੂੰ ਅੱਗ ਦੇਣੀ ਸੀ। ਇਹ ਸਮਾਂ ਹਰ ਔਲਾਦ ਲਈ ਬਹੁਤ ਮੁਸ਼ਕਿਲ ਹੁੰਦਾ ਹੈ। ਇੱਕ ਗ਼ਮ ਨਾਲ ਜੂਝਣਾ ਅਤੇ ਨਾਲ ਹੀ ਜ਼ਿੰਮੇਵਾਰੀ ਨੂੰ ਨਿਭਾਉਣਾ। ਕਰਨੈਲ ਦੀ ਮ੍ਰਿਤਕ ਦੇਹ ਅਗਨ ਦੇ ਹਵਾਲੇ ਕਰ ਦਿੱਤੀ ਗਈ।

ਪਲਾਂ ਵਿੱਚ ਅਗਨ ਆਪਣੇ ਪੂਰੇ ਜੋਬਨ ਵਿੱਚ ਆ ਗਈ।

ਅੱਗ ਅਤੇ ਇਨਸਾਨ ਦਾ ਰਿਸ਼ਤਾ ਬਹੁਤ ਡੂੰਘਾ ਤੇ ਸਦੀਵੀ ਹੈ। ਕਿਹੋ ਜਿਹਾ ਮੰਜ਼ਰ ਅੱਜ ਇਸ ਪਰਿਵਾਰ ਨੂੰ ਦੇਖਣ ਨੂੰ ਮਿਲਿਆ। ਕਦੇ ਇਸ ਘਰ ਵਿੱਚ ਹਰ ਰੋਜ਼ ਚੁੱਲ੍ਹੇ ਵਿੱਚ ਅੱਗ ਬਲਦੀ ਸੀ ਪਰ ਅੱਜ ਉਹ ਚੁੱਲ੍ਹਾ ਬੁਝਿਆ ਹੋਇਆ ਸੀ ਤੇ ਇਨਸਾਨ ਬਲ਼ ਰਿਹਾ ਸੀ। ਅੰਤ ਇਸ ਚਿਖਾ ਦੀ ਅੱਗ ਵੀ ਬੁਝ ਗਈ। ਹੌਲੀ ਹੌਲੀ ਸਾਰੀਆਂ ਅੰਤਮ ਰਸਮਾਂ ਪੂਰੀਆਂ ਹੋ ਗਈਆਂ। ਅਖ਼ੀਰ ਅਖੰਡ ਪਾਠ ਦਾ ਭੋਗ ਵੀ ਪੈ ਗਿਆ। ਹੁਣ ਕਰਨੈਲ ਦੇ ਘਰ ਦੇ ਚੁੱਲ੍ਹੇ ਦੀ ਅੱਗ ਅੱਜ ਤੋਂ ਫਿਰ ਬਲਿਆ ਕਰਨੀ ਸੀ।

ਅੱਜ ਸਵੇਰੇ ਹੀ ਕਰਨੈਲ ਦਾ ਪੁੱਤਰ ਕੰਮ ’ਤੇ ਚਲਾ ਗਿਆ। ਪਹਿਲਾਂ ਜਦੋਂ, ਸਵੇਰੇ, ਉਹ ਸਿਮਰ ਨੂੰ ਬੁਲਾਉਣ ਨਹੀਂ ਆਇਆ ਤਾਂ ਪਹਿਲਾਂ ਤਾਂ ਮੈਨੂੰ ਲੱਗਾ ਕਿ ਉਹ ਅਜੇ ਕਰਨੈਲ ਦੀ ਮੌਤ ਤੋਂ ਹੀ ਉੱਭਰ ਨਹੀਂ ਸਕਿਆ ਇਸੇ ਲਈ ਸ਼ਾਇਦ ਅਜੇ ਸਕੂਲ ਨਹੀਂ ਜਾਵੇਗਾ। ਪਰ ਮੈਨੂੰ ਸਮਝਦਿਆਂ ਦੇਰ ਨਾ ਲੱਗੀ ਕਿ ਪਿਤਾ ਦੀ ਜ਼ਿੰਮੇਵਾਰੀ ਹੁਣ ਉਹਦੇ ਮੋਢਿਆਂ ’ਤੇ ਆ ਗਈ ਹੈ।

ਜਦੋਂ ਸ਼ਾਮ ਨੂੰ ਉਹ ਘਰ ਵਾਪਸ ਆ ਰਿਹਾ ਸੀ, ਉਸਨੂੰ ਆਉਂਦਿਆਂ ਦੇਖਕੇ ਪਹਿਲਾਂ ਮੈਂ ਉਸ ਦਾ ਹਾਲ ਪੁੱਛਣਾ ਚਾਹੁੰਦਾ ਸਾਂ। ਪਰ ਉਹ ਆਪਣੇ ਆਪ ਵਿੱਚ ਹੀ ਗੁਆਚਿਆ ਹੋਇਆ ਚੁੱਪ-ਚਾਪ ਘਰ ਅੰਦਰ ਚਲਾ ਗਿਆ। ਤੇ ਮੈਨੂੰ ਉਸ ਨੂੰ ਬੁਲਾਉਣ ਦਾ ਮੌਕਾ ਵੀ ਨਹੀਂ ਮਿਲਿਆ।

ਮੈਂ ਕੁਝ ਸਮੇਂ ਬਾਅਦ ਆਪ ਹੀ ਉਸ ਨੂੰ ਮਿਲਣ ਘਰ ਚਲਾ ਗਿਆ। ਉਸ ਦੀ ਮਾਂ ਚੁੱਲ੍ਹੇ ’ਤੇ ਰੋਟੀ ਪਕਾਅ ਰਹੀ ਸੀ ਤੇ ਉਹ ਮੰਜੀ ’ਤੇ ਲੇਟ ਕੇ ਅਸਮਾਨ ਵੱਲ ਇੱਕ-ਟੱਕ ਦੇਖ ਰਿਹਾ ਸੀ। ਮੇਰੇ ਗਏ ’ਤੇ ਉੱਠ ਕੇ ਬੈਠ ਗਿਆ ਤੇ ਮੇਰੀ ਆਓ ਭਗਤ ਕਰਨ ਲੱਗਾ। ਕੁਝ ਸਮਾਂ ਬੈਠ ਕੇ ਉਸ ਨਾਲ ਗੱਲਾਂ ਕਰ ਕੇ ਵਾਪਸ ਆਉਂਦਿਆਂ, ਮੇਰੀਆਂ ਅੱਖਾਂ ਨੂੰ ਬੱਸ ਉਸ ਚੁੱਲ੍ਹੇ ਦੀ ਅੱਗ ਹੀ ਦਿਸ ਰਹੀ ਸੀ!! ਇਸੇ ਤਸਵੀਰ ਦੇ ਆਲੇ-ਦੁਆਲੇ ਕਈ ਖ਼ਿਆਲ ਮੇਰੇ ਮਨ ਵਿੱਚ ਉੱਠ ਰਹੇ ਸਨ।

ਉਹ ਚੁੱਲ੍ਹਾ ਜਿਸ ਵਿੱਚ ਕਰਨੈਲ ਦੇ ਹੁੰਦਿਆਂ ਹਰ ਰੋਜ਼ ਅੱਗ ਬਲ਼ਦੀ ਸੀ ਉਸ ਦੀ ਮੌਤ ਹੁੰਦੇ ਹੀ ਬੁਝ ਗਿਆ। ਅੱਜ ਜਦੋਂ ਉਸ ਦੇ ਚਲੇ ਜਾਣ ਤੋਂ ਬਾਅਦ ਉਸ ਦਾ ਪੁੱਤਰ ਸਾਰਾ ਦਿਨ ਮਿਹਨਤ ਕਰ ਕੇ ਵਾਪਸ ਆਇਆ ਤਾਂ ਜਾ ਕੇ ਉਸ ਚੁੱਲ੍ਹੇ ਵਿੱਚ ਅੱਜ ਮੁੜ ਅੱਗ ਬਲ਼ ਰਹੀ ਸੀ।

ਇਹਨਾਂ ਸੋਚਾਂ ਵਿੱਚ ਘਿਰਿਆ ਮੈਂ ਮਹਿਸੂਸ ਕਰ ਰਿਹਾ ਸਾਂ ਕਿ ਸ਼ਾਇਦ ਉਹ ਬਾਲ਼ਣ ਨਹੀਂ ਹੁੰਦਾ ਜੋ ਚੁੱਲ੍ਹੇ ’ਚ ਬਲ਼ਦਾ ਏ, ਬੰਦਾ ਹੁੰਦਾ ਏ, ਜੋ ਹੌਲੀ ਹੌਲੀ ਇਸ ਵਿੱਚ ਬਲ਼ ਰਿਹਾ ਹੁੰਦਾ ਹੈ- ਤਾਂ ਹੀ ਸ਼ਾਇਦ ਬੰਦੇ ਦੇ ਮਰਨ ਦੇ ਮਗਰੋਂ ਕੁਝ ਦਿਨਾਂ ਤੱਕ ਘਰ ਦੇ ਵਿੱਚ ਚੁੱਲ੍ਹਾ ਨਹੀਂ ਬਾਲ਼ਿਆ ਜਾਂਦਾ। ਕਿਉਂਕਿ ਬਾਲ਼ਣ ਤਾਂ ਖਤਮ ਹੋ ਚੁੱਕਾ ਹੁੰਦਾ ਹੈ।

70876 69484

## PIRO PREMAN CONTD.
FROM PAGE 6

### Rajkumar Hans:
Great, you all visited Sant. Besides Shaharyar and Swarajbir, “PIRO AND THE GULABDASIS” a book by ANSHU MALHOTRA was published by the Oxford University Press.
Neeti Singh, Professor of English at the Maharaja Sayajirao University of Baroda also translated and worked on Piro's awesome poetry.
Paul Kaur has done a wonderful poetic history of Punjab in her "Sun Gunvanta Sun Budhivanta: Itihaasnama Punjab”.

### Sant Vijender Dass:
डॉ राजकुमार हंसजी ने बहुत सराहनीय कार्य हमारे महापुरुषों पर किया है। संत माता नौरंग देवी संत वजीर सिंह जी, संत दयाल आरफ यह महापुरुष गुलाब दासी संप्रदाय के पूजनीय संत हैं।

### Sahib Singh:
ਪਾਲ ਕੌਰ ਦੀ ਸ਼ਾਇਰੀ ਨੂੰ ਸਲਾਮ।
ਪੀਰੋ ਪ੍ਰੇਮਣ ਬਾਰੇ ਸ਼ਹਰਯਾਰ ਨੇ ਖੋਜ ਕੀਤੀ ਹੈ ਤੇ ਬਹੁਤ ਖ਼ੂਬਸੂਰਤ ਲਿਖਿਆ ਹੈ।
ਡਾ. ਸਵਰਾਜਬੀਰ ਨੇ ਪੀਰੋ ਪ੍ਰੇਮਣ ਬਾਰੇ ਨਾਟਕ ‘‘ਸ਼ਾਇਰੀ’’ ਲਿਖਿਆ।

### Swami Sarabjeet:
ਜੀ ਬਿਲਕੁਲ।
ਸ਼ੁਕਰੀਆ ਸੰਤੋਖ, ਸ਼ਹਰਯਾਰ ਅਤੇ ਸਵਰਾਜਬੀਰ ਹੁਰਾਂ ਦਾ ਜਿਨ੍ਹਾਂ ਨੇ ਸਾਨੂੰ ਪੀਰੋ ਦੇ ਰੂਬਰੂ ਕੀਤਾ।

### Iqbal Qaiser:
ਕੀ ਦੱਸ ਸਕਦੇ ਹੋ ਕੇ ਪੀਰੋ ਜੀ ਦਾ ਡੇਰਾ ਕਿੱਥੇ ਸੀ? ਜੇ ਨਹੀਂ ਪਤਾ ਤੇ ਨੋਟ ਕਰ ਲਓ। ਪਿੰਡ ਚਠਿਆਂ ਵਾਲਾ ਜ਼ਿਲਾ ਕਸੂਰ ਤਹਿਸੀਲ ਕਸੂਰ ਥਾਣਾ ਲਲਿਆਣੀ ਮੁਸਤਫ਼ਾਬਾਦ ਪੰਜਾਬ ਪਾਕਿਸਤਾਨ।

# ਖਿੱਲਾਂ ’ਚ ਵੀ ਬਲ ਹੈ

## ਜੋਗੇ ਭੰਗਲ

ਮੈਨੂੰ ਯਾਦ ਹੈ, ਇਕ ਵਾਰ ਸਹਿਮੇ ਮੁਲਾਜ਼ਮਾਂ ਨੂੰ ਐਸੀ ਭੇਡ-ਚਾਲ ਪਈ ਕਿ ਹਰ ਕੋਈ ਕਨਫ਼ਰਮ ਹੋਣ ਲਈ ਕੇਸ ਚੁੱਕੀ ਫਿਰੇ- ਜਿਵੇਂ ਪਤਾ ਨਹੀਂ ਇਹਤੋਂ ਬਿਨਾਂ ਉਹਨਾਂ ਨੂੰ ਕੱਲ੍ਹ ਨੂੰ ਕੋਈ ਨੌਕਰੀ ਤੋਂ ਕੱਢ ਦੇਵੇਗਾ!

ਕਈਆਂ ਦੀਆਂ ਅਜੇ ਸ਼ਰਤਾਂ ਵੀ ਪੂਰੀਆਂ ਨਾ। ਉਹ ਮੱਲੋਜੋਰੀ ਕੇਸ ਦੇਣ ਲਈ ਬਜ਼ਿਦ- ਨਾ ਲੈਂਦੇ ਤਾਂ ਉੱਪਰ ਸਿਫ਼ਾਰਸ਼ਾਂ ਪਵਾਉਣ ਤੱਕ ਜਾਂਦੇ। ਮੈਂ ਉਹਨਾਂ ਨੂੰ ਬਥੇਰਾ ਸਮਝਾਵਾਂ ਕਿ ਰੈਗੂਲਰ/ਕਨਫ਼ਰਮ ’ਚ ਕੋਈ ਖ਼ਾਸ ਫ਼ਰਕ ਨਹੀਂ ਹੁੰਦਾ- ਐਵੇਂ ਤੁਹਾਡੇ ਮਨ ਦਾ ਵਹਿਮ। ਪਰ ਮੇਰੀ ਗੱਲ ਉਹਨਾਂ ਦੇ ਕੰਨਾਂ ਤੋਂ ਤਿਲ੍ਹਕੀ ਜਾਵੇ। ਉਹ ਇਹ ਗੱਲ ਸੁਣਨ ਨੂੰ ਕਿੱਥੇ ਤਿਆਰ!

ਇਕ ਵਾਰ ਮੈਥੋਂ ਕੋਈ ਜ਼ਿਆਦਾ ਦੁਖਿਆ, ਔਖਾ ਜਿਹਾ ਹੋ ਕੇ ਕਹਿੰਦਾ ਕਿ ਕਿਉਂ ਫ਼ਰਕ ਨਹੀਂ ਹੁੰਦਾ। ਅਖੇ ਕਨਫ਼ਰਮ ਕਰਮਚਾਰੀ ਨੂੰ ਗੱਡੇ ਕੀਲੇ ਵਾਂਗ ਉਖਾੜਨਾ ਸੌਖਾ ਨਹੀਂ ਹੁੰਦਾ। ਕਿਸੇ ਅਫ਼ਸਰ / ਮਨਿਸਟਰ ਦੀ ਵੀ ਤਾਕਤ ਨਹੀਂ ਕਿ ਉਹਨੂੰ ਚੂੰ ਵੀ ਕਹਿ ਜਾਏ। ਮੈਂਖਿਆ ਤੈਨੂੰ ਇਹ ਕਿਹਨੇ ਕਹਿ ’ਤਾ, ਜਾਂ ਕਿਤੇ ਸੁਪਨੇ ’ਚ ਇੰਝ ਹੋਇਆ ਹੋ ਸਕਦਾ! ਤੇਰੇ ਵਾਂਗ ਬਥੇਰੇ ਕਰਮਚਾਰੀ ਕਦੇ ਇਹ ਕਹਿੰਦੇ ਹੁੰਦੇ ਸੀ ਕਿ ‘ਮਹਿੰਗਾਈ ਭੱਤਾ ਕੋਈ ਸਟੇਟ ਗੌਰਮਿੰਟ ਦੇਣੋਂ ਇਨਕਾਰੀ ਨਹੀਂ ਹੋ ਸਕਦੀ, ਉਹਨੂੰ ਕੇਂਦਰ ਦੇ ਬਰਾਬਰ ਮਹਿੰਗਾਈ ਭੱਤਾ ਦੇਣਾ ਪੈਣਾ ਈ ਪੈਣਾ। ਇਹ ਲਾਅ ਆੱਫ਼ ਦਾ ਲੈਂਡ ਏ। ਇਹ ਸਾਡਾ ਹੱਕ ਹੈ। ਅਖੇ ਚਾਹੇ ਆਪਣੀ ਸਰਕਾਰੀ ਮਸ਼ੀਨਰੀ ਵੇਚ ਕੇ ਦੇਵੇ ਜਾਂ ਕਾਲ਼ੇ ਚੋਰ ਤੋਂ ਲੈ ਕੇ ਪ੍ਰਬੰਧ ਕਰੇ.. ਇਹ ਸਰਕਾਰ ਦੀ ਡਿਊਟੀ ਏ’।

ਮੈਂਖਿਆ ਹੁਣ ਜ਼ਰਾ ਕੈਲਕੂਲੇਸ਼ਨ ਕਰ ਕੇ ਦੇਖੋ ਕਿ ਅਸੀਂ ਸੈਂਟਰ ਦੇ ਮੁਕਾਬਲੇ ਕਿੱਥੇ ਖੜ੍ਹੇ ਆਂ।.... ਏਦਾਂ ਹੀ ਕਨਫ਼ਰਮ ਮੁਲਾਜ਼ਮ ਨੂੰ, ਰਾਜਪਾਲ, ਆਪਣੀਆਂ ਦੋ ਲਾਈਨਾਂ ਦੀ ਫੁੱਲ-ਪੱਤੀ ਨਾਲ਼ ਹੀ, ਤੁਹਾਡੇ ਕੀਲੇ ਨੂੰ ਪੁੱਟ ਕੇ ਅਹੁ ਮਾਰਦਾ। ਬੱਸ ਉਹਨੇ ਸੰਵਿਧਾਨ ਦੀ ਧਾਰਾ ਦਾ ਹਵਾਲਾ ਦੇ ਕੇ, ਦੋ ਹੀ ਲਾਈਨਾਂ ਲਿਖਣੀਆਂ- ‘ਮੈਂ ਸ਼੍ਰੀ/ਸ਼੍ਰੀਮਤੀ ... ਦੀਆਂ ਸੇਵਾਵਾਂ ਜਨ-ਹਿਤ ਨੂੰ ਮੁੱਖ ਰਖਦਿਆਂ, ਪ੍ਰਸੰਨਤਾ-ਪੂਰਬਕ ਖ਼ਤਮ ਕਰਦਾ ਹਾਂ’।

ਮੈਨੂੰ ਯਾਦ ਹੈ, ਕਦੇ ਉਹ ਸਮਾਂ ਸੀ ਜਦੋਂ ਮੁਲਾਜ਼ਮਾਂ ਦੇ ਸੰਘਰਸ਼, ਸਰਕਾਰ ਹਿਲਾਉਣ ਦੀ ਤਾਕਤ ਰੱਖਦੇ ਸਨ। ਮਿਤੀ 08-02-1978 ਦੀ ਹੜਤਾਲ਼ ਤੋਂ ਬਾਅਦ, ਸਰਕਾਰ ਨੂੰ ਆਪਣੀ ਨਾਨੀ, ਅੰਗਰੇਜ਼, ਯਾਦ ਆਏ- ਪਾੜੋ ਤੇ ਰਾਜ ਕਰੋ। ਜਿਹਨਾਂ ਨੇ ਹੜਤਾਲ਼ ਨਹੀਂ ਸੀ ਕੀਤੀ, ਉਹਨਾਂ ਨੂੰ ਉਹਨਾਂ, ਵਫ਼ਾਦਾਰੀ ਦੀ ਸ਼ਾਬਾਸ਼ੀ ਦਿੰਦਿਆਂ, ਇਕ ਵਾਧੂ ਤਰੱਕੀ ਦਾ ਹਾਰ ਉਹਨਾਂ ਦੇ ਗਲ਼ ’ਚ ਪਾ ਕੇ ਸਨਮਾਨਿਤ ਕੀਤਾ।

ਚਾਰ ਖਿੱਲਾਂ ਸੁੱਟ ਕੇ, ਸਰਕਾਰ ਨੇ ਪੜ੍ਹੇ-ਲਿਖਿਆਂ ਨੂੰ ਐਸਾ ਪੜ੍ਹਨੇ ਪਾਇਆ ਕਿ ਠੰਢੇ ਨੂੰ ਵੀ ਫੂਕਾਂ ਮਾਰਨ ਲਾ ਦਿੱਤਾ। ਉਦੋਂ ਤੋਂ ਸੰਘਰਸ਼ ਦਾ ਗ੍ਰਾਫ਼ ਐਸਾ ਡਿਗਣਾ ਸ਼ੁਰੂ ਹੋਇਆ ਕਿ ਹੁਣ ਤੱਕ ਡਿੱਗਦਾ ਹੀ ਜਾ ਰਿਹਾ। ਦੂਜਾ, ਗੰਧਲ਼ੇ ਸਿਆਸੀ ਸਿਸਟਮ ਨੇ ਅੱਗੇ ਕੁਝ ਵੀ ਸਾਫ਼ ਦਿਸਣ ਜੋਗਾ ਨਹੀਂ ਛੱਡਿਆ।

ਹੁਣ ਮੈਨੂੰ ਇਸ ਸਿਸਟਮ ’ਚ, ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਏਨੀਆਂ ਡੂੰਘੀਆਂ ਚਲੇ ਗਈਆਂ ਦਿਸਦੀਆਂ ਹਨ ਕਿ ਖਲਨਾਇਕ ਹੀਰੋ ਦਿਸ ਰਹੇ ਤੇ ਹੀਰੋ ਜਮੂਰੇ ਲੱਗ ਰਹੇ ਹਨ। ਇਹਨਾਂ ‘ਹੀਰੋਆਂ’ ਕੋਲ਼ ਤੀਲ੍ਹੀ ਵੀ ਸਾਡੀ, ਬਾਲਣ ਵੀ ਸਾਡਾ ਤੇ ਜਲ਼ ਰਿਹਾ ਘਰ ਵੀ ਸਾਡਾ। ਬਾਅਦ ’ਚ ਅੱਗ ਬੁਝਾਉਣ ਲਈ ਕਰਿਸ਼ਮਈ ਅੱਗ-ਬੁਝਾਊ ਯੰਤਰ ਉਹਨਾਂ ਦਾ, ਜੋ ਸਾਨੂੰ ਆਪਣਾ ਹੋਣ ਦਾ ਭੁਲੇਖਾ ਪਾਉਂਦਾ। ਉਹ ਸਾਡੇ ਪਾਣੀ-ਰੰਗੀਆਂ ਐਨਕਾਂ ਲਾਉਂਦੇ, ਅੱਗ ਬੁਝਾਉਂਦੇ। ਆਪਣੇ ਮਗਰਮੱਛੀ ਹੰਝੂਆਂ ਨਾਲ਼ ਸਾਡੇ ਹੰਝੂ ਪੂੰਝਦੇ ਤੇ ਚਿਹਰਿਆਂ ’ਤੇ ਮੁਸਕਰਾਹਟ ਬਿਖੇਰ ਕੇ ਦਿਖਾਅ ਦਿੰਦੇ।

ਮੈਂ ਮੁਲਾਜ਼ਮਾਂ ਦੇ ਸੰਘਰਸ਼ਾਂ ਅੱਗੇ ਸਰਕਾਰਾਂ ਝੁਕਦੀਆਂ ਦੇਖੀਆਂ ਹਨ



ਜੋ ਕਿਸੇ ਮੁਲਾਜ਼ਮ ’ਤੇ ਐਕਸ਼ਨ ਲੈਣ ਤੋਂ ਪਹਿਲਾਂ ਦਸ ਵਾਰ ਸੋਚਦੀਆਂ ਸੀ। ਉਦੋਂ ਉਹਨਾਂ ਦਾ ਜਜ਼ਬਾ, ਦ੍ਰਿੜਤਾ ਸਰਕਾਰਾਂ ਨੂੰ ਪੜ੍ਹਨੇ ਪਾਉਂਦਾ ਸੀ। ਸਰਕਾਰ ਨੇ ਗ਼ੱਦਾਰੀ-ਤਰੱਕੀ ਦੀਆਂ ਖਿੱਲਾਂ ਸੁੱਟ ਕੇ, ਏਕਤਾ ਦਾ ਗੁੱਠਾ ਡੱਡੂਆਂ ਵਾਂਗ ਖਿਲਾਰ ਕੇ ਦਿਖਾਅ ਦਿੱਤਾ। ਯੂਨੀਅਨ ਦਾ ਏਕਾ ਜੋ ਇਕ ਪਾਰਲੀਮੈਂਟ ਜਿਹੀ ਤਾਕਤ ਰੱਖਦਾ ਸੀ, ਉਹਨੂੰ ਇਕ ਪੰਚਾਇਤ ਦੀ ਹੈਸੀਅਤ ਵੀ ਨਾ ਰਹਿਣ ਦਿੱਤਾ।

ਮੈਂ ਸਰਕਾਰ ਨਾਲ਼ ਵਫ਼ਾਦਾਰੀ ਨਿਭਾਉਣ ਵਾਲ਼ੇ, ਗੱਦਾਰੀ-ਖਿੱਲਾਂ ਲੈ ਕੇ ਖਿੜਦੇ, ਖਿੱਲਾਂ ਵਾਂਗ ਉੱਛਲਦੇ ਦੇਖੇ ਹਨ। ਜਿਹੜੇ ਉਦੋਂ ਆਰਜ਼ੀ ਮੁਲਾਜ਼ਮ ਸਨ, ਜੋ ਬਾਅਦ ਵਿੱਚ ਰੈਗੂਲਰ ਹੋਏ, ਉਹਨਾਂ ਦੀਆਂ ਉਦੋਂ, ਆਪਣੀ ਨੌਕਰੀ ਬਚਾਉਣ ਦੇ ਡਰੋਂ, ਹੜਤਾਲ਼ ਕਰਦਿਆਂ ਲੱਤਾਂ ਕੰਬਦੀਆਂ ਸਨ। ਬਾਅਦ ਵਿੱਚ ਵਾਧੂ ਇਨਕਰੀਮੈਂਟ ਲੈਣ ਲਈ ਉਹ ਵੀ ਸ਼ੇਰ ਬਣ ਗਏ। ਪਹਿਲਾਂ ਜਕਦਿਆਂ-ਜਕਦਿਆਂ ਪੱਲਾ ਅੱਡ ਕੇ ਸਰਕਾਰ ਕੋਲ਼ ਗਏ ਪਰ ਉਹਨਾਂ ਭੀਖ ਨਾ ਪਾਈ। ਫੇਰ ਉਹਨਾਂ ਕੋਰਟ ਦਾ ਕੁੰਡਾ ਜਾ ਖੜਕਾਇਆ ਕਿ ਦੇਖੋ ਜੀ, ਅਸੀਂ ਵੀ ਸਰਕਾਰ ਦੇ ਵਫ਼ਾਦਾਰ ਈ ਆਂ ਜਿਹਨਾਂ ਨੇ ਉਹਨਾਂ ਦੇ ਕੰਮ ਵਿੱਚ ਵਿਘਨ ਨਾ ਪਾ ਕੇ ਸਰਕਾਰ ਦਾ ਮਾਣ ਰੱਖਿਆ। ਸਾਨੂੰ ਤਰੱਕੀ ਕਿਉਂ ਨਹੀਂ, ਅਸੀਂ ਕੀ ਸਰਕਾਰ ਦੇ ਮਾਂਹ ਮਾਰੇ ਆ। ਅਸੀਂ ਤਾਂ ਸਗੋਂ ਉਹਨਾਂ ਦੇ ਮਾਹਾਂ ਦੀ ਰਾਖੀ

# ਖਿੱਲਾਂ 'ਚ ਵੀ ਬਲ ਹੈ

ਕੀਤੀ ਏ। ਕੋਰਟ ਵੀਹ ਸਾਲ ਉਹਨਾਂ ਦੀ ਇਸ ਗੱਲ ਨੂੰ ਤੋਲਦੀ ਰਹੀ। ਕਦੇ ਸਰਕਾਰ ਉਹਨਾਂ ਨੂੰ ਤੋਲ ਦਿੰਦੀ ਤੇ ਕਦੇ ਆਰਜ਼ੀ ਮੁਲਾਜ਼ਮ ਨੂੰ। ਆਖ਼ਰ ਉਹ ਇਸ ਰੱਸਾਕਸ਼ੀ ਵਿਚ ਸਰਕਾਰ ਨੂੰ ਖਿੱਚ ਕੇ ਲੈ ਗਏ ਅਤੇ ਮਿਤੀ 08-02-1978 ਦੀ ਗ਼ੱਦਾਰੀ-ਤਰੱਕੀ ਦੇ ਉਹ ਵੀ ਹੱਕਦਾਰ ਬਣ ਗਏ।

ਇਕ ਹੋਰ, ਜਿਨ੍ਹਾਂ ਹੜਤਾਲ 'ਚ ਵੀ ਕੁੱਦ-ਕੁੱਦ ਨਾਅ੍ਹਰੇ ਲਾਏ ਤੇ ਫਿਰ ਗ਼ੱਦਾਰੀ-ਖਿੱਲਾਂ ਖਾਣ ਲਈ ਵੀ ਮਨ ਲਲਚਾਏ; ਦਫ਼ਤਰਾਂ ਦੇ ਬਾਬੂਆਂ ਨਾਲ਼ ਗਾਂਢੇ-ਸਾਂਢੇ.... ਕਿਸੇ ਨਾ ਕਿਸੇ ਤਰ੍ਹਾਂ ਇਹ ਲੈਣ ਲਈ, ਉਹ ਕੋਈ ਚਾਲ ਚੱਲਣ ਦੀਆਂ ਵਿਉਂਤਾਂ ਘੜਦੇ। ਯੂਨੀਅਨ ਲੀਡਰ ਇਹਨੂੰ ਪਹਿਲਾਂ ਗ਼ੱਦਾਰੀ-ਇਨਕਰੀਮੈਂਟ ਗਰਦਾਨਦੇ ਰਹੇ। ਪਰ ਉਹਨਾਂ ਵਿੱਚੋਂ ਉਹਨਾਂ ਦੇ ਹੀ ਕੁਝ ਸਾਥੀ ਕਹਿਣ ਲੱਗ ਪਏ ਕਿ 'ਜੇ ਕਿਸੇ ਨੂੰ ਮਿਲ਼ਦੀ ਜਾਂ ਲੈਂਦਾ, ਲਈ ਚੱਲੇ। ਸਾਨੂੰ ਕੋਈ ਇਤਰਾਜ਼ ਨਹੀਂ।' ਉਹਨਾਂ ਨੂੰ ਵੀ ਚਾਨਣ ਹੋ ਗਿਆ ਕਿ ਪੈਸੇ ਦਾ ਜਾਦੂ ਬੜਿਆਂ-ਬੜਿਆਂ ਦੇ ਈਮਾਨ ਡੋਲਣ ਲਾ ਦਿੰਦਾ ਹੈ। ਉਹਨਾਂ 'ਚੋਂ ਵੀ ਕਈਆਂ ਨੇ ਆਪਣੀਆਂ ਸ਼ਰਮਾਂ-ਸ਼ੁਰਮਾਂ ਲਾਹ ਕੇ ਵਗਾਹ ਮਾਰੀਆਂ ਤੇ ਗ਼ੱਦਾਰੀ-ਤਰੱਕੀ ਲੈਣ ਲਈ ਆਪਣੀ ਉਂਗਲ਼ ਟੇਢੀ ਕਰ ਲਈ।

ਟੁਕੜੇ-ਟੁਕੜੇ ਹੋ ਕੇ ਬਿਖਰੀਆਂ ਸੋਟੀਆਂ ਦੇ ਮੁੜ ਗੁੱਠਾ ਬਣਨ ਦੀ ਆਸ ਦੀ ਕਿਰਨ, ਮੈਨੂੰ ਭਵਿੱਖ ਵਿਚ ਅੱਖੋਂ ਓਹਲੇ ਹੋ ਰਹੀ ਦਿਸਦੀ ਹੈ।

ਸਰਕਾਰ ਦੀ ਖੇਡੀ ਸ਼ਕੁਨੀ ਚਾਲ ਅਜੇ ਤੱਕ ਵੀ ਬੇਅਸਰ ਨਹੀਂ ਹੋਈ ਹੈ ਤੇ ਮੁਲਾਜ਼ਮ ਮੋਤੀਆਂ ਵਾਂਗ ਬਿਖਰਦੇ ਚਲੇ ਜਾ ਰਹੇ ਹਨ। ਪਰ ਹਾਂ, ਧੁਖਦੀ ਚੰਗਿਆੜੀ ਅਜੇ ਵੀ ਕਿਤੇ ਨਾ ਕਿਤੇ ਹੈ। ਉਹਨੂੰ ਬੁਝਣ ਨਾ ਦੇਈਏ, ਨਹੀਂ ਤਾਂ ਜੋ ਪੱਲੇ 'ਚ ਰੂੰਗ੍ਹਾ ਬਚਿਆ, ਉਹ ਵੀ ਬਿਖਰ ਜਾਵੇਗਾ।

ਮੈਂ ਉਦੋਂ ਅਜੇ ਨਵਾਂ-ਨਵਾਂ ਸਕੂਲ 'ਚ ਕਲਰਕ ਲੱਗਾ। ਇਹ ਮਿਤੀ 08-02-78 ਦੀ ਹੜਤਾਲ਼ ਮੇਰੇ ਨੌਕਰੀ 'ਚ ਆਉਣ ਤੋਂ ਪਹਿਲਾਂ ਦੀ ਸੀ। ਕਈ ਮੇਰੇ ਕੋਲ਼ ਵੀ ਪੈਰ ਮਲ਼ਦੇ-ਮਲ਼ਦੇ, ਹੀਂ-ਹੀਂ ਕਰਦੇ, ਪੱਲਾ ਅੱਡ ਕੇ ਆਏ। ਵਿੱਚੋਂ ਦਸਵੰਝ ਵਜੋਂ ਮੈਨੂੰ ਦੇਣ ਲਈ ਖਿੱਲਾਂ ਦਿਖਾਅ ਕੇ ਪਰਖਿਆ ਤੇ ਆਪਣੇ ਜਾਲ਼ ਵਿਚ ਫਸਾਉਣਾ ਚਾਹਿਆ। ਅਠੱਤਰ ਵਾਲ਼ੇ ਹਾਜ਼ਰੀ ਰਜਿਸਟਰ ਨੂੰ ਰਿਕਾਰਡ ਵਿੱਚੋਂ ਗੁੰਮ-ਗੁਆਚ ਕਰਨ ਦੇ ਨੁਕਤੇ... ਜਾਂ 02/78 ਵਾਲ਼ੇ ਪੇਜ ਕੱਢਣ ਦੀ ਮੂੰਹ-ਮੰਗੀ ਕੀਮਤ ਤਾਰ ਕੇ ਮੂੰਹ ਬੰਦ ਕਰਨਾ ਚਾਹੁਣ। ਕਈ ਮੁਖੀ ਵੀ ਡੋਲਦੇ, ਉਹਨਾਂ ਵੱਲ ਨੂੰ ਝੋਲ ਖਾਂਦੇ। ਉਹਨਾਂ ਵਿਚਾਰਿਆਂ ਦੇ ਕੀ ਵੱਸ, ਸੋਨੇ ਦੀ ਚਮਕ ਈ ਐਸੀ, ਚੰਗੀਆਂ-ਭਲੀਆਂ ਅੱਖਾਂ ਚੁੰਧਿਆ ਦਿੰਦੀ ਹੈ। ਉਹਨਾਂ 'ਚੋਂ ਇਕ ਗੱਲ-ਕਰ ਸ਼ਾਤਰ, ਕੁਝ ਜਿਆਦਾ ਹੀ ਮੇਰੇ ਖਹਿੜੇ ਪਿਆ ਤਾਂ ਮੈਂ ਉਹਨੂੰ ਸਵਾਲ ਕੀਤਾ।

"ਤੁਹਾਨੂੰ ਪਤਾ ਕਿ ਕੋਰਟ ਵਿੱਚ ਰਿਕਾਰਡ ਵੀ ਪੇਸ਼ ਕਰਨਾ ਪੈ ਜਾਂਦਾ।" ਮੈਨੂੰ ਇਕ ਕੋਰਟ ਕੇਸ ਦਾ ਤਜਰਬਾ ਸੀ। ਉਹ ਵੀ ਮੇਰੇ ਦਿਮਾਗ ਵਿਚ ਘੁੰਮਦਾ ਮੈਨੂੰ ਗੇੜੇ ਦੇ ਰਿਹਾ ਸੀ। ਮੈਂ ਉਹ ਭੁਗਤਿਆ ਹੋਇਆ ਹੈ। ਉਦੋਂ ਨਵੇਂ-ਨਵੇਂ ਕਰਕੇ, ਕੋਈ ਜ਼ਿਆਦਾ ਜਾਣਕਾਰੀ-ਗਿਆਨ ਨਾ ਹੋਣ ਕਾਰਨ, ਅਣਭੋਲ਼ ਹੀ ਗ਼ਲਤੀ ਹੋ ਗਈ। ਮੈਨੂੰ ਤਾਂ ਦਬਕੇ ਹੀ ਪਏ ਪਰ ਮੁਖੀ ਨੂੰ ਹੱਥਕੜੀਆਂ ਹੀ ਲੱਗ ਚੱਲੀਆਂ ਸੀ। ਚਲੋ, ਉਹ ਤਾਂ ਸ਼ਾਤਰ ਵਕੀਲਾਂ ਦੀ ਮਿਹਰਬਾਨੀ ਕਿ ..., ਨਹੀਂ ਤਾਂ ਉਲਟ ਲੈਣੇ ਦੇ ਦੇਣੇ ਪੈ ਜਾਂਦੇ। ਹੁਣ ਫੇਰ ਕਿਸੇ ਦੇ ਬੁਣੇ ਜਾਲ਼ ਵਿੱਚ ਕੋਈ ਕਿਵੇਂ...

"ਬਾਊ ਜੀ ਕੋਰਟਾਂ 'ਚ ਵੀ ਬੜਾ ਕੁਛ ...।"

"ਪਰ ਅਜੇ ਮੇਰੀ ਜ਼ਮੀਰ ਜਾਗਦੀ ਹੈ।" ਮੈਂ ਉਹਦੀ ਗੱਲ ਨੂੰ ਵਿਚਕਾਰੋਂ ਕੱਟਿਆ, ਤਾਂ ਉਹ 'ਵੱਡਾ ਸਿਆਣਾ' ਕੁਛ ਢੈਲ਼ਾ ਪਿਆ।

ਮੈਂ ਦੇਖਿਆ, ਜਦੋਂ ਵੀ ਹੜਤਾਲ਼ ਦੀ ਕਾੱਲ ਆਉਂਦੀ ਤਾਂ ਪਹਿਲਾਂ ਮੁਲਾਜ਼ਮਾਂ ਨੂੰ ਕਲਪਨਾ 'ਚ 'ਉਹ' 08-02-78 ਵਾਲ਼ਾ ਊਠ ਦਾ ਲਟਕਦਾ ਬੁੱਲ੍ਹ ਦਿਸਦਾ। ਉਹ ਭੁੱਲ ਜਾਂਦੇ ਕਿ ਕਾਠ ਦੀ ਹਾਂਡੀ ਵਾਰ-ਵਾਰ ਨਹੀਂ ਚੜ੍ਹਦੀ। ਮੁਲਾਜ਼ਮ ਆਪਣੇ ਲੀਡਰਾਂ ਵੱਲ ਤਾਂ ਘੱਟ ਦੇਖਦੇ, ਉਸ ਡਿੱਗਦੇ ਬੁੱਲ੍ਹ ਦਾ ਭੁਲੇਖਾ ਪਾਉਣ ਵਾਲੇ ਕਰਿਸ਼ਮੇ ਤੋਂ ਉਹਨਾਂ ਦੀ ਨਿਗ੍ਹਾ ਨਾ ਹਟਦੀ।

ਸਰਕਾਰ ਨੇ ਇਕ ਵਾਰ ਉਹਨਾਂ ਨੂੰ ਕਬੂਤਰ ਸਮਝ ਕੇ, ਐਸੀਆਂ ਚਾਰ ਖਿੱਲਾਂ ਸੁੱਟੀਆਂ ਕਿ ਉਹ ਇਕੱਠੇ ਜਾਲ਼ ਲੈ ਕੇ ਉੱਡਣ ਜੋਗੇ ਨਾ ਛੱਡੇ।

ਮਗਰ ਪੈਣ ਵਾਲ਼ੇ ਜ਼ਿਆਦਾ 'ਸਿਆਣੇ' ਤੋਂ ਜਦ ਇਕ ਦਿਨ ਮੇਰੇ ਕੋਲ਼ ਆਉਣੋਂ ਫੇਰ ਨਾ ਰਿਹਾ ਗਿਆ ਤਾਂ ਮੈਂ ਉਹਨੂੰ ਉਹਦੇ ਹੀ ਹਥਿਆਰ ਨਾਲ਼, ਸੁਆਲ ਕਰ ਕੇ ਘੇਰਿਆ-

"ਤੁਹਾਨੂੰ ਪਤਾ ਹੈ ਤੁਸੀਂ ਆਪਣੇ ਹੱਥੀਂ ਆਪਣੇ ਖਾਨੇ 'ਚ ਕੀ ਲਿਖਿਆ ਹੈ?"

"ਕੀ ?"

"ਮੈਂ ਹੜਤਾਲ਼ 'ਤੇ ਹਾਂ।"

"ਤਾਂ .... !"

"ਇਹਦਾ ਮਤਲਬ ਹੈ ਬਗ਼ਾਵਤ, ਮਤਲਬ ਬਾਗ਼ੀ।"

"ਫੇਰ ... ?"

"ਇਹਦੇ ਲਈ ਤੁਹਾਨੂੰ 'ਏਕਤਾ ਵਿੱਚ ਬਲ ਹੈ', ਕਹਾਣੀ 'ਤੇ ਅਮਲ ਕਰਨਾ ਪਊ; ਗ਼ਦਰੀ ਬਾਬਿਆਂ ਨੂੰ ਪੜ੍ਹਨਾ ਪਊ; ਉਹਨਾਂ ਦੀ ਸੋਚ, ਕੁਰਬਾਨੀ, ਦ੍ਰਿੜਤਾ ਦਾ ਅਧਿਐਨ ਕਰ ਕੇ ਖੜ੍ਹਨਾ ਪਊ। ਜੇ ਤੁਸੀਂ ਬਾਗ਼ੀਆਂ ਵਾਂਗ ਸਾਨ੍ਹ ਬਣ ਕੇ ਬੜ੍ਹਕ ਮਾਰੀ ਹੈ ਤਾਂ ਹੁਣ ਮੋਕ ਮਾਰ ਕੇ, ਬਾਗ਼ੀਆਂ ਦੇ ਇਤਿਹਾਸ ਨੂੰ ਤਾਂ ਨਾ ਲਬੇੜੋ।"

ਮੇਰੇ ਇੰਝ ਕਹਿਣ 'ਤੇ, ਉਹਨੇ ਕੁਝ ਸ਼ਰਮ ਮਹਿਸੂਸ ਕੀਤੀ ਤੇ ਮੁੜ ਮੇਰੇ ਮੱਥੇ ਲੱਗਣ ਦੀ ਉਹਦੀ ਜੁਰਅਤ ਨਾ ਪਈ।

9194659-52938,
bhangalys@gmail.com

# ਰੇਡੀਓ ਦੀਆਂ ਯਾਦਾਂ: ਦੇਵਿੰਦਰ ਮਹੇਂਦ੍ਰੂ

## ਸੀਜ਼ਨ-ਦੋ; ਐਪੀਸੋਡ -25



**ਸਵੇਰ** ਉੱਠੀ ਉਸ ਦਿਨ, ਤਾਂ ਸਭ ਤੋਂ ਪਹਿਲਾਂ ਬੁਖ਼ਾਰ ਦੇਖਿਆ, ਹਲਕਾ ਜਿਹਾ ਸੀ। ਪਿਤਾ ਕਹਿੰਦੇ ਹੁੰਦੇ ਸਨ ਸੁੱਤੇ ਉੱਠਦੇ ਹੀ ਤਾਪਮਾਨ ਨਾਪੋ , ਇੱਕਦਮ ਸਹੀ ਹੁੰਦਾ, ਵੈਦ ਸਨ ਉਹ। ਪਿਛਲੇ ਕੱਲ੍ਹ ਤੋਂ ਹੀ ਹਰਾਰਤ ਜਿਹੀ ਮਹਿਸੂਸ ਹੋ ਰਹੀ ਸੀ। ਸਾਹਮਣੇ ਘੜੀ 'ਤੇ ਚਲੀ ਗਈ ਨਿਗਾਹ। ਤੀਹ ਨਵੰਬਰ। ਅੱਥਰੂ ਬੇਸਾਖਤਾ ਵਹਿ ਤੁਰੇ। ਇੰਦਿਰਾ ਪਾਰਕ ਦੇ ਘਰ ਦੀ ਉਹ ਪਹਿਲੀ ਸਵੇਰ ਯਾਦ ਆ ਗਈ। ਪਹਿਲਾ ਘਰ ਬਣਾਇਆ ਸੀ ਉਹ। ਜਲੰਧਰ ਵਿੱਚ ਵਿਆਹ ਤੋਂ ਲੈ ਕੇ ਹੁਣ ਤੱਕ ਕਿਰਾਏ ਦੇ ਮਕਾਨਾਂ ਵਿੱਚ ਰਹਿ ਰਹੇ ਸਾਂ। ਪਤੀ, ਸੱਸ ਸਹੁਰਾ, ਦਿਉਰ ਨਣਦ ਤੇ ਫੇਰ ਦੋ ਜੌੜੀਆਂ ਧੀਆਂ।

ਮਨੂ ਨੂੰ ਤਾਂ ਛੇ ਮਹੀਨੇ ਦੀ ਨੂੰ ਆਪਣੇ ਮਾਂ ਪਿਓ ਕੋਲ ਛੱਡ ਦਿੱਤਾ ਸੀ।

ਨਣਦ ਆਪਣੇ ਵਿਆਹ ਤੋਂ ਤਿੰਨ ਸਾਲ ਬਾਅਦ ਵਿਆਹ ਦਿੱਤੀ ਸੀ। ਟਿੰਮੀ ਨੂੰ ਦੁਕਾਨ ਖੋਲ੍ਹ ਦਿੱਤੀ ਸੀ। ਡੈਡੀ ਰਿਟਾਇਰ ਹੋ ਕੇ ਘਰ ਆ ਗਏ ਸਨ। 'ਅਠਾਸੀ ਵਿੱਚ ਮੈਂ ਪ੍ਰੋਗਰਾਮ ਐਗਜ਼ੀਕਿਊਟਿਵ ਬਣ ਗਈ ਸੀ। ਤੇ ਅਸੀਂ ਸਾਰਿਆਂ ਨੇ ਪੂਰਾ ਤਰੱਦਦ ਕਰ ਕੇ ਇੱਕ ਛੋਟਾ ਜਿਹਾ ਘਰ ਬਣਾਅ ਲਿਆ। ਅੱਧਾ ਕੁ ਸਮਾਨ ਆ ਗਿਆ ਸੀ ਨਵੇਂ ਬਣੇ ਘਰ ਵਿੱਚ, ਤੇ ਅੱਧਾ ਦੂਜੇ ਦਿਨ ਆਉਣਾ ਸੀ। ਫ਼ੈਸਲਾ ਹੋਇਆ ਅੱਜ ਰਾਤ ਅਸੀਂ ਦੋਵੇਂ ਇੰਦਿਰਾ ਪਾਰਕ ਚਲੇ ਜਾਈਏ, ਬਾਕੀ ਸਮਾਨ ਨਾਲ ਮੱਮੀ ਡੈਡੀ ਕੱਲ੍ਹ ਆ ਜਾਣਗੇ, ਕਿਉਂਕਿ ਇੰਦਿਰਾ ਪਾਰਕ ਵਾਲੇ ਘਰ ਵਿੱਚ ਰੱਖਿਆ ਸਮਾਨ ਸੁਰੱਖਿਅਤ ਨਹੀਂ ਸੀ ਇਸ ਤਰ੍ਹਾਂ, ਰਹਿਣਾ ਹੀ ਪੈਣਾ ਸੀ ਕਿਸੇ ਨੂੰ ਉੱਥੇ। ਸਵੇਰੇ ਸਵੇਰੇ ਟਿੰਮੀ ਇਕੱਲਾ ਹੀ ਨਵੇਂ ਬਣੇ ਘਰ ਆ ਗਿਆ। ਮੈਂ ਬਹੁਤਾ ਗੌਲਿਆ ਨਹੀਂ ਕਿ ਹੋਣਾ ਕੋਈ ਕੰਮ ਅਤੇ ਇੱਕ ਭਾਰੀ ਜਿਹੀ ਸਾੜ੍ਹੀ ਕੱਢ ਕੇ ਪੌੜੀਆਂ ਚੜ੍ਹ ਗਈ ਕਿ ਨਾਅ੍ਹ ਲਵਾਂ ਛੇਤੀ ਛੇਤੀ, ਮਤੇ ਦਫ਼ਤਰ ਲਈ ਦੇਰ ਹੋ ਜਾਵੇ।

ਗੀਜ਼ਰ ਅਜੇ ਸਿਰਫ਼ ਉੱਪਰ ਸਾਡੇ ਵਾਲੇ ਬਾਥਰੂਮ ਵਿੱਚ ਹੀ ਲੱਗਾ ਸੀ। ਮੇਰੇ ਪਿੱਛੇ ਪਿੱਛੇ ਦੋਵੇਂ ਭਰਾ ਵੀ ਪੌੜੀਆਂ ਚੜ੍ਹ ਆਏ ਤੇ ਆਨੀਂ ਬਹਾਨੀਂ ਮੈਨੂੰ ਗੱਲਾਂ ਵਿੱਚ ਉਲਝਾਉਣ ਲੱਗੇ। 'ਏਨੀ ਭਾਰੀ ਸਾੜ੍ਹੀ ਪਾਵੇਂਗੀ?'

'ਫੇਰ ਕੀ ਹੋਇਆ? ਤੁਹਾਨੂੰ ਤਾਂ ਪਸੰਦ ਹੈ'।

'ਤੰਗ ਨਹੀਂ ਹੋਵੇਂਗੀ? ਸੂਟ ਪਾ ਲੈ ਕੋਈ'।

ਮੈਂ ਹੁਣ ਨੀਝ ਨਾਲ ਦੋਵ੍ਹਾਂ ਭਰਾਵਾਂ ਵੱਲ ਦੇਖਿਆ।

'ਕੀ ਹੋਇਆ?'

'ਭਾਬੀ ਜੀ,.. ਰਾਤੀਂ...'

ਪਤੀ ਨੇ ਭਰਾ ਨੂੰ ਚੁੱਪ ਕਰਾਅ ਕੇ ਮੈਨੂੰ ਬਹੁਤ ਪਿਆਰ ਨਾਲ ਕਿਹਾ, 'ਕੁਝ ਨਹੀਂ, ਰਾਤ ਤੇਰੇ ਦਫ਼ਤਰ ਵਾਲੇ ਸੁਨੇਹਾ ਦੇ ਕੇ ਗਏ- ਪਿਤਾ ਜੀ ਠੀਕ ਨਹੀਂ ਹਨ। ਫ਼ੋਨ ਆਇਆ ਸੀ ਪਿੰਡੋਂ, ਸਰਪੰਚ ਦਾ, ਰੇਡੀਓ ਸਟੇਸ਼ਨ। ਆਪਾਂ ਪਿੰਡ ਜਾਣਾ ਹੁਣੇ'।

ਮੈਂ ਕੱਪੜੇ ਬੰਨੀ 'ਤੇ ਰੱਖ ਦਿੱਤੇ। ਬੈਠ ਗਈ ਜ਼ਮੀਨ 'ਤੇ।

'ਜਿਉਂਦੇ ਨੇ?'

'ਹਾਂ, ਪਰ ਠੀਕ ਨਹੀਂ'।

'ਚੱਲੋ'- ਮੈਂ ਉਸੇ ਤਰ੍ਹਾਂ ਤੁਰ ਪਈ। ਦੁਪਹਿਰ ਤੱਕ ਅਸੀਂ ਦੋਵੇਂ ਪਹੁੰਚ ਗਏ। ਤੀਹ ਨਵੰਬਰ ਤੋਂ ਸਤਾਰਾਂ ਜਨਵਰੀ ਤੱਕ ਅਸੀਂ ਦੋਵੇਂ ਪਿੰਡ ਹੀ ਰਹੇ। ਆਖ਼ਰੀ ਸਾਹ ਪਿਤਾ ਨੇ ਸਾਡੇ ਹੱਥਾਂ ਵਿੱਚ ਲਿਆ। ਸਾਰੇ ਕਿਰਿਆ ਕਰਮ ਦੋਵ੍ਹਾਂ ਨੇ ਕੀਤੇ।

ਸੱਤ ਫ਼ਰਵਰੀ ਮਾਂ ਤੇ ਮਨੂ ਨੂੰ ਪਿੰਡ ਇਕੱਲਿਆਂ ਛੱਡ ਜਲੰਧਰ ਆ ਗਏ। ਬਹੁਤ ਜਲਦੀ ਮਨੂ ਨੂੰ ਪਿੰਡੋਂ ਬੁਲਾਅ ਕੇ ਜਲੰਧਰ ਸਰਕਾਰੀ ਸਕੂਲ ਵਿੱਚ ਦਾਖ਼ਲ ਕਰਵਾਅ ਦਿੱਤਾ। ਅਨੂ ਦਾ ਗੀਤਾ ਮੰਦਿਰ ਵਾਲਾ ਸਕੂਲ ਵੀ ਛੁਡਵਾਅ ਦਿੱਤਾ। ਹੁਣ ਦੋਵੇਂ ਭੈਣਾਂ ਇੱਕੋ ਸਕੂਲ ਪੜ੍ਹਨ ਜਾਣ ਲੱਗ ਪਈਆਂ।

ਇਹ ਉਹ ਪੀਰੀਅਡ ਸੀ ਜਦੋਂ ਸਾਡੇ ਵਰਗਿਆਂ ਦੇ ਘਰ ਫ਼ੋਨ ਨਹੀਂ ਸੀ ਲੱਗੇ ਹੁੰਦੇ। ਕਿਸੇ ਖ਼ਾਸ ਦੇ ਘਰ ਹੀ ਹੁੰਦੇ ਸਨ ਫ਼ੋਨ, ਜਿਵੇਂ ਸੋਹਣ ਸਿੰਘ ਮੀਸ਼ਾ ਯਾ ਫੇਰ ਸੁਖਜਿੰਦਰ। ਸਰਕਾਰੀ ਅਫ਼ਸਰਾਂ ਦੇ ਘਰ ਸਰਕਾਰ ਵੱਲੋਂ ਲਗਵਾਏ ਗਏ ਫ਼ੋਨ ਸਨ। ਮੇਰੇ ਘਰ ਫ਼ੋਨ ਨਹੀਂ ਸੀ ਲੱਗਾ ਹੋਇਆ।

ਉੱਨੀ ਸੌ ਅਠਾਸੀ ਦੀ ਗੱਲ ਕਰ ਰਹੀ ਹਾਂ। ਮੋਬਾਈਲ ਫ਼ੋਨ ਤਾਂ ਉਸ ਤੋਂ ਵੀ ਦਸ ਬਾਰਾਂ ਸਾਲ ਬਾਅਦ ਆਏ। ਪਰ ਉਸ ਜ਼ਮਾਨੇ ਵਿੱਚ ਦਫ਼ਤਰ ਵਿੱਚ ਡਿਊਟੀ ਰੂਮ, ਕੰਟਰੋਲ ਰੂਮ, ਸਟੇਸ਼ਨ ਡਾਇਰੈਕਟਰ, ਸੁਪਰਡੈਂਟ ਇੰਜੀਨੀਅਰ ਤੇ ਕੁਝ ਹੋਰ ਅਫ਼ਸਰਾਂ ਦੇ ਕਮਰਿਆਂ ਵਿੱਚ ਸੀ, ਇਹ ਫ਼ੋਨ ਦੀ ਸਹੂਲਤ। ਤੇ ਕਿਸੇ ਵੀ ਨੰਬਰ 'ਤੇ ਕਿਸੇ ਲਈ ਕੋਈ ਅਜਿਹਾ ਸੁਨੇਹਾ ਆ ਜਾਵੇ ਤਾਂ 'ਆਕਾਸ਼ਵਾਣੀ' ਵਰਗੇ ਅਦਾਰੇ, ਦਫ਼ਤਰ ਦੀ ਗੱਡੀ ਭੇਜ ਕੇ ਸੰਬੰਧਤ ਵਿਅਕਤੀ ਨੂੰ ਉਸੇ ਵੇਲੇ ਅਜਿਹਾ ਸੁਨੇਹਾ ਲਿਖਤ ਰੂਪ ਵਿੱਚ ਭੇਜਣਾ ਆਪਣਾ ਇਖ਼ਲਾਕੀ ਫ਼ਰਜ਼ ਸਮਝਦੇ ਸਨ।

ਬਤੌਰ ਡਿਊਟੀ ਅਫ਼ਸਰ ਵੇਲੇ-ਕੁਵੇਲੇ ਅਜਿਹੇ ਕਈ ਸੁਨੇਹੇ ਮੈਂ ਵੀ ਸੰਬੰਧਤ ਕੁਲੀਗਜ਼ ਨੂੰ ਭੇਜੇ ਹਨ। ਜ਼ਾਹਿਰ ਹੈ ਉਹ ਸੁਨੇਹੇ ਸੁਖਾਵੇਂ ਵੀ ਨਹੀਂ ਹੋਣਗੇ ਪਰ ਭੇਜਣੇ ਜ਼ਰੂਰੀ ਹੁੰਦੇ ਸਨ।

ਸਾਰਾ ਸਟਾਫ਼ ਜੁੜਿਆ ਹੁੰਦਾ ਸੀ ਇੱਕ ਦੂਜੇ ਨਾਲ। ਦਿਨ ਤਿੱਥ 'ਤੇ ਇੱਕ ਦੂਜੇ ਦੀ ਡਿਊਟੀ ਵੀ ਕਰ ਲਈਦੀ ਸੀ। ਖਾਣਾ ਪੀਣਾ ਇਕੱਠਾ ਹੁੰਦਾ ਸੀ ਸਭ ਦਾ। ਪਰਿਵਾਰਕ ਮਾਹੌਲ ਸੀ ਰੇਡੀਓ ਦਾ।

ਜਸਵਿੰਦਰ ਕਾਇਨੂਰ ਜਲੰਧਰ

ਰੇਡੀਓ ਵਿੱਚ ਹੁੰਦੇ ਸਨ ਜਦੋਂ ਮੈਂ ਉੱਥੇ ਸਾਂ। ਬਹੁਤ ਹੀ ਧੀਮੇ ਬੋਲਾਂ ਵਾਲਾ ਇਹ ਮੁੰਡਾ ਪ੍ਰਸ਼ਾਸਨ ਵਿਭਾਗ ਵਿੱਚ ਕੰਮ ਕਰਦਾ ਸੀ, ਰੇਡੀਓ ਦੇ। ਮੈਂ ਲਾਇਬ੍ਰੇਰੀ ਵਿੱਚ ਸਾਂ ਤੇ ਉਹ ਅਕਸਰ ਹੀ ਕਿਤਾਬਾਂ ਇੱਸ਼ੂ ਕਰਵਾਉਣ ਆਉਂਦਾ।

ਗੱਲ ਤਾਂ ਅਜੀਬ ਹੈ ਪਰ ਹੈ ਸੱਚ। ਰੇਡੀਓ ਵਿੱਚ ਕਿਤਾਬਾਂ ਪੜ੍ਹਨ ਵਾਲਿਆਂ ਦੀ ਗਿਣਤੀ ਕਾਫ਼ੀ ਘੱਟ ਹੁੰਦੀ ਹੈ। ਬਹੁਤ ਸਾਲਾਂ ਬਾਅਦ ਜਦੋਂ ਇੱਕ ਸਾਲ ਲਈ ਚੰਡੀਗੜ੍ਹ ਰੇਡੀਓ ਪੋਸਟਿੰਗ ਰਹੀ, ਜਸਵਿੰਦਰ ਨੂੰ ਉੱਥੇ ਦੇਖ ਕੇ ਖ਼ੁਸ਼ੀ ਹੋਈ। ਪੜ੍ਹਨ ਦੇ ਨਾਲ ਨਾਲ ਉਹ ਹੁਣ ਲਿਖਣ ਵੀ ਵਧੀਆ ਲੱਗ ਪਿਆ ਸੀ। ਉਹਦੇ ਨਾਲ ਬੈਠ ਕੇ ਕਿਤਾਬਾਂ ਦੀਆਂ ਗੱਲਾਂ ਕਰਨਾ ਅੱਛਾ ਲੱਗਦਾ ਸੀ।

ਜਸਵਿੰਦਰ ਮੇਰੇ ਰਿਟਾਇਰ ਹੋਣ ਤੋਂ ਬਾਅਦ ਵੀ ਸੰਪਰਕ ਵਿੱਚ ਹੈ। ਅਕਸਰ ਉਸ ਨਾਲ ਗੱਲ ਹੋ ਜਾਂਦੀ ਹੈ। ਉਹ "ਸ਼ਿਵਾਲਿਕ" ਮੈਗਜ਼ੀਨ ਨਾਲ ਵੀ ਜੁੜਿਆ ਹੋਇਆ ਹੈ। ਮੈਨੂੰ ਵੀ ਕਿਸੇ ਨਾ ਕਿਸੇ ਬਹਾਨੇ ਪਰਚੇ ਨਾਲ ਜੋੜੀ ਰੱਖਦਾ ਹੈ।

ਗੱਲ ਤਾਂ ਇਹ ਕਰਨੀ ਸੀ -ਜਸਵਿੰਦਰ ਕੋਹਿਨੂਰ ਨੂੰ ਖ਼ਿਆਲ ਆਇਆ ਇੱਕ ਦਿਨ: ਰੇਡੀਓ ਵਿੱਚ ਕੰਮ ਕਰਨ ਵਾਲੇ ਬਹੁਤ ਸਾਰੇ ਲੋਕਾਂ ਨੇ ਬਹੁਤ ਵਧੀਆ ਲਿਖਿਆ ਹੈ। ਕਰਤਾਰ ਸਿੰਘ ਦੁੱਗਲ, ਅੰਮ੍ਰਿਤਾ ਪ੍ਰੀਤਮ, ਡਾਕਟਰ ਇਕਬਾਲ, ਜਸਵੰਤ ਦੀਦ, ਰਸ਼ਮੀ ਖੁਰਾਣਾ, ਪ੍ਰਵੇਸ਼ ਸ਼ਰਮਾ, ਹਰਬੰਸ ਸੋਢੀ, ਅਮਰਜੀਤ ਵੜੈਚ ਤੇ ਹੋਰ ਵੀ ਕਿੰਨੇ ਸਾਰੇ ਅਦੀਬ- ਇਨ੍ਹਾਂ ਬਾਰੇ ਇੱਕ ਕਿਤਾਬ ਕਿਉਂ ਨਾ ਲਿਖੀ ਜਾਵੇ!

ਉਹਨੇ ਮੇਰੇ ਨਾਲ ਵਿਸਥਾਰ ਵਿੱਚ ਗੱਲ ਕੀਤੀ। ਹੱਲਾਸ਼ੇਰੀ ਦੇਣੀ ਬਣਦੀ ਸੀ। ਬਹੁਤ ਵਧੀਆ ਕਿਤਾਬ ਲਿਖੀ ਹੈ, ਜਸਵਿੰਦਰ ਨੇ। ਕੁਝ ਕਾਰਨਾਂ ਕਰਕੇ ਸਾਰੇ ਲੇਖਕਾਂ ਨੂੰ ਇਸ ਕਿਤਾਬ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਿਆ। ਕੋਹਿਨੂਰ ਨੂੰ ਇੱਕ ਕਿਤਾਬ ਹੋਰ ਲਿਖਣੀ ਪਵੇਗੀ।

# ਰੌਸ਼ਨ ਅੱਖਰ

## ਡਾ. ਨਵਦੀਪ ਕੌਰ




**ਸਵਾਗਤ** ਹੈ ਦੋਸਤੋ। ਅੱਜ ਦੀ 'ਰੌਸ਼ਨ ਅਖਰ' ਕੜੀ ਵਿੱਚ ਗੱਲ ਕਰਾਂਗੇ ਇੱਕ ਖਾਸ ਕਿਤਾਬ ਦੀ— Walking with Nanak ਲੇਖਕ: ਹਰੂਨ ਖਾਲਿਦ (Haroon Khalid) ਇਹ ਕਿਤਾਬ ਸਿਰਫ਼ ਯਾਤਰਾ ਦੀ ਦਾਸਤਾਨ ਨਹੀਂ, ਇਕ ਰੂਹਾਨੀ ਖਿੜਕੀ ਹੈ—ਜਿੱਥੇ ਲੇਖਕ ਦੇ ਪੈਰਾਂ ਦੇ ਨਾਲ-ਨਾਲ ਉਸਦਾ ਮਨ, ਉਸਦਾ ਵਿਸ਼ਵਾਸ ਅਤੇ ਉਸਦੀ ਖੋਜ ਵੀ ਤੁਰਦੀ ਹੈ। ਹਰੂਨ ਖ਼ਾਲਿਦ ਆਪਣੇ ਮੁਰਸ਼ਦ ਇਕਬਾਲ ਕੈਸਰ (Iqbal Qaiser) ਦੀ ਰਹਿਨੁਮਾਈ ਵਿੱਚ ਪਾਕਿਸਤਾਨ ਦੇ ਉਹ ਸਾਰੇ ਸਥਾਨ ਵੇਖਣ ਨਿਕਲਦਾ ਹੈ ਜਿੱਥੇ ਬਾਬਾ ਨਾਨਕ ਦੇ ਚਰਨ ਪਏ ਸਨ—ਮਾਤਾ ਤ੍ਰਿਪਤਾ ਦੀ ਅਰਦਾਸ ਨਾਲ ਜੁੜਿਆ ਟਿੱਬਾ... ਮਹਿਤਾ ਕਾਲੂ ਦਾ ਉਹ ਘਰ ਜਿੱਥੇ ਬਚਪਨ ਸਿਰਜਣਹਾਰ ਦੀ ਲੋਅ ਬਣਿਆ... ਅਤੇ ਉਹ ਪਲ, ਜਦੋਂ ਨਾਨਕ ਨੇ ਮੋਦੀਖ਼ਾਨੇ ਦੀ ਨੌਕਰੀ ਛੱਡ ਕੇ ਮੁਸਾਫ਼ਿਰ ਬਣਨਾ ਚੁਣਿਆ, ਰੋਜ਼ਮਰ੍ਹਾ ਦੀ ਜ਼ਿੰਦਗੀ ਤੋਂ ਉੱਪਰ ਉਠ ਕੇ ਚਾਨਣ ਦੇ ਪ੍ਰਕਾਸ਼ ਦਾ ਸਫ਼ਰ। ਲੇਖਕ ਜਦ ਇਹ ਸਥਾਨ ਵੇਖਦਾ ਹੈ, ਉਹ ਸਿਰਫ਼ ਇਤਿਹਾਸ ਨਹੀਂ ਪੜ੍ਹਦਾ ਉਹ ਉਸ ਸਮੇਂ ਦੀ ਸਾਰ ਲੈਂਦਾ ਹੈ। ਉਸਦੀ ਲਿਖਤ ਵਿਚੋਂ ਅਹਿਸਾਸ ਹੁੰਦਾ ਹੈ ਜਿਵੇਂ ਅਸੀਂ ਵੀ ਉਸਦੇ ਨਾਲ ਤੁਰ ਰਹੇ ਹਾਂ -ਰਬਾਬ ਦੀ ਧੁਨ ਸੁਣਦੇ, ਮਰਦਾਨੇ ਨਾਲ ਤਾਲ ਮਿਲਾਉਂਦੇ ਅਤੇ ਬਾਬੇ ਦੇ ਬੋਲਾਂ ਨੂੰ ਮਹਿਸੂਸ ਕਰਦੇ। ਇਤਿਹਾਸਕ ਤੱਥਾਂ ਅਤੇ ਅੱਜ ਦੇ ਹਾਲਾਤ ਦੇ ਦਰਮਿਆਨ ਜੋ ਪੁਲ ਉਹ ਬਣਾਉਂਦਾ ਹੈ, ਉਹ ਸਿਰਫ਼ ਥਾਵਾਂ ਨੂੰ ਨਹੀਂ, ਦਿਲਾਂ ਨੂੰ ਵੀ ਜੋੜਦਾ ਹੈ। ਇਸ ਕਿਤਾਬ ਦੀ ਖਾਸੀਅਤ ਇਹ ਹੈ ਕਿ ਇਸ ਵਿੱਚ ਬਾਬਾ ਨਾਨਕ ਸਿਰਫ਼ ਗੁਰੂ ਬਾਬਾ ਨਹੀਂ ਰਹਿੰਦੇ, ਸਾਥੀ ਬਣ ਜਾਂਦੇ ਹਨ। ਇਨ੍ਹਾਂ ਪੰਨਿਆਂ ਵਿੱਚ ਬਾਬਾ ਨਾਨਕ ਅਤੇ ਮਰਦਾਨੇ ਦਾ ਸਫ਼ਰ, ਉਹਨਾਂ ਦੇ ਬੋਲ, ਕਦਮ, ਸਵਾਲ ਅਤੇ ਜਵਾਬ -ਸਭ ਜੀਵੰਤ ਹਨ। ਹਰ ਸਥਾਨ ਦਾ ਵਰਣਨ ਹਰੂਨ ਖ਼ਾਲਿਦ ਇਸ ਤਰ੍ਹਾਂ ਕਰਦਾ ਹੈ ਕਿ ਪਾਠਕ ਨੂੰ ਮਹਿਸੂਸ ਹੁੰਦਾ ਹੈ ਜਿਵੇਂ ਉਹ ਆਪ "ਬਾਬਾ ਨਾਨਕ ਨਾਲ ਤੁਰ ਰਿਹਾ ਹੈ।" ਕਮਾਲ ਦੀ ਗੱਲ ਇਹ ਵੀ ਹੈ ਕਿ ਇੱਕ ਮੁਸਲਮਾਨ ਲੇਖਕ ਅਤੇ ਉਸਦਾ ਮੁਸਲਮਾਨ ਮੁਰਸ਼ਦ -ਦੋਵੇਂ ਬਾਬੇ ਦੀ ਰੌਸ਼ਨੀ ਵੱਲ ਇੰਨੇ ਖਿੱਚੇ ਜਾਂਦੇ ਹਨ ਕਿ ਧਰਮ ਦੀਆਂ ਹੱਦਾਂ ਮਿਟਦੀਆਂ ਜਾਪਦੀਆਂ ਹਨ। ਬਾਕੀ ਰਹਿ ਜਾਂਦਾ ਹੈ ਸਿਰਫ਼ ਇੱਕ ਅਹਿਸਾਸ -ਮਨੁੱਖਤਾ ਦਾ, ਪ੍ਰੇਮ ਦਾ ਅਤੇ ਸੱਚ ਦਾ। ਇਹ ਕਿਤਾਬ ਪੜ੍ਹਦਿਆਂ ਅੰਦਰ ਇੱਕ ਖ਼ਾਮੋਸ਼ੀ ਉਤਰਦੀ ਮਹਿਸੂਸ ਹੁੰਦੀ ਹੈ, ਜਿਵੇਂ ਕੋਈ ਰੱਬੀ ਤਾਰ ਛੇੜੀ ਗਈ ਹੋਵੇ। ਅੰਦਰਲੇ ਸ਼ੋਰ ਨੂੰ ਇੱਕ ਪਾਸੇ ਕਰਦੀ ਬਾਬੇ ਦੀ ਆਵਾਜ਼ ਸੁਣਾਈ ਦਿੰਦੀ ਹੈ: "ਰਾਹੀ ਹੋ, ਤੁਰਦਾ ਜਾ। ਨਾ ਮਾਲਕ ਬਣ, ਨਾ ਕਿਸੇ ਨੂੰ ਮਾਲਕ ਸਮਝ, ਰਾਹੀ ਹੋਇਆਂ ਹੀ ਰਾਹ ਮਿਲਦਾ ਹੈ।" Walking with Nanak ਨਿਰਾ ਇਤਿਹਾਸ ਨਹੀਂ, ਅਹਿਸਾਸ ਵੀ ਹੈ—ਇਹ ਕਿਤਾਬ ਯਾਦ ਦਿਵਾਉਂਦੀ ਹੈ ਕਿ ਹਰ ਉਹ ਯਾਤਰਾ ਜੋ ਆਪਣੇ ਅੰਦਰ ਲੈ ਜਾਵੇ, ਉਹ ਗੁਰਧਾਮ ਦੀ ਯਾਤਰਾ ਬਣ ਜਾਂਦੀ ਹੈ। ਅਖੀਰ ਵਿੱਚ ਇਕ ਬਹੁਤ ਸਧਾਰਨ ਗੱਲ- ਨਾਨਕ ਨਾਲ ਤੁਰਨਾ ਪੈਂਡਾ ਕਰਨਾ ਨਹੀਂ... ਬਲਕਿ ਰੂਹ ਦੀ ਯਾਤਰਾ 'ਤੇ ਨਿੱਕਲਣਾ ਹੈ। ਫੇਰ ਮਿਲਾਂਗੇ। ਸ਼ੁਕਰੀਆ। ਰੱਬ ਰਾਖਾ।

# ਉਹ ਜਿਊਂਦੀ ਹੈ...- 31,32

## ਨਵੀਂ ਅੰਗ੍ਰੇਜ਼ੀ ਕਿਤਾਬ

ਡਾ.ਉਮਾ ਤ੍ਰਿਲੋਕ

ਅਨੁਵਾਦ: ਪੂਨਮ ਸਿੰਘ

**ਇੱਕ** ਹੋਰ ਸਾਡੀ ਗੱਲਬਾਤ ਵਿਚ ਉਨ੍ਹਾਂ ਮੁਹੱਬਤ ਬਾਰੇ ਇੱਕ ਵੱਖਰੇ ਜ਼ਾਵੀਏ ਤੋਂ ਗੱਲ ਕੀਤੀ।

"ਉਮਾ,
ਆਪਣੇ ਤਜਰਬੇ ਤੋਂ ਮੈਂ ਕਹਿ ਸਕਦਾਂ ਕਿ ਮੁਹੱਬਤ ਨੂੰ ਕਿਸੇ ਦੂਰੀ ਜਾਂ ਫ਼ਰਕ ਦਾ ਖ਼ਿਆਲ ਨਹੀਂ ਹੁੰਦਾ।
ਇਹ ਉਮਰ, ਜ਼ਾਤ ਜਾਂ ਅਕੀਦੇ ਦੇ ਸਾਰੇ ਬੰਨ੍ਹਣ ਪਾਰ ਕਰ ਜਾਂਦੀ ਹੈ।
ਤੈਨੂੰ ਪਤਾ ਹੈ ਕਿ ਮੈਂ ਇੱਕ ਛੋਟੇ ਕਿਸਾਨ ਦਾ ਪੁੱਤਰ ਹਾਂ ਅਤੇ,
ਉਹ,
ਇੱਕ ਧਾਰਮਕ ਪਰਚਾਰਕ ਦੀ ਧੀ।
ਅਸੀਂ ਬਿਲਕੁਲ ਹੀ ਵੱਖਰੀ ਕਿਸਮ ਦੀਆਂ ਜ਼ਿੰਦਗੀਆਂ ਤੋਂ ਆਏ ਹਾਂ।
ਨਾਲੇ, ਉਸਦੇ ਹਾਲਾਤ ਮੈਨੂੰ ਉਸ ਤੋਂ ਦੂਰ ਰੱਖਦੇ ਸਨ।

ਜਦੋਂ ਮੈਂ ਉਸ ਨੂੰ ਮਿਲਿਆ,
ਉਹ ਵਿਆਹੀ ਸੀ ਅਤੇ ਉਸ ਦੇ ਦੋ ਬੱਚੇ ਸਨ।
ਅਤੇ ਉਹ ਮੇਰੇ ਤੋਂ ਕਾਫ਼ੀ ਵੱਡੀ ਸੀ।
ਇਹ ਸਭ ਅਤੇ ਕੁਝ ਹੋਰ ਚੀਜ਼ਾਂ ਵੀ ਸਾਡੇ ਖ਼ਿਲਾਫ਼ ਜਾਂਦੀਆਂ ਸਨ।
ਫੇਰ ਵੀ ਮੁਹੱਬਤ ਹੋਈ।

ਅਸੀਂ ਇੱਕ ਬੜੇ ਹੀ ਰਿਵਾਇਤੀ ਸਮਾਜ ਵਿਚ ਬਿਨਾ ਵਿਆਹ ਦੇ ਬੰਧਨ ਦੇ ਇੱਕ ਦੂਜੇ ਨਾਲ ਰਹੇ ਹਾਂ;
ਓਦੋਂ ਜਦੋਂ ਸਾਡੇ ਵਰਗੇ ਲਿਵ-ਇਨ ਤਰੀਕੇ ਨਾਲ ਰਹਿਣ ਦੀ ਦਲੇਰੀ ਕਰਨ ਅੱਗੇ ਬਹੁਤ ਵੱਡੀ ਮਨਾਹੀ ਸੀ....
ਸਾਡੇ ਲਈ ਹਾਲਤ ਬਿਲਕੁਲ ਨਾਂਹ-ਨਾਂਹ ਵਾਲੀ ਸੀ। ਪਰ
ਮੁਹੱਬਤ ਕੋਈ ਨੇਮ ਨਹੀਂ ਜਾਣਦੀ।
ਕੋਈ ਹੱਦਾਂ ਨਹੀਂ।"

ਕੁਝ ਹੋਰ ਏਧਰ ਓਧਰ ਦੀਆਂ ਗੱਲਾਂ ਕਰਨ ਤੋਂ ਬਾਅਦ, ਉਹ ਮੁੜ ਮੁਹੱਬਤ ਦੇ ਵਿਸ਼ੇ 'ਤੇ ਆਏ ਅਤੇ ਕਿਹਾ,

ਜਦੋਂ ਤੁਹਾਨੂੰ ਮੁਹੱਬਤ ਹੁੰਦੀ ਹੈ,
ਤੁਹਾਡੇ ਵਿਚ ਆਪਣੇ ਲਈ ਆਪ ਅਸੂਲ ਬਨਾਉਣ ਦੀ ਹਿੰਮਤ ਆ ਜਾਂਦੀ ਹੈ।
ਤੁਹਾਨੂੰ ਅਜ਼ਾਦੀ ਦੀ ਇੱਕ ਸੋਝੀ ਮਹਿਸੂਸ ਹੁੰਦੀ ਹੈ ਅਤੇ ਆਪਣੀਆਂ ਚੋਣਾਂ ਆਪ ਕਰਨ ਦੇ ਹੌਂਸਲੇ ਦੀ ਵੀ।
ਸਮਾਜ ਦੇ ਬੇਲਚਕ ਨੇਮਾਂ ਤੋਂ ਤੁਹਾਨੂੰ ਖ਼ੌਫ਼ ਨਹੀਂ ਆਉਂਦਾ।

ਮੁਹੱਬਤ ਵਿਚ, ਤੁਸੀਂ ਕੋਈ ਹੋਰ ਜਣੇ ਹੋ ਜਾਂਦੇ ਹੋ।

ਜਦੋਂ ਤੁਸੀਂ ਅਜ਼ਾਦੀ ਵੱਲ ਪਹਿਲਾ ਕਦਮ ਪੁੱਟਦੇ ਹੋ,
ਓਦੋਂ ਤੁਸੀਂ ਖ਼ੁਸ਼ੀ ਵੱਲ ਨੂੰ ਤੁਰ ਰਹੇ ਹੁੰਦੇ ਹੋ।
ਜੇ ਤੁਸੀਂ ਖ਼ੁਸ਼ ਹੋ, ਫੇਰ ਹੀ ਤੁਸੀਂ ਇੱਕ ਕੋਈ ਖ਼ੁਸ਼ ਸਮਾਜ ਸਿਰਜ ਸਕਦੇ ਹੋ।

ਉਮਾ, ਤੁਸੀਂ ਓਹੀ ਤਾਂ ਦੇ ਸਕਦੇ ਹੁੰਦੇ ਹੋ ਜੋ ਤੁਹਾਡੇ ਕੋਲ ਹੋਏ...
ਜੇ ਤੁਸੀਂ ਆਪ ਅਜ਼ਾਦ ਅਤੇ ਖ਼ੁਸ਼ ਨਹੀਂ ਹੋ,
ਤੁਸੀਂ ਅਜ਼ਾਦੀ ਜਾਂ ਖ਼ੁਸ਼ੀ ਦੀ ਝੰਡਾਬਰਦਾਰੀ ਨਹੀਂ ਕਰ ਸਕਦੇ।"

ਇਮਰੋਜ਼ ਨਾਲ ਆਪਣੀ ਮੁਲਾਕਾਤ ਤੋਂ ਪਰਤਦਿਆਂ, ਮੇਰੀ ਸੋਚ ਚੱਲੀ ਜਾ ਰਹੀ ਸੀ...ਕੀ ਅਸੀਂ 'ਲਿਵ-ਇਨ' ਵਰਗੇ 'ਸਮਾਜਕ-ਪਾਪਾਂ' ਨੂੰ ਮੁਹੱਬਤ ਆਖ ਕੇ ਉਨ੍ਹਾਂ ਦਾ ਵਾਜਬੀਕਰਨ ਕਰ ਰਹੇ ਹੁੰਦੇ ਹਾਂ, ਜਾਂ, ਕੀ 'ਮੁਹੱਬਤ'--ਜੋ ਵੀ ਇਸਦਾ ਅਰਥ ਹੁੰਦਾ ਹੈ- ਹੀ ਜ਼ਿੰਦਗੀ ਅਤੇ ਜਿਊਣ ਨੂੰ ਚਲਾਉਣ ਵਾਲੀ ਸਭ ਤੋਂ ਵੱਡੀ ਸ਼ਕਤੀ ਹੈ...ਆਪਣੇ ਆਪ ਵਿਚ ਹੀ ਵਾਜਬ?

## – 32–

**ਸਰਦੀਆਂ** ਦੀ ਇੱਕ ਦੁਪਹਿਰੇ ਚਾਹ ਨਾਲ ਕੁਝ ਗਰਮਾਗਰਮ ਖਾਂਦਿਆਂ, ਇਮਰੋਜ਼ ਨੇ ਜ਼ਿੰਦਗੀ ਦੇ ਫ਼ਲਸਫ਼ੇ ਬਾਰੇ ਗੱਲ ਛੇੜੀ।

ਇਓਂ ਜਿਵੇਂ ਅੰਮ੍ਰਿਤਾ ਨਾਲ ਆਪਣੇ ਲਿਵ-ਇਨ ਨੂੰ ਵਾਜਬ ਦੱਸਣ ਲਈ ਉਨ੍ਹਾਂ ਕਿਹਾ,
"ਜ਼ਿੰਦਗੀ ਬਾਰੇ ਫ਼ਲਸਫ਼ਾ ਸਿਰਫ਼ ਫ਼ਲਸਫ਼ਾ ਹੀ ਰਹਿ ਜਾਂਦਾ ਹੈ
ਜੇ ਇਹ ਜ਼ਿੰਦਗੀ ਦੀਆਂ ਅਸਲ ਹਾਲਤਾਂ ਵਿਚ ਨਾ ਅਪਣਾਇਆ ਜਾਏ।
ਵੱਡੇ ਵੱਡੇ ਸੁਫ਼ਨੇ ਅਤੇ ਬਹੁਤ ਹੀ ਵਧਾਅ ਚੜ੍ਹਾਅ ਕੇ ਬਣਾਏ ਆਦਰਸ਼ ਲੋਕਾਂ ਦੀ ਰੋਜ਼ਮੱਰਾ ਦੀ ਜ਼ਿੰਦਗੀ ਨੂੰ ਨਹੀਂ ਬਦਲ ਸਕਦੇ ਹੁੰਦੇ।"
ਉਹ ਕਹਿ ਰਹੇ ਸਨ,
"ਜੇ ਦੁਨੀਆ ਦੀ ਹਕੀਕਤ ਨੂੰ ਬਦਲਣਾ ਹੈ ਤਾਂ ਪਹਿਲਾਂ ਆਪਣੇ ਆਪ ਨੂੰ ਬਦਲਣਾ ਪਵੇਗਾ।"

ਇੱਕ ਵਕਫ਼ੇ, ਕੁਝ ਵਿਚਾਰ-ਵਟਾਂਦਰਿਆਂ ਅਤੇ ਕੁਝ ਏਧਰ ਓਧਰ ਦੀਆਂ ਗੱਲਾਂ ਤੋਂ ਬਾਅਦ,
ਉਨ੍ਹਾਂ ਮੈਨੂੰ ਇੱਕ ਸਿੱਧਾ ਸੁਆਲ ਪਾਇਆ।
"ਤੂੰ ਮੈਨੂੰ ਦੱਸ ਉਮਾ,
ਜੇ ਕੋਈ ਕਿਸੇ ਓਸ ਨਾਲ ਜ਼ਿੰਦਗੀ ਨਿਭਾਅ ਰਿਹਾ ਹੈ, ਜਿਸਨੂੰ ਉਹ ਪਿਆਰ ਨਹੀਂ ਕਰਦਾ,
ਤਾਂ ਉਸ ਨੂੰ ਬਣ ਬਣ ਵਿਖਾਉਣਾ ਪੈਂਦਾ ਹੈ, ਅਤੇ ਮੇਰਾ ਪੱਕਾ ਵਿਸ਼ਵਾਸ ਹੈ ਕਿ ਇਹ ਬੇਇਮਾਨੀ ਹੁੰਦੀ ਹੈ।

ਮੇਰਾ ਮੰਨਣਾ ਇਹ ਹੈ ਕਿ ਅਜਿਹੇ ਰਿਸ਼ਤੇ ਤੋਂ ਜੰਮੀ ਔਲਾਦ ਵੀ ਭੰਬਲਭੂਸੇ ਅਤੇ ਅਸੰਤੋਖ ਵਿਚ ਰਹਿੰਦੀ ਹੋਏਗੀ।"

ਓਸ ਸ਼ਾਮ,
ਘਰ ਵਿਚ ਜਦੋਂ ਮੈਂ ਉਨ੍ਹਾਂ ਦੇ ਸ਼ਬਦਾਂ ਬਾਰੇ ਸੋਚਿਆ ਤਾਂ ਮੇਰੇ ਖ਼ਿਆਲ ਚੱਲ ਪਏ---
ਕੀ ਮਾਪਿਆਂ ਲਈ ਗ਼ਲਤ ਹੈ ਸਮਾਜਕ ਤੌਰ 'ਤੇ ਆਪਣੇ ਬੱਚਿਆਂ ਨੂੰ ਸਮਾਜਕ ਮੰਚ ਦੇਣ ਲਈ ਇਕੱਠੇ ਰਹੀ-ਤੁਰੇ ਜਾਣਾ,
ਜਦੋਂ ਅਸਲ ਵਿਚ ਉਨ੍ਹਾਂ ਵਿੱਚ 'ਮੁਹੱਬਤ' ਨਾ ਹੋਏ?

ਦੂਜੇ ਪਾਸੇ ਕੀ ਇਹ ਕਿਸੇ 'ਲਿਵ-ਇਨ' ਜੋੜੇ ਲਈ ਸਹੀ ਹੋਏਗਾ ਕਿ ਉਨ੍ਹਾਂ ਦੇ ਬੱਚੇ ਹੋਣ ਅਤੇ 'ਕਰਣ' ਦੀ ਹੋਣੀ ਭੁਗਤਣ- ਸਾਰੀ ਉਮਰ ਉਨ੍ਹਾਂ ਨੂੰ ਸਮਾਜਕ ਤੌਰ 'ਤੇ ਨਾ-ਜਾਇਜ਼ ਹੋਣ ਦਾ ਦਰਦ ਹੰਢਾਉਣਾ ਪਏ।

**ਕਰਣ- "ਮਹਾਭਾਰਤ" ਦਾ ਇੱਕ ਮੁੱਖ ਕਿਰਦਾਰ।*

# ਮੁਸੀਬਤ ਵਿਚ ਪੰਛੀ: ਜਦੋਂ ਵਧਦਾ ਸ਼ੋਰ ਅਸਮਾਨ ਚੋਰੀ ਕਰ ਲੈਂਦਾ ਹੈ

ਡਾ. ਵਿਜੇ ਗਰਗ

**ਸਵੇਰ** ਵੇਲੇ, ਅਸਮਾਨ ਪੰਛੀਆਂ ਦੇ ਗੀਤ ਨਾਲ ਜੁੜਿਆ ਹੋਣਾ ਚਾਹੀਦਾ ਹੈ। ਸਦੀਆਂ ਤੋਂ ਇਨ੍ਹਾਂ ਦੀਆਂ ਪੁਕਾਰਾਂ ਅਤੇ ਧੁਨਾਂ ਨੇ ਸਾਨੂੰ ਕੁਦਰਤ ਦੀ ਤਾਲ ਦੱਸੀ ਹੋਈ ਹੈ ਅਤੇ ਵਾਤਾਵਰਣ ਦੀ ਸਿਹਤ ਦਾ ਸੰਕੇਤ ਦਿੱਤਾ ਹੈ। ਫਿਰ ਵੀ ਅੱਜ, ਇਹ ਕੁਦਰਤੀ ਆਰਕੈਸਟਰਾ ਸ਼ੋਰ-ਟ੍ਰੈਫ਼ਿਕ, ਉਸਾਰੀ, ਲਾਊਡਸਪੀਕਰਾਂ, ਫ਼ੈਕਟਰੀਆਂ ਅਤੇ ਸ਼ਹਿਰੀ ਜੀਵਨ ਦੀ ਲਗਾਤਾਰ ਗੂੰਜ ਦੀ ਇੱਕ ਵਧਦੀ ਸੁਨਾਮੀ ਵੱਲੋਂ ਡੁੱਬਿਆ ਜਾ ਰਿਹਾ ਹੈ। ਸ਼ੋਰ ਪ੍ਰਦੂਸ਼ਣ, ਜਿਸਨੂੰ ਅਕਸਰ ਨਜ਼ਰ-ਅੰਦਾਜ਼ ਕੀਤਾ ਜਾਂਦਾ ਹੈ ਕਿਉਂਕਿ ਇਹ ਕੋਈ ਦਿਸ ਸਕਣ ਵਾਲਾ ਦਾਗ਼ ਨਹੀਂ ਛੱਡਦਾ- ਚੁੱਪਚਾਪ ਪੰਛੀਆਂ ਨੂੰ ਮੁਸੀਬਤ ਵਿੱਚ ਧੱਕ ਰਿਹਾ ਹੈ।

## ਖ਼ਤਰੇ ਵਿੱਚ ਪਏ ਪੰਛੀਆਂ ਦੀ ਭਾਸ਼ਾ

ਪੰਛੀ ਅਵਾਜ਼ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ। ਉਨ੍ਹਾਂ ਦੀਆਂ ਪੁਕਾਰਾਂ ਸਿਰਫ਼ ਸੰਗੀਤ ਨਹੀਂ ਹਨ; ਉਹ ਉਨ੍ਹਾਂ ਦੇ ਬਚਾਅ ਲਈ ਸੰਦ ਹਨ। ਗਾਣੇ ਉਨ੍ਹਾਂ ਨੂੰ ਸਾਥੀਆਂ ਨੂੰ ਆਕਰਸ਼ਤ ਕਰਨ, ਦੂਜਿਆਂ ਨੂੰ ਸ਼ਿਕਾਰੀਆਂ ਤੋਂ ਚੇਤਾਵਨੀ ਦੇਣ, ਇਲਾਕੇ ਦੀ ਰੱਖਿਆ ਕਰਨ ਅਤੇ ਸਮਾਜਕ ਬੰਧਨ ਬਣਾਈ ਰੱਖਣ ਵਿੱਚ ਮਦਦ ਕਰਦੇ ਹਨ। ਪਿਛੋਕੜ ਦੇ ਸ਼ੋਰ ਵਿੱਚ ਵਾਧਾ ਪੰਛੀਆਂ ਨੂੰ ਆਪਣੀਆਂ ਪੁਕਾਰਾਂ ਦਾ ਤਿੱਖਾਪਣ, ਇਨ੍ਹਾਂ ਦੀ ਗਿਣਤੀ ਜਾਂ ਸਮਾਂ ਬਦਲਣ ਲਈ ਮਜਬੂਰ ਕਰਦਾ ਹੈ। ਕੁਝ ਕਿਸਮਾਂ ਉੱਚੀ ਆਵਾਜ਼ ਵਿੱਚ ਗਾਉਂਦੀਆਂ ਹਨ, ਦੂਜੀਆਂ ਉੱਚੀਆਂ ਸੁਰਾਂ ਵੱਲ ਤਬਦੀਲ ਹੁੰਦੀਆਂ ਹਨ, ਪਰ ਸ਼ੋਰ ਨਾਲ ਇਹ ਸੁਰ-ਮੇਲ ਮਹਿੰਗੀ ਹੋ ਜਾਂਦਾ ਹੈ - ਵਧੇਰੇ ਦਮ ਲਾਉਣਾ ਪੈਂਦਾ ਹੈ, ਘੱਟ ਅਸਰਦਾਰ ਸੰਚਾਰ, ਅਤੇ ਤਣਾਅ ਵਧਦਾ ਹੈ।

## ਜੰਮਣ ਤੇ ਖਾਣ ਵਿੱਚ ਵਿਘਨ ਪਿਆ

ਸ਼ੋਰ, ਅੱਗੋਂ ਬੱਚੇ ਜੰਮਣ ਦੀ ਸਫ਼ਲਤਾ ਵਿੱਚ ਸਿੱਧੇ ਤੌਰ 'ਤੇ ਦਖ਼ਲ ਦਿੰਦਾ ਹੈ। ਅਧਿਐਨ ਦਰਸਾਉਂਦੇ ਹਨ ਕਿ ਰੁੱਝੀਆਂ ਸੜਕਾਂ ਜਾਂ ਹਵਾਈ ਅੱਡਿਆਂ ਦੇ ਨੇੜੇ ਰਹਿਣ ਵਾਲੇ ਪੰਛੀ ਘੱਟ ਆਂਡੇ ਦਿੰਦੇ ਹਨ, ਅਤੇ ਬਹੁਤ ਸਾਰੇ ਚੂਚੇ ਬਚਣ ਵਿੱਚ ਅਸਫ਼ਲ ਰਹਿੰਦੇ ਹਨ। ਮਾਪੇ ਆਪਣੇ ਬੱਚਿਆਂ ਦੀਆਂ ਖ਼ੁਰਾਕ ਲਈ ਤਰਲੇ ਕਰਦੀਆਂ ਅਵਾਜ਼ਾਂ ਨੂੰ ਸੁਣ ਨਹੀਂ ਪਾਉਂਦੇ, ਜਿਸ ਨਾਲ ਉਨ੍ਹਾਂ ਨੂੰ ਘੱਟ ਖ਼ੁਰਾਕ ਮਿਲਦੀ ਹੈ। ਸ਼ੋਰ-ਸ਼ਰਾਬੇ ਵਾਲੇ ਖੇਤਰਾਂ ਵਿੱਚ, ਪੰਛੀਆਂ ਨੂੰ ਸ਼ਿਕਾਰੀ ਜਾਨਵਰਾਂ ਦੀ ਅਵਾਜ਼ ਸੁਣਨ ਵਿੱਚ ਵੀ ਮੁਸ਼ਕਲ ਆਉਂਦੀ ਹੈ, ਜਿਸ ਨਾਲ ਉਹ ਭੋਜਨ ਲੱਭਣ ਜਾਂ ਆਪਣਾ ਆਲ੍ਹਣਾ ਬਨਾਉਣ ਵੇਲੇ ਵਧੇਰੇ ਕਮਜ਼ੋਰ ਹੋ ਜਾਂਦੇ ਹਨ।

## ਤਣਾਅ ਜ਼ਿੰਦਗੀ ਘਟਾਅ ਦਿੰਦਾ ਹੈ

ਪੁਰਾਣਾ ਚੱਲਦਾ ਆ ਰਿਹਾ ਸ਼ੋਰ ਇੱਕ ਨਿਰੰਤਰ ਅਲਾਰਮ ਵਾਂਗ ਕੰਮ ਕਰਦਾ ਹੈ। ਇਹ ਪੰਛੀਆਂ ਵਿੱਚ ਤਣਾਅ ਦੇ ਹਾਰਮੋਨ ਨੂੰ ਵਧਾਉਂਦਾ ਹੈ, ਉਨ੍ਹਾਂ ਦੇ ਇਮਿਊਨ ਸਿਸਟਮ ਨੂੰ ਕਮਜ਼ੋਰ ਕਰਦਾ ਹੈ ਅਤੇ ਜੀਵਨ ਸੰਭਾਵਨਾ ਨੂੰ ਘਟਾਉਂਦਾ ਹੈ। ਜਦੋਂ ਭੋਜਨ ਅਤੇ ਆਸਰਾ ਤਾਂ ਲੱਭਦਾ ਹੋਏ, ਤਾਂ ਵੀ ਲਗਾਤਾਰ ਸ਼ੋਰ ਕਿਸੇ ਖੇਤਰ ਨੂੰ ਰਹਿਣ ਯੋਗ ਨਹੀਂ ਬਣਾਅ ਸਕਦਾ। ਨਤੀਜੇ ਵਜੋਂ, ਬਹੁਤ ਸਾਰੀਆਂ ਕਿਸਮਾਂ ਹੋਰ ਢੁਕਵੇਂ ਨਿਵਾਸ ਸਥਾਨਾਂ ਲਈ ਥਾਂ ਛੱਡ ਦਿੰਦੀਆਂ ਹਨ, ਜਿਸ ਨਾਲ ਸਥਾਨਕ ਵੰਨਗੀ ਵਿੱਚ ਗਿਰਾਵਟ ਆਉਂਦੀ ਹੈ।

## ਸ਼ਹਿਰ ਅਵਾਜ਼ ਤੋਂ ਛੁਟਕਾਰਾ ਨਹੀਂ ਦਿੰਦੇ

ਸ਼ਹਿਰੀ ਵਾਤਾਵਰਣ ਖਾਸ ਤੌਰ 'ਤੇ ਸਖ਼ਤ ਹੁੰਦੇ ਹਨ। ਜਦੋਂ ਕਿ ਕੁਝ ਢਲ ਚੁੱਕੇ ਪੰਛੀ, ਜਿਵੇਂ ਕਿ ਕਬੂਤਰ ਜਾਂ ਕਾਂ, ਬਚਣ ਦਾ ਪ੍ਰਬੰਧ ਕਰ ਲੈਂਦੇ ਹਨ, ਬਹੁਤ ਸਾਰੀਆਂ ਸੰਵੇਦਨਸ਼ੀਲ ਕਿਸਮਾਂ ਅਲੋਪ ਹੋ ਜਾਂਦੀਆਂ ਹਨ। ਹਰੀਆਂ ਥਾਵਾਂ ਆਪਣੀ ਵਿਭਿੰਨਤਾ ਗੁਆ ਦਿੰਦੀਆਂ ਹਨ, ਅਤੇ ਸ਼ਹਿਰ ਹੌਲੀ-ਹੌਲੀ ਪੰਛੀਆਂ ਦੇ ਗੀਤਾਂ ਵੱਲੋਂ ਚੁੱਪ ਹੋ ਜਾਂਦੇ ਹਨ, ਜਦ ਕਿ ਮਨੁੱਖੀ ਸ਼ੋਰ ਉੱਚਾ ਹੁੰਦਾ ਜਾਂਦਾ ਹੈ। ਇਹ ਨੁਕਸਾਨ ਸਿਰਫ਼ ਵਾਤਾਵਰਣ ਸੰਬੰਧੀ ਨਹੀਂ ਹੈ; ਇਹ ਲੋਕਾਂ ਨੂੰ ਕੁਦਰਤ ਨਾਲ ਰੋਜ਼ਾਨਾ ਸੰਪਰਕ ਤੋਂ ਵਾਂਝਾ ਕਰ ਦਿੰਦਾ ਹੈ ਜੋ ਮਾਨਸਿਕ ਤੰਦਰੁਸਤੀ ਦਾ ਨੁਕਸਾਨ ਕਰਦਾ ਹੈ।

## ਇਹ ਸਾਡੇ ਲਈ ਕਿਉਂ ਜ਼ਰੂਰੀ ਹੈ

ਪੰਛੀ ਵਾਤਾਵਰਣ ਦੀ ਸਿਹਤ ਦੇ ਸੂਚਕ ਹਨ। ਜਦੋਂ ਉਹ ਦੁੱਖ ਝੱਲਦੇ ਹਨ, ਤਾਂ ਇਹ ਡੂੰਘੇ ਵਾਤਾਵਰਣ-ਅਸੰਤੁਲਨ ਦਾ ਸੰਕੇਤ ਦਿੰਦਾ ਹੈ। ਇਸ ਤੋਂ ਇਲਾਵਾ, ਪੰਛੀ ਕੀੜਿਆਂ ਨੂੰ ਕੰਟਰੋਲ ਕਰਨ, ਪੌਦਿਆਂ ਦਾ ਪਰਾਗਣ ਕਰਨ ਅਤੇ ਬੀਜਾਂ ਨੂੰ ਖਿੰਡਾਉਣ ਵਿੱਚ ਮਦਦ ਕਰਦੇ ਹਨ। ਉਨ੍ਹਾਂ ਦੀ ਕਮੀ ਆਉਣੀ ਖੇਤੀਬਾੜੀ, ਜੰਗਲਾਂ ਅਤੇ ਭੋਜਨ ਲੜੀ ਨੂੰ ਪ੍ਰਭਾਵਤ ਕਰਦੀ ਹੈ। ਅੰਤ ਵਿੱਚ ਮਨੁੱਖੀ ਜੀਵਨ 'ਤੇ ਅਸਰ ਪੈਂਦਾ ਹੈ।

## ਆਵਾਜ਼ ਘਟਾਉਣਾ

ਸ਼ੋਰ ਪ੍ਰਦੂਸ਼ਣ ਨੂੰ ਘਟਾਉਣਾ ਸੰਭਵ ਹੈ। ਸੋਚ-ਸਮਝ ਕੇ ਸ਼ਹਿਰੀ ਯੋਜਨਾਬੰਦੀ, ਲਾਊਡਸਪੀਕਰਾਂ ਅਤੇ ਹਾਰਨ ਮਾਰਨ 'ਤੇ ਸਖ਼ਤ ਬੰਧੇਜ, ਸੜਕਾਂ ਨੂੰ ਸ਼ਾਂਤ ਕਰਨਾ, ਅਤੇ ਸਾਂਝੇ ਗਿੱਲੇ-ਥਾਂ ਅਤੇ ਜੰਗਲਾਂ ਦੇ ਆਲੇ ਦੁਆਲੇ ਚੁੱਪ ਖੇਤਰਾਂ ਦੀ ਰਾਖੀ ਕਰਨ ਤੋਂ ਮਦਦ ਮਿਲ ਸਕਦੀ ਹੈ। ਛੋਟੀਆਂ ਕਾਰਵਾਈਆਂ - ਸੰਗੀਤ ਦੀ ਅਵਾਜ਼ ਘਟਾਉਣਾ, ਸ਼ਾਂਤ ਘੰਟਿਆਂ ਦਾ ਸਤਿਕਾਰ ਕਰਨਾ, ਅਤੇ ਹਰੇ ਅਵਾਜ਼-ਰੋਕੂ ਬਫ਼ਰ ਨੂੰ ਸੁਰੱਖਿਅਤ ਰੱਖਣਾ - ਪੰਛੀਆਂ ਨੂੰ ਲੜਨ ਦਾ ਮੌਕਾ ਦੇ ਸਕਦੇ ਹਨ।


## ਸੁਣਨ ਲਈ ਇੱਕ ਸੱਦਾ

ਪੰਛੀਆਂ ਨੂੰ ਪਈ ਇਹ ਮੁਸੀਬਤ ਇੱਕ ਚੇਤਾਵਨੀ ਹੈ ਜੋ ਅਸੀਂ ਅਜੇ ਵੀ ਸੁਣ ਸਕਦੇ ਹਾਂ। ਜੇਕਰ ਅਸੀਂ ਸੁਣਨਾ ਚੁਣਦੇ ਹਾਂ। ਸ਼ਾਂਤ ਥਾਵਾਂ ਬਨਾਉਣ ਦਾ ਮਤਲਬ ਮਨੁੱਖੀ ਤਰੱਕੀ ਨੂੰ ਬੰਦ ਕਰਾਉਣਾ ਨਹੀਂ ਹੁੰਦਾ, ਸਗੋਂ ਇਸਨੂੰ ਦੂਜੇ ਜਿਉਂਦੇ ਜੀਵਾਂ ਦੀਆਂ ਜ਼ਰੂਰਤਾਂ ਨਾਲ ਬੈਲੈਂਸ ਕਰਨਾ ਹੁੰਦਾ ਹੈ। ਜਦੋਂ ਅਸੀਂ ਸ਼ੋਰ ਘਟਾਉਂਦੇ ਹਾਂ, ਤਾਂ ਅਸੀਂ ਸਿਰਫ਼ ਪੰਛੀਆਂ ਦੇ ਗੀਤ ਹੀ ਨਹੀਂ ਬਚਾਉਂਦੇ; ਅਸੀਂ ਆਪਣੇ ਲਈ ਵੀ ਇੱਕ ਸਿਹਤਮੰਦ, ਵਧੇਰੇ ਇਕ-ਸੁਰਤਾ ਭਰੀ ਦੁਨੀਆਂ ਦਾ ਇੰਤਜ਼ਾਮ ਕਰਦੇ ਹਾਂ।

ਸੇਵਾਮੁਕਤ ਪ੍ਰਿੰਸੀਪਲ ਵਿਦਿਅਕ ਕਾਲਮਨਵੀਸ ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐਮਐਚਆਰ ਮਲੋਟ-152107 9465682110

# ਮੇਰੀ ਪ੍ਰੀਤ ਵਿਚ ਕੋਈ ਡੂੰਘੀ ਵਿਪਰੀਤ -1927-31

## ਗੁਰਬਖ਼ਸ਼ ਸਿੰਘ



**ਕੋਇਟੇ** ਤੋਂ ਤਬਦੀਲ ਹੋ ਕੇ ਮੈਂ ਨੌਸ਼ਹਿਰੇ (ਪਿਸ਼ਾਵਰ) ਆਇਆ। ਸ਼ਾਹੀ ਇੰਜੀਨੀਅਰ ਮੇਜਰ ਵੈਗਹਾਰਨ ਕੋਲੋਂ ਨੌਸ਼ਹਿਰਾ ਰੇਲਵੇਈ ਉਪ-ਖੰਡ ਦੀ ਸਪੁਰਦਗੀ ਸੰਭਾਲੀ। ਓਦੋਂ ਰੇਲਵੇ ਦੀਆਂ ਵੱਡੀਆਂ ਨੌਕਰੀਆਂ ਉਤੇ ਬਹੁਤਾ ਕਰਕੇ ਅੰਗਰੇਜ਼ ਅਫ਼ਸਰ ਹੀ ਹੋਇਆ ਕਰਦੇ ਸਨ। ਪਹਿਲੀ ਵਾਰੀ ਏਸ ਉਪ-ਖੰਡ ਦੀ ਸਪੁਰਦਗੀ ਇੱਕ ਹਿੰਦੁਸਤਾਨੀ ਨੂੰ ਮਿਲੀ ਸੀ। ਪਿਸ਼ਾਵਰ ਤੋਂ ਅਗਾਂਹ ਲੰਡੀਖਾਨੇ ਤੇ ਮਰਦਾਨ ਤੋਂ ਅਗਾਂਹ ਸਵਾਤ ਤਕ ਏਸ ਉਪ-ਖੰਡ ਦੀ ਹੱਦ ਸੀ।

**ਏਥੇ ਜਿਹੜੇ ਚਾਰ ਸਾਲ ਮੈਂ ਬਿਤਾਏ, ਉਹ ਮੇਰੀ ਉਮਰ ਦੇ ਇਨਕਲਾਬੀ ਸਾਲ ਹਨ। ਇੰਜੀਨੀਅਰ ਤੋਂ ਕਿਸਾਨ ਤੇ ਕਿਸਾਨ ਤੋਂ ਲਿਖਾਰੀ ਬਣਨ ਦੇ ਫ਼ੈਸਲੇ ਮੈਂ ਏਸੇ ਸਮੇਂ ਵਿਚ ਕੀਤੇ।** ਏਸੇ ਸਮੇਂ ਵਿਚ ਮਨੁੱਖੀ ਜ਼ਿੰਦਗੀ ਉਤੇ ਸਿਆਸਤ ਦੇ ਡੂੰਘੇ ਅਸਰਾਂ ਦੀ ਸਮਝ ਮੈਨੂੰ ਆਈ। ਇਸ ਤੋਂ ਪਹਿਲਾਂ ਮਨੁੱਖੀ ਜ਼ਿੰਦਗੀ ਵਿਚ ਤਸ਼ੱਦਦ ਤੇ ਬੇ-ਇਨਸਾਫ਼ੀ ਬਾਰੇ ਮੇਰੇ ਅੰਦਰ ਧੁੰਦਲਾ ਜਿਹਾ ਗਿਲਾ ਸੀ, ਮਨੁੱਖਾਂ ਨਾਲ ਨਰਮ ਜਿਹੀ ਹਮਦਰਦੀ ਸੀ, ਸਮਕਾਲੀਆਂ ਦੀ ਖੁਸ਼ੀ ਵਿਚ ਕੋਈ ਵਾਧਾ ਕਰ ਸਕਣ ਦੀ ਬੇ-ਅਮਲ ਜਿਹੀ ਰੀਝ ਸੀ।

ਹੁਣ ਮੈਂ ਸੋਵੀਅਤ ਦੇਸ ਵਿਚ ਹੋ ਰਹੇ ਨਵੇਂ ਸਮਾਜਵਾਦੀ ਤਜਰਬੇ ਸੰਬੰਧੀ ਕੁਝ ਸਾਹਿਤ ਪੜ੍ਹਿਆ। ਮਾਰੱਸ ਹਾਈਂਡਸ ਦੀ ਪੁਸਤਕ "ਉਖਾੜੀ ਮਨੁੱਖਤਾ" ਨੇ ਮੈਨੂੰ ਪ੍ਰੇਰਨਾ ਦਿੱਤੀ, ਉਹਦੀਆਂ ਹੋਰ ਕਿਤਾਬਾਂ ਵੀ ਮੈਂ ਪੜ੍ਹੀਆਂ, ਕਈ ਹੋਰਨਾਂ ਦੇ ਲੇਖ ਵੀ ਏਸ ਸੰਬੰਧ ਵਿਚ ਮੈਂ ਬੜੀ ਖੋਜ ਨਾਲ ਪੜ੍ਹੇ, ਤੇ ਪਹਿਲੀ ਵਾਰੀ ਇਹ ਮੈਨੂੰ ਜਾਪਿਆ ਕਿ ਮਨੁੱਖੀ ਦੁਨੀਆ ਦੀ ਤਕਦੀਰ ਮਨੁੱਖਾਂ ਦੇ ਆਪਣੇ ਹੱਥਾਂ ਵਿਚ ਹੈ।

ਪ੍ਰੋਫ਼ੈਸਰ ਰਿਗਜ਼ ਨੇ ਜਦੋਂ ਮੇਰੇ ਬਾਰੇ ਆਖਿਆ ਸੀ ਕਿ ਮੈਂ ਬਾਗ਼ੀਆਨਾ ਖ਼ਿਆਲਾਂ ਤੋਂ ਸੁਤੰਤਰ ਸਾਂ, ਉਨ੍ਹਾਂ ਦਾ ਭਾਵ ਤਾਂ ਮੈਨੂੰ ਉਹਨਾਂ ਹਿੰਦੁਸਤਾਨੀ ਵਿਦਿਆਰਥੀਆਂ ਤੋਂ ਅੱਡ ਕਰ ਕੇ, ਜਿਹੜੇ ਅਮ੍ਰੀਕਾ ਦੀ ਖੁੱਲ੍ਹੀ ਸਿਆਸਤ ਵਿਚ ਸੁਚੇਤ ਹੋ ਕੇ ਹਿੰਦੁਸਤਾਨ ਵਿਚ ਅੰਗਰੇਜ਼ੀ ਰਾਜ ਦੇ ਖਿਲਾਫ਼ ਤਕੜਾ ਪਰਚਾਰ ਕਰ ਰਹੇ ਸਨ, ਕਿਸੇ ਅਮ੍ਰੀਕਨ ਕੰਪਨੀ ਵਿਚ ਨੌਕਰੀ ਦੁਆਣਾ ਸੀ। ਇਹੋ ਜਿਹੇ ਕਈ ਵਿਦਿਆਰਥੀਆਂ ਦੇ, ਜਿਨ੍ਹਾਂ ਨੂੰ ਯੂਨੀਵਰਸਿਟੀ ਨੇ ਵਜ਼ੀਫ਼ੇ ਦੇ ਕੇ ਬੁਲਾਇਆ ਸੀ, ਵਜ਼ੀਫ਼ੇ ਉਹਨਾਂ ਬੰਦ ਕਰ ਦਿੱਤੇ ਸਨ। ਮੇਰੇ ਖ਼ਿਆਲ ਸਿਆਸਤ ਸੰਬੰਧੀ ਬਿਲਕੁਲ ਅਣ-ਬਣੇ ਤੇ ਮੈਂ ਸੁਭਾਵਕ ਅਮਨ-ਪਸੰਦ ਵਿਦਿਆਰਥੀ ਸਾਂ। ਜ਼ਿੰਦਗੀ ਨਾਲ ਸਿਰਫ਼ ਸਰਲ ਜਿਹਾ ਇਸ਼ਕ ਸੀ, ਮਿਹਰਬਾਨ ਤਬੀਅਤ ਵਾਲੇ ਲੋਕ ਚੰਗੇ ਲੱਗਦੇ ਸਨ। ਇੰਗਲਿਸਤਾਨ ਵਿਚ ਚੰਗੇ ਅੰਗਰੇਜ਼ਾਂ ਦੀਆਂ ਸਿਫ਼ਤਾਂ ਕਰਦਾ ਮੈਂ ਥੱਕਦਾ ਨਹੀਂ ਸਾਂ, ਪਰ ਮੈਥੋਂ ਵਧੇਰਾ ਕੁੱਝ ਜਾਣਨ ਵਾਲੇ ਹਿੰਦੁਸਤਾਨੀ ਸਾਥੀ ਮੈਨੂੰ ਟੋਕ ਦੇਂਦੇ ਸਨ, "ਛੱਡ ਪਰ੍ਹੇ- ਦੋ ਮੀਸਣੇ ਅੰਗਰੇਜ਼ਾਂ ਦੇ ਚੰਗੇ ਸਲੂਕ ਦੇ ਅਸਰ ਹੇਠ ਤੂੰ ਡਾਇਰਾਂ ਓਡਵਾਇਰਾਂ ਦੇ ਸਾਰੇ ਲਾਣੇ ਨੂੰ ਭੁੱਲ ਗਿਐਂ।"

ਪਰ ਹੁਣ ਮੈਨੂੰ ਅਹਿਸਾਸ ਹੋ ਗਿਆ ਕਿ ਜਿੰਨੀ ਕੁ ਸਿਆਸਤ ਦੀ ਉਸ ਉਮਰ ਵਿਚ ਮੈਨੂੰ ਸਮਝ ਹੋਣੀ ਚਾਹੀਦੀ ਸੀ, ਉਹਦੇ ਨਾਲੋਂ ਮੈਂ ਕੋਈ ਪੰਜ ਵਰ੍ਹੇ ਪਿੱਛੇ ਸਾਂ। ਏਸੇ ਲਈ ਤਾਰਕ ਨਾਥ ਦਾਸ ਵਰਗੇ ਉਸ ਵੇਲੇ ਦੇ ਸਿਆਸੀ ਸੂਝ ਰਖਣ ਵਾਲੇ ਅਮ੍ਰੀਕਾ ਵਿੱਚ ਰਹਿੰਦੇ ਹਿੰਦੁਸਤਾਨੀਆਂ ਨਾਲ ਮਿਲਣ ਗਿਲਣ ਦਾ ਮੈਂ ਕੋਈ ਯਤਨ ਨਾ ਕੀਤਾ। ਇੱਕ ਨਿੱਕੀ ਜਿਹੀ ਧੁਨ ਹੀ ਮੈਨੂੰ ਸੰਤੁਸ਼ਟ ਰੱਖਦੀ ਰਹੀ ਕਿ ਮੈਂ ਆਪਣੇ ਅਮ੍ਰੀਕੀ ਪ੍ਰੋਫ਼ੈਸਰਾਂ ਨੂੰ ਚੰਗਾ ਲੱਗਦਾ ਰਹਾਂ, ਤੇ ਜਿਨ੍ਹਾਂ ਅਮ੍ਰੀਕਨ ਘਰਾਂ ਵਿਚ ਰਹਿਣ ਦਾ ਮੌਕਾ ਮੈਨੂੰ ਮਿਲੇ ਉਨ੍ਹਾਂ ਦਾ ਪਿਆਰ ਮੈਂ ਜਿੱਤ ਸਕਾਂ, ਜਿਨ੍ਹਾਂ ਹੋਟਲਾਂ ਰੈਸਟੋਰੈਂਟਾਂ ਤੇ ਬੈਂਕਾਂ ਨਾਲ ਮੇਰਾ ਵਾਹ ਪਵੇ, ਉਹਨਾਂ ਨੂੰ ਆਪਣੀ ਪਿਆਰ-ਲੜੀ ਵਿਚ ਪ੍ਰੋ ਸਕਾਂ। ਇਹ ਲੜੀ ਮੈਂ ਚੋਖੀ ਲੰਮੀ ਕਰ ਵੀ ਸਕਿਆ। ਪਰ ਸਿਆਸਤ ਦੀ ਜੀਵਨ ਵਿੱਚ ਮਹੱਤਤਾ ਨੂੰ ਮੈਂ ਬਿਲਕੁਲ ਨਹੀਂ ਸੀ ਸਮਝਿਆ।

ਨੌਸ਼ਹਿਰੇ ਆਪਣੀ ਨੌਕਰੀ ਦੇ ਦੌਰਾਨ ਭਾਵੇਂ ਸਰਕਾਰੀ ਕੰਮ ਵੀ ਮੈਂ ਬੜਾ ਕੀਤਾ, ਪਰ ਰੇਲਵੇ ਦੀਆਂ ਸਹੂਲਤਾਂ ਤੇ ਆਪਣੀ ਸੁਭਾਵਕ ਮਰਯਾਦਾ ਕਰਕੇ ਪੜ੍ਹਣ ਲਈ ਮੈਂ ਕਾਫ਼ੀ ਸਮਾਂ ਕੱਢ ਲੈਂਦਾ ਸਾਂ। ਮੇਰੇ ਸਾਥੀ ਅਫ਼ਸਰ ਵਿਹਲ ਦੀ ਘਾਟ ਦੀ ਸ਼ਿਕਾਇਤ ਕਰਦੇ ਰਹਿੰਦੇ ਸਨ, ਪਰ ਆਪਣੀ ਜ਼ਿੰਦਗੀ ਦੀ ਸਾਧਾਰਨਤਾ ਕਰਕੇ ਮੈਨੂੰ ਇਹ ਸ਼ਿਕਾਇਤ ਨਹੀਂ ਸੀ; ਮੈਂ ਪਾਰਟੀਆਂ ਉਤੇ ਬਹੁਤਾ ਨਹੀਂ ਸਾਂ ਜਾਂਦਾ, ਤੇ ਨਾ ਪਾਰਟੀਆਂ ਦੇਂਦਾ ਸਾਂ, ਸਾਧਾਰਨ ਹੀ ਮੇਰੇ ਮਹਿਮਾਨ ਹੁੰਦੇ ਸਨ। ਮਹੀਨੇ ਵਿੱਚ ਤਿੰਨ ਕੁ ਹਫ਼ਤੇ ਮੈਂ ਦੌਰੇ ਉਤੇ ਰਹਿੰਦਾ ਸਾਂ। ਏਸ ਦੌਰੇ ਵਿਚ ਸੈਲੂਨ ਮਿਲੀ ਹੋਣ ਕਰਕੇ ਮੈਨੂੰ ਘਰ ਵਰਗੀਆਂ ਸਹੂਲਤਾਂ ਮਿਲ ਜਾਂਦੀਆਂ ਸਨ। ਦੌਰੇ ਦੀਆਂ ਰਾਤਾਂ ਵਿਚ ਜਦੋਂ ਮੇਰੀ ਸੈਲੂਨ ਕਿਸੇ ਨਿਵੇਕਲੀ ਬਗਲੀ ਪਟੜੀ ਉਤੇ ਲਾ ਦਿੱਤੀ ਜਾਂਦੀ ਸੀ, ਮੈਨੂੰ ਜਾਪਦਾ ਸੀ ਜਿਉਂ ਜ਼ਿੰਦਗੀ ਦੇ ਸ਼ੋਰ-ਭਰਪੂਰ ਸਾਗਰ ਵਿਚੋਂ ਚੁੱਕ ਕੇ ਜ਼ਿੰਦਗੀ ਦੇ ਕੰਢਿਆਂ ਉਤੇ ਜਾਗਦੇ ਸੁਪਨੇ ਵੇਖਣ ਲਈ ਮੈਨੂੰ ਮੌਕਾ ਦਿੱਤਾ ਗਿਆ ਸੀ।

ਏਸ ਸਮੇਂ ਦੇਸ ਵਿਚ ਵੀ ਕੋਈ ਇਨਕਲਾਬ ਪੱਕ ਰਿਹਾ ਸੀ। ਆਜ਼ਾਦੀ ਲਈ ਸਾਰੇ ਦੇਸ਼ ਵਿਚ ਬੜੀ ਵਿਆਕੁਲਤਾ ਸੀ। ਆਜ਼ਾਦੀ ਲਈ ਸਾਡੀ ਮੰਗ ਦੀ ਪੜਤਾਲ ਕਰਨ ਦੀ ਬਰਤਾਨਵੀ ਪਾਰਲੀਮੈਂਟ ਵੱਲੋਂ ਨਿਯੁਕਤ ਇੱਕ ਕਮਿਸ਼ਨ ਮੁਲਕ ਦਾ ਦੌਰਾ ਕਰ ਰਹੀ ਸੀ। **ਸਰ ਜਾਨ ਸਾਈਮਨ** ਇਸ ਕਮਿਸ਼ਨ ਦਾ ਮੁਖੀ ਸੀ। ਕਈ ਥਾਈਂ ਇਸ ਕਮਿਸ਼ਨ ਨੂੰ ਕਾਲੀਆਂ ਝੰਡੀਆਂ ਵਿਖਾਈਆਂ ਜਾ ਰਹੀਆਂ ਸਨ। ਸਾਈਮਨ ਕਮਿਸ਼ਨ ਦੀ ਉਚੇਚੀ ਰੇਲ-ਗੱਡੀ ਜਦੋਂ ਮੇਰੀ ਸਪੁਰਦਗੀ ਥੱਲੇ ਇਲਾਕੇ ਵਿਚੋਂ ਲੰਘੀ ਤਾਂ ਨੌਸ਼ਹਿਰੇ ਤੋਂ ਪਿਸ਼ਾਵਰ ਤਕ

# ਮੇਰੀ ਪ੍ਰੀਤ ਵਿਚ ਕੋਈ ਡੂੰਘੀ ਵਿਪਰੀਤ

ਮੈਨੂੰ ਉਨ੍ਹਾਂ ਦੇ ਨਾਲ ਜਾਣਾ ਪਿਆ । ਸਾਈਮਨ ਦੇ ਛੋਟੇ ਕੱਦ ਨੂੰ ਵੇਖ ਕੇ ਆਪਣੇ ਕੱਦ ਬਾਰੇ ਮੇਰੀ ਹਸਰਤ ਘਟ ਗਈ। ਏਸ ਛੋਟੇ-ਕੱਦ ਸਾਈਮਨ ਨੂੰ ਪਿਸ਼ਾਵਰ ਦੇ ਪਲੇਟਫ਼ਾਰਮ ਉਤੇ ਉੱਤਰ-ਪੱਛਮੀ ਸਰਹੱਦੀ ਪ੍ਰਾਂਤ ਦੇ ਗਵਰਨਰ ਦੀ ਪਤਨੀ ਨੇ ਵੀ ਗੋਡਾ ਟੇਕ ਕੇ ਅਭਿਵਾਦਨ ਕੀਤਾ ।

ਲਾਹੌਰ ਸਟੇਸ਼ਨ ਉਤੇ ਸਾਈਮਨ ਦੇ ਖਿਲਾਫ਼ ਮੁਜ਼ਾਹਰੇ ਵਿਚ ਲਾਲਾ ਲਾਜਪੱਤ ਰਾਏ ਜੀ ਨੇ ਭਾਗ ਲਿਆ ਸੀ, ਤੇ ਆਖਿਆ ਜਾ ਰਿਹਾ ਸੀ ਕਿ ਉਨ੍ਹਾਂ ਦਾ ਖਾਸ ਨਿਸ਼ਾਨਾ ਬਣਾ ਕੇ ਲਾਠੀ-ਚਾਰਜ ਕੀਤਾ ਸੀ। ਉਨ੍ਹਾਂ ਨੂੰ ਬੜੀਆਂ ਗੁੱਝੀਆਂ ਸੱਟਾਂ ਲਾਈਆਂ ਗਈਆਂ ਸਨ। ਮੁਲਕ ਭਰ ਵਿਚ ਬੜਾ ਰੋਸ ਤੜਪਿਆ ਸੀ, ਤੇ ਅਣਖੀ ਲਾਲਾ ਜੀ ਏਸ ਬੇ-ਲਿਹਾਜ਼ ਤਸ਼ੱਦਦ ਦੀ ਹੇਠੀ ਉਤੇ ਫ਼ਤਿਹ ਨਾ ਪਾ ਸਕੇ, ਉਨ੍ਹਾਂ ਦੀ ਮੌਤ ਨੇ ਸਾਰੇ ਮੁਲਕ ਦੀ ਆਤਮਾ ਨੂੰ ਝੰਜਲਾ ਦਿੱਤਾ।

ਭਗਤ ਸਿੰਘ ਅਤੇ ਉਹਦੇ ਸਾਥੀਆਂ ਨੇ ਅਸੰਬਲੀ ਵਿਚ ਤੇ ਯੂਨੀਵਰਸਿਟੀ ਦੇ ਸਨਦ-ਦੇਊ ਸਮਾਗਮ ਉਤੇ ਬੰਬ ਸੁੱਟੇ। ਬੇ-ਤਹਾਸ਼ਾ ਗਰਿਫ਼ਤਾਰੀਆਂ ਹੋਈਆਂ। ਪੁਲੀਸ ਕਪਤਾਨ ਸਕਾਟ ਦਾ ਇਨਕਲਾਬੀ ਪਾਰਟੀ ਹੱਥੋਂ ਕਤਲ ਹੋਇਆ। ਭਗਤ ਸਿੰਘ ਤੇ ਉਹਦੇ ਸਾਥੀਆਂ ਉਤੇ ਮੁਕੱਦਮਾ ਚਲਿਆ, ਭਗਤ ਸਿੰਘ ਦੇ ਅਦਾਲਤ ਵਿਚ ਬਿਆਨਾਂ ਨੇ ਭਾਰਤ ਦੀ ਜਵਾਨੀ ਨੂੰ ਵੰਗਾਰਿਆ। ਉਹਦੇ ਬਿਆਨਾਂ ਦੀ ਸਤਰ ਸਤਰ ਮੈਨੂੰ ਟੁੰਬਦੀ ਸੀ। ਤਸ਼ੱਦਦ ਦੇ ਖਿਲਾਫ਼ ਮੇਰੇ ਅੰਦਰ ਇੱਕ ਬੇ-ਮੇਚਿਆ ਤੇ ਬੇ-ਜਾਚਿਆ ਜਿਹਾ ਤਅੱਸਬ ਹੋਇਆ ਕਰਦਾ ਸੀ। ਮਰਨ ਵਾਲਾ ਭਾਵੇਂ ਜਲਾਦ ਹੀ ਹੋਵੇ, ਮੈਨੂੰ ਸੱਚਾ ਤੇ ਮਾਰਨ ਵਾਲਾ ਭਾਵੇਂ ਅਰਜਨ ਹੀ ਹੋਵੇ, ਮੈਨੂੰ ਝੂਠਾ ਦਿੱਸਿਆ ਕਰਦਾ ਸੀ। ਪਰ ਹੁਣ ਭਗਤ ਸਿੰਘ ਦੇ ਅਤਿ ਸੋਝੀ ਭਰੇ ਬਿਆਨਾਂ ਨੇ ਮੈਨੂੰ ਨਵੀਂ ਦਲੇਰੀ ਦਿੱਤੀ, ਨਵਾਂ ਤੋਲ ਦਿੱਤਾ। ਭਗਵਤ ਗੀਤਾ ਅਗੇ ਮੈਂ ਫ਼ਿਲਾਸਫ਼ੀ ਦੀ ਸਿਖਿਆ ਦੇ ਅਸਰ ਹੇਠ ਪੜ੍ਹੀ ਸੀ, ਉਦੋਂ ਉਸ ਦੇ ਅਧਿਆਤਮਕ ਭਾਗ ਨੇ ਹੀ ਮੈਨੂੰ ਪ੍ਰੇਰਿਆ ਸੀ, ਪਰ ਭਗਤ ਸਿੰਘ ਦੇ ਬਿਆਨਾਂ ਵਿੱਚੋਂ ਮੈਨੂੰ ਉਹਦੀ ਸਹੀ ਵਿਆਖਿਆ ਮਿਲੀ। ਗੀਤਾ ਨੂੰ ਮੈਂ ਫੇਰ ਪੜ੍ਹਿਆ। ਕ੍ਰਿਸ਼ਨ ਮਹਾਰਾਜ ਦੇ ਸ਼ਬਦਾਂ ਵਿਚ ਮੈਨੂੰ ਭਗਤ ਸਿੰਘ ਬੋਲਦਾ ਜਾਪਿਆ।

ਸਰਕਾਰੀ ਨੌਕਰੀ ਦੇ ਖਿਲਾਫ਼ ਮੇਰੇ ਅੰਦਰ ਇੱਕ ਕਸਕ ਜਿਹੀ ਉਠ ਖਲੋਤੀ। ਮੁਲਕ ਭਰ ਵਿਚ ਥਾਂ ਥਾਂ ਵਾਪਰ ਰਹੀਆਂ ਘਟਨਾਵਾਂ ਏਸ ਕਸਕ ਨੂੰ ਇੱਕ ਪ੍ਰਬਲ ਰੋਸ ਬਣਾਂਦੀਆਂ ਗਈਆਂ। ਪਿਸ਼ਾਵਰ ਵਿਚ ਪਠਾਣਾਂ ਨੇ ਵੀ ਸ਼ੋਰਸ਼ (ਬਗ਼ਾਵਤ-ਸੰ.) ਕੀਤੀ। ਉਹਨਾਂ ਉਤੇ ਬੜਾ ਤਸ਼ੱਦਦ ਹੋਇਆ, ਪਰ ਇੱਕ ਗੱਲ ਨੇ ਨਵਾਂ ਇਤਿਹਾਸ ਪੈਦਾ ਕਰ ਦਿੱਤਾ। ਪਠਾਣਾਂ ਦੀ ਤਾਕਤਵਰ ਲਹਿਰ ਨੂੰ ਕੁਚਲਣ ਲਈ ਬੁਲਾਈ ਗਈ ਗੋਰਖਾ ਫ਼ੌਜ ਦੇ ਇੱਕ ਭਾਗ ਨੇ ਉਹਨਾਂ ਉਤੇ ਗੋਲੀ ਚਲਾਉਣ ਤੋਂ ਇਨਕਾਰ ਕਰ ਦਿੱਤਾ। ਇਸ ਇਨਕਾਰੀ ਭਾਗ ਦੇ ਮੁਖੀ ਗੋਰਖੇ ਸਰਦਾਰ ਨੂੰ ਉਮਰ-ਕੈਦ ਹੋਈ, ਪਰ ਉਹ ਮੁਲਕ ਦਾ ਅਜ਼ੀਜ਼ ਬਣ ਗਿਆ।

ਕਿੰਨਾ ਹੀ ਸਮਾਂ ਭਗਤ ਸਿੰਘ ਤੇ ਉਹਦੇ ਸਾਥੀਆਂ ਉਤੇ ਮੁਕਦਮਾ ਚੱਲਦਾ ਰਿਹਾ। ਏਸ ਮੁਕੱਦਮੇ ਨੇ ਮੁਲਕ ਵਿਚ ਬੜੀ ਜਾਗਰਤੀ ਪੈਦਾ ਕੀਤੀ। ਆਜ਼ਾਦੀ ਦੀ ਤਹਿਰੀਕ ਨੂੰ ਬੜੀ ਤਾਕਤ ਦਿੱਤੀ। ਇਹਨਾਂ ਬੇ-ਮਿਸਾਲ ਨੌਜਵਾਨਾਂ ਨੂੰ ਬੇ-ਮਿਸਾਲ ਸਜ਼ਾਵਾਂ ਦੇਣ ਦੇ ਮਨਸੂਬੇ ਹਵਾ ਵਿਚ ਸਨ। ਗਾਂਧੀ ਜੀ ਨੂੰ ਮੁਲਕ ਭਰ ਵਿਚੋਂ ਅਪੀਲਾਂ ਪਹੁੰਚੀਆਂ । ਭਾਵੇਂ ਤਸ਼ੱਦਦ ਬਾਰੇ ਉਨ੍ਹਾਂ ਦੇ ਖ਼ਿਆਲ ਬੜੇ ਬੇ-ਲਚਕ ਸਨ, ਤਾਂ ਵੀ ਉਹ ਭਗਤ ਸਿੰਘ ਨੂੰ ਫਾਂਸੀ ਤੋਂ ਬਚਾਣ ਲਈ ਵਾਇਸਰਾਏ ਉਤੇ ਜ਼ੋਰ ਪਾਂਦੇ ਰਹੇ। ਇਹ ਉਮੈਦ ਆਮ ਹੋ ਗਈ ਸੀ ਕਿ ਵਾਇਸਰਾਏ ਨੇ ਅੰਦਰੋ-ਅੰਦਰ ਗਾਂਧੀ ਜੀ ਨੂੰ ਇਕਰਾਰ ਦੇ ਦਿੱਤਾ ਸੀ।

ਸਰਕਾਰੀ ਨੌਕਰੀ ਦੇ ਖਿਲਾਫ਼ ਮੇਰੀ ਅਸੰਤੁਸ਼ਟਤਾ ਵਧਦੀ ਗਈ। ਨੌਸ਼ਹਿਰੇ ਦੇ ਨੇੜੇ ਕਾਬਲ ਦਰਿਆ ਦੇ ਕੰਢੇ ਪੀਰ ਸਬਾਕ ਪਿੰਡ ਵਿਚ ਅਕਾਲੀ ਫੂਲਾ ਸਿੰਘ ਦੀ ਸਮਾਧ ਸੀ। ਕਿਸੇ ਨਾ ਕਿਸੇ ਸਮਾਗਮ ਉਤੇ ਓਥੇ ਜਾਣ ਲਈ ਮੈਨੂੰ ਸੱਦਿਆ ਜਾਂਦਾ ਸੀ। ਇਸ ਸਮਾਧ ਦੇ ਨਾਲ ਕਈ ਸੌ ਘੁਮਾਵਾਂ ਜਗੀਰ ਸੀ। ਬੜੇ ਗਰੀਬ ਜਿਹੇ ਪੰਜਾਬੀ ਸਿੱਖ ਓਥੇ ਆਬਾਦ ਸਨ। ਮੇਰੇ ਜੀਅ ਵਿਚ ਆਇਆ ਕਰਦਾ ਸੀ ਕਿ ਜੇ ਏਨੀ ਜ਼ਮੀਨ ਨੂੰ ਚੰਗੀ ਤਰ੍ਹਾਂ ਕਾਸ਼ਤ ਕੀਤਾ ਜਾਏ, ਤੇ ਓਥੇ ਇੱਕ ਸੋਹਣਾ ਗੁਰਦੁਆਰਾ ਬਣਾਇਆ ਜਾਏ ਤਾਂ ਓਥੇ ਇੱਕ ਖੁਸ਼ਹਾਲ ਬਰਾਦਰੀ ਵਸ ਸਕਦੀ ਹੈ।

ਓਹਨੀਂ ਹੀ ਦਿਨੀਂ, ਇੱਕ ਗੁਜਰਾਤੀ ਇੰਜੀਨੀਅਰ ਅਮਰੀਕਨ ਟਰੈਕਟਰ "ਜਾਨ ਡੀਅਰ" ਦਾ ਵਖਾਲਾ ਦੇਣ ਲਈ ਆਏ। ਇਹ ਵਖਾਲਾ ਮੇਰੇ ਇਲਾਕੇ ਮਰਦਾਨ ਵਿਚ ਹੋਇਆ।

ਉਥੋਂ ਦੇ ਨਹਿਰ ਮਹਿਕਮੇ ਦੇ ਅੰਗਰੇਜ਼ ਕਾਰਜ ਸਾਧਕ ਇੰਜੀਨੀਅਰ ਮੇਰੇ ਦੋਸਤ ਸਨ। ਉਨ੍ਹਾਂ ਨੇ ਮੈਨੂੰ ਟਰੈਕਟਰ ਦੀ ਨੁਮਾਇਸ਼ ਉਤੇ ਸੱਦਿਆ, ਮੈਂ ਬੜਾ ਪ੍ਰਭਾਵਤ ਹੋਇਆ। ਉਨ੍ਹਾਂ ਮੈਨੂੰ ਆਖਿਆ ਕਿ ਤਜਰਬੇ ਲਈ ਮੈਂ ਅਕਾਲੀ ਫੂਲਾ ਸਿੰਘ ਦੀ ਸਮਾਧ ਦੀ ਪ੍ਰਬੰਧਕ ਕਮੇਟੀ ਕੋਲੋਂ ਇੱਕ ਸੌ ਏਕੜ ਜ਼ਮੀਨ ਲੈ ਲਵਾਂ ਤਾਂ ਉਹਦੇ ਲਈ ਉਹ ਮੈਨੂੰ ਪਾਣੀ ਦਾ ਵਖਰਾ ਮੋਘਾ ਲਾ ਦੇਣਗੇ।

ਇਹ ਤਜਵੀਜ਼ ਮੇਰੇ ਦਿਮਾਗ ਵਿਚ ਘੁੰਮਣ ਲੱਗ ਪਈ। ਦੋ ਮਹੀਨੇ ਦੀ ਛੁੱਟੀ ਲਈ ਮੈਂ ਅਰਜ਼ੀ ਦੇ ਦਿੱਤੀ। "ਜਾਨ ਡੀਅਰ" ਟਰੈਕਟਰ ਲਈ ਆਰਡਰ ਦੇ ਦਿੱਤਾ, ਸਮਾਧ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਜਗਤ ਸਿੰਘ ਮੇਰੇ ਦੋਸਤ ਸਨ। ਜਿੰਨੀ ਜ਼ਮੀਨ ਮੈਂ ਚਾਹੀ ਓਨੀ ਦੇਣ ਦਾ ਮਤਾ ਉਨ੍ਹਾਂ ਪਾਸ ਕਰਵਾ ਲਿਆ। ਮੇਰੀ ਛੁੱਟੀ ਵੀ ਮਨਜ਼ੂਰ ਹੋ ਗਈ, ਤੇ ਮੈਂ ਇੰਜੀਨੀਅਰ ਤੋਂ ਕਿਸਾਨ ਬਣ ਗਿਆ।

ਏਸੇ ਸਮੇਂ ਵਿਚ ਇੱਕ ਜਜ਼ਬਾਤੀ ਘਟਨਾ ਵੀ ਮੇਰੇ ਨਾਲ ਵਾਪਰੀ। ਆਪਣੇ ਆਪ ਵਿਚ ਇਹ ਘਟਨਾ ਕੋਈ ਅਨੋਖੀ ਨਹੀਂ ਸੀ, ਪਰ ਇਹਦਾ ਸਿੱਟਾ ਇਨਕਲਾਬ ਜੇਡਾ ਵੱਡਾ ਸਾਬਤ ਹੋਇਆ। ਏਸ ਨੇ ਮੈਨੂੰ ਕਿਸਾਨ ਵੀ ਨਾ ਰਹਿਣ ਦਿੱਤਾ, ਲਿਖਾਰੀ ਬਣਾ ਦਿੱਤਾ। ਅਮ੍ਰੀਕਾ ਵਿਚ ਦੋ ਨਾਟਕ "ਰਾਜ-ਕੁਮਾਰੀ ਲਤਿਕਾ" ਤੇ "ਪ੍ਰੀਤ-ਮੁਕਟ", ਇੱਕ ਕਹਾਣੀ "ਭੁੱਖੀ ਆਤਮਾ" ਤੇ ਇੱਕ ਲੇਖ "ਮੇਰੀ ਦਾਦੀ" ਮੈਂ 1922 ਵਿਚ ਮਿਸਿਜ਼

# ਗੁਰਬਖ਼ਸ਼ ਸਿੰਘ

ਮੈਕਾਟਰੀ ਦੀ ਪ੍ਰੇਰਨਾ ਹੇਠ ਲਿਖੇ ਸਨ। ਪਰ ਅਮ੍ਰੀਕਾ ਤੋਂ ਆ ਕੇ ਪਹਿਲਾਂ ਤਾਂ ਪੂਰਾ ਵਰ੍ਹਾ ਮੈਂ ਨੌਕਰੀ ਦੀ ਤਲਾਸ਼ ਵਿਚ ਭਟਕਦਾ ਰਿਹਾ ਸਾਂ, ਜਿਸ ਕਰਕੇ ਮੇਰੀਆਂ ਜਜ਼ਬਾਤੀ ਮੰਗਾਂ ਚੁੱਪ ਰਹੀਆਂ। ਫੇਰ ਬੰਬਈ ਦੇ ਇਲਾਕੇ ਵਿਚ ਬੜੀ ਮਿਹਨਤ ਮੰਗਣ ਵਾਲੀ ਇੱਕ ਇੰਜੀਨੀਅਰੀ ਪ੍ਰਯੋਜਨਾ ਉਤੇ ਲੱਗਣ ਕਰਕੇ ਜ਼ਿੰਦਗੀ ਸੰਗਰਾਮ ਜਿਹਾ ਬਣੀ ਰਹੀ ਤੇ ਜਜ਼ਬਿਆਂ ਵਿਚ ਕੋਈ ਉਭਾਰ ਨਾ ਆਇਆ। ਬੰਬਈ ਤੋਂ ਬਦਲੀ ਬਲੋਚਿਸਤਾਨ ਦੇ ਰੁਖੇ ਪਹਾੜਾਂ ਵਿਚ ਹੋ ਗਈ, ਓਥੇ ਵੀ ਜਜ਼ਬਿਆਂ ਵਿਚੋਂ ਕੋਈ ਹਰੀ ਕਰੂੰਬਲ ਨਾ ਫੁਟੀ। ਇਹ ਖਿਆਲ ਤਕ ਆਉਣਾ ਵੀ ਹਟ ਗਿਆ ਸੀ ਕਿ ਲਿਖਾਰੀ ਹੋਣ ਦੀ ਸੰਭਾਵਨਾ ਮੇਰੇ ਅੰਦਰ ਹੈ।

ਪਰ ਪਿਸ਼ਾਵਰ ਵਾਲਾ ਪਾਸਾ ਜ਼ਿੰਦਗੀ ਨਾਲ ਭਰਪੂਰ ਸੀ। ਏਥੇ ਮੈਨੂੰ ਆਰਾਮ ਵੀ ਮਿਲਿਆ, ਤੇ ਵਿਹਲ ਵੀ ਮਿਲੀ। ਮੇਰਾ ਬੰਗਲਾ ਨੌਸ਼ਹਿਰੇ ਵਿਚ ਸਾਰੇ ਬੰਗਲਿਆਂ ਨਾਲੋਂ ਵੱਡਾ ਤੇ ਸੋਹਣਾ ਸੀ। ਇਹਦੇ ਦੁਆਲੇ ਕੋਈ ਦੋ ਘੁਮਾਵਾਂ ਵਿਚ ਬਾਗ ਲੱਗਾ ਹੋਇਆ ਸੀ। ਦੋ ਸਰਕਾਰੀ ਮਾਲੀ ਵੀ ਲੱਗੇ ਰਹਿੰਦੇ ਸਨ। ਇੱਕ ਪੱਕਾ ਸੀਮਿੰਟ ਦਾ ਟੈਨਿਸ ਦਾ ਖੇਡ-ਮੈਦਾਨ ਸੀ, ਦੋ ਫੁਹਾਰੇ ਸਨ, ਹਰ ਕਿਸਮ ਦੇ ਫਲਦਾਰ ਬੂਟਿਆਂ ਤੇ ਫੁੱਲਾਂ ਨੇ ਏਸ ਬੰਗਲੇ ਨੂੰ ਨੌਸ਼ਹਿਰੇ ਦੀ ਨੁਮਾਇਸ਼ ਬਣਾਇਆ ਹੋਇਆ ਸੀ। ਫ਼ੌਜੀ ਛਾਉਣੀ ਹੋਣ ਕਰਕੇ ਫ਼ੌਜੀ ਕਮਾਨ ਅਫ਼ਸਰ ਨੇ ਰੇਲਵੇ ਨੂੰ ਮਜਬੂਰ ਕੀਤਾ ਸੀ ਕਿ ਇਸ ਬਾਗ ਨੂੰ ਰਾਤੀਂ ਰੌਸ਼ਨ ਰੱਖਿਆ ਜਾਏ, ਮਤੇ ਕੋਈ ਦੁਸ਼ਮਣ ਏਥੇ ਲੁਕ ਸਕੇ। ਇਸ ਲਈ ਛੇ ਵੱਡੀਆ ਬੱਤੀਆਂ ਸਰਕਾਰੀ ਖਰਚ ਉਤੇ ਸਾਰੀ ਰਾਤ ਏਸ ਬਾਗ ਨੂੰ ਜਗ-ਮਗ ਕਰੀ ਰੱਖਦੀਆਂ ਸਨ। ਇੱਕ ਬੰਦੂਕ ਵਾਲਾ ਚੌਕੀਦਾਰ ਸਾਰੀ ਰਾਤ ਰੌਂਦ ਕਰਦਾ ਰਹਿੰਦਾ ਸੀ।

ਇਹ ਉਪ-ਖੰਡ ਰੇਲਵੇ ਦੇ ਚਹੇਤੇ ਅੰਗਰੇਜ਼ ਅਫ਼ਸਰਾਂ ਦਾ ਇਨਾਮੀ ਉਪ-ਖੰਡ ਗਿਣਿਆ ਜਾਂਦਾ ਸੀ, ਪਤਾ ਨਹੀਂ ਇਹ ਕਿਵੇਂ ਮੇਰੇ ਹਿੱਸੇ ਆ ਗਿਆ! ਮੇਰੇ ਗੁਆਂਢੀ ਕਪਤਾਨ ਸਿਕੰਦਰ ਮਿਰਜ਼ਾ ਸਨ, ਜਿਹੜੇ ਫੇਰ ਪਾਕਿਸਤਾਨ ਦੇ ਪ੍ਰਧਾਨ ਬਣੇ। ਉਦੋਂ ਇਹ ਸਹਾਇਕ ਕਮਿਸ਼ਨਰ ਹੁੰਦੇ ਸਨ। ਮੇਰੇ ਗੁਆਂਢੀ ਵੱਡੇ ਵੱਡੇ ਅਫ਼ਸਰਾਂ ਨੇ ਕਈ ਵਾਰੀ ਰੇਲਵੇ ਦੇ ਬੰਗਲੇ ਦਾ ਰਸ਼ਕ ਕੀਤਾ ਸੀ। ਫੁੱਲਾਂ ਨਾਲ ਮੇਰੇ ਇਸ਼ਕ ਤੇ ਸਾਡੇ ਰਸਿਕ ਮਾਲੀ ਦੀ ਸੁਚੱਜਤਾ ਨੇ ਬਾਗ ਵਿਚ ਕਈ ਹੋਰ ਵਾਧੇ ਵੀ ਕੀਤੇ। ਸਾਡੀ ਗੁਲਦੌਦੀ ਦੇ ਫੁੱਲ ਸਾਰੀ ਛਾਉਣੀ ਵਿਚ ਵੇਖਣ ਯੋਗ ਗਿਣੇ ਜਾਂਦੇ ਸਨ। ਓਡੇ ਵੱਡੇ ਤੇ ਓਡੇ ਸੋਹਣੇ ਫੁੱਲ ਨਾ ਫੇਰ ਮੈਂ ਪੈਦਾ ਕਰ ਸਕਿਆ ਹਾਂ, ਤੇ ਨਾ ਕਿਸੇ ਨੁਮਾਇਸ਼ ਵਿਚ ਹੀ ਮੈਂ ਵੇਖੇ ਹਨ। ਮੇਰੀ ਕੌਮੀ ਅਣਖ ਮੈਨੂੰ ਟੁੰਬਦੀ ਸੀ, ਮਤੇ ਕੋਈ ਆਖੇ ਹਿੰਦੁਸਤਾਨੀ ਅਫ਼ਸਰ ਬਾਗ ਦੀ ਸ਼ਾਨ ਅੰਗਰੇਜ਼ ਅਫ਼ਸਰਾਂ ਵਰਗੀ ਨਹੀਂ ਰਖ ਸਕਿਆ। ਮੈਨੂੰ ਅਨੋਖੀ ਕਿਸਮ ਦੀ ਖੁਸ਼ੀ ਹੁੰਦੀ ਜਦੋਂ ਮੇਰੇ ਮੁਖੀ ਇੰਜੀਨੀਅਰ ਦੀ ਪਤਨੀ ਨੌਸ਼ਹਿਰਿਓਂ ਲੰਘਦੀ, ਮੇਰਾ ਬਾਗ ਵੇਖਣ ਆਉਂਦੀ, ਤੇ ਮੇਰੇ ਦਿੱਤੇ ਫੁੱਲਾਂ ਦੀ ਪ੍ਰਸ਼ੰਸਾ ਕਰਦੀ।

ਅਗੇ ਸਿਵਾਏ ਹਿੰਦੁਸਤਾਨੀ ਨੌਕਰਾਂ ਤੇ ਠੇਕੇਦਾਰਾਂ ਦੇ ਘਟ ਹੀ ਕਿਸੇ ਹਿੰਦੁਸਤਾਨੀ ਨੇ ਓਸ ਬਾਗ ਵਿਚ ਪੈਰ ਪਾਏ ਹੋਣਗੇ। ਹੁਣ ਇਹਦੀ ਸ਼ੋਭਾ ਨੇ ਕਈ ਹਿੰਦੁਸਤਾਨੀ ਮਿੱਤਰ ਮੇਰੇ ਘਰ ਲਿਆਂਦੇ। ਖ਼ਾਸ ਕਰ ਸਿੱਖ ਬਰਾਦਰੀ ਨੂੰ ਮਾਣ ਜਿਹਾ ਜਾਪਦਾ ਸੀ ਕਿ ਮੇਜਰ ਵੈਗਨਹਾਰਨ ਦੀ ਥਾਂ ਰੇਲਵੇ ਦੇ ਸ਼ੁਹਰਤੀ ਬੰਗਲੇ ਵਿਚ ਹੁਣ ਇੱਕ ਸਿੱਖ ਅਫ਼ਸਰ ਰਹਿੰਦਾ ਹੈ।

ਏਸ ਬੰਗਲੇ ਤੇ ਇਹਦੇ ਬਾਗ਼ ਦਾ ਜ਼ਿਕਰ ਕੁਝ ਵਧੇਰੇ ਵਿਸਥਾਰ ਨਾਲ ਮੈਂ ਏਸ ਲਈ ਕੀਤਾ ਹੈ ਕਿ ਇਹਨਾਂ ਨਾਲ ਉਸ ਘਟਨਾ ਦਾ ਸੰਬੰਧ ਹੈ ਜਿਸ ਨੇ ਅਮ੍ਰੀਕਾ ਤੋਂ ਮੇਰੀ ਵਾਪਸੀ ਦੇ ਬਾਅਦ ਮੈਥੋਂ ਪਹਿਲੀ ਕਹਾਣੀ "ਉਮਾ ਤੇ ਉਹਦਾ ਮਾਲੀ" ਲਿਖਵਾਈ।

ਨੌਸ਼ਹਿਰੇ ਵਿਚ ਇੱਕ ਤਾਂ ਮੈਨੂੰ ਲੋੜੀਂਦਾ ਆਰਾਮ ਮਿਲਿਆ, ਦੂਜੇ ਮੇਰੇ ਬਾਗ਼ ਦੀ ਚੁੜਿੱਤਣ, ਮਹਿਕ ਤੇ ਫੁੱਲਾਂ ਦੀ ਰੇਸ਼ਮੀ ਸੁੰਦਰਤਾ ਵਿਚ ਉਚੇ ਲੰਮੇ ਬ੍ਰਿਛਾਂ ਦੀਆਂ ਸੰਘਣੀਆਂ ਸਾਵੀਆਂ ਟਹਿਣੀਆਂ ਉਤੇ ਪੰਛੀਆਂ ਦੀ ਰਾਗਣੀ ਵਿਚ ਕੋਈ ਨਸ਼ੀਲਾ ਲਾਡ ਸੀ। ਸੁੱਤੀਆਂ ਰੀਝਾਂ ਨੇ ਅੰਗੜਾਈ ਲਈ। ਪਿਛਲੇ ਤਿੰਨਾਂ ਸਾਲਾਂ ਤੋਂ ਮੈਂ ਏਸ ਤਰ੍ਹਾਂ ਰਹਿ ਰਿਹਾ ਸਾਂ, ਜਿਵੇਂ ਆਪਣੀ ਪ੍ਰੀਤ-ਭੁੱਖ ਨਾਲ ਮੈਂ ਕੋਈ ਸਮਝੌਤਾ ਕਰ ਲਿਆ ਸੀ।

ਕਦੇ ਕਦੇ ਮੇਰੇ ਅੰਗਰੇਜ਼ ਮੁਖੀ ਇੰਜੀਨੀਅਰ ਦੀ ਦੂਜੇ ਵਿਆਹੋਂ ਜਵਾਨ ਪਤਨੀ ਮੇਰੀ ਪਤਨੀ ਨੂੰ ਇਹ ਕਹਿ ਕੇ ਮੇਰੀਆਂ ਸੁੱਤੀਆਂ ਕਲਾਂ ਜਗਾ ਦੇਂਦੀ ਸੀ, "ਸੱਚ ਦੱਸਾਂ, ਤੇਰਾ ਪਤੀ ਇਸਤਰੀ ਦਾ ਆਦਮੀ ਹੈ- ਜਿਸ ਤਰ੍ਹਾਂ ਦਾ ਕੋਮਲ ਧਿਆਨ ਇਹ ਇਸਤਰੀ ਨੂੰ ਦੇਂਦਾ ਹੈ, ਇਸਤਰੀ ਦਾ ਦਿਲ ਕੁਝ ਵਧੇਰੇ ਧੜਕਣੋਂ ਰਹਿ ਨਹੀਂ ਸਕਦਾ।"

ਸਾਨੂੰ ਮਿਲਣ ਆਉਣ ਵਾਲਿਆਂ ਵਿਚ ਇਕ ਸੱਜਣ ਤੇ ਸੱਜਣੀ ਨੂੰ ਸਾਡੇ ਉਥੇ ਆਉਣ ਦਾ ਚਾਅ ਕੁਝ ਖਾਸ ਸੀ। ਇਹ ਸੱਜਣ ਸਾਹਿਤ ਦੇ ਪ੍ਰੇਮੀ ਸਨ ਤੇ ਸੱਜਣੀ ਦੇ ਮੂੰਹ ਉਤੇ ਆਮ ਭਾਰਤੀ ਇਸਤਰੀਆਂ ਨਾਲੋਂ ਵਧੇਰੇ ਸੁਤੰਤਰਤਾ, ਖੇੜਾ ਤੇ ਮੁਸਕਾਨਾਂ ਸਨ। ਏਸ ਜੋੜੇ ਨੂੰ ਇੱਕ ਦਿਨ ਅਸੀਂ ਪਤੀ-ਪਤਨੀ ਆਪਣਾ ਬਾਗ਼ ਵਿਖਾ ਰਹੇ ਸਾਂ। ਮੇਰਾ ਵਤੀਰਾ ਏਸ ਸੱਜਣੀ ਨਾਲ ਓਡਾ ਨਿੱਘਾ ਭਾਵੇਂ ਨਹੀਂ ਸੀ ਜੇਡਾ ਮੁਖੀ ਇੰਜੀਨੀਅਰ ਦੀ ਪਤਨੀ ਨਾਲ ਹੋਇਆ ਕਰਦਾ ਸੀ, ਤਾਂ ਵੀ ਉਹਦੇ ਉਤੇ ਪ੍ਰਤੱਖ ਅਸਰ ਪੈਂਦਾ ਮੈਨੂੰ ਜਾਪ ਰਿਹਾ ਸੀ। ਗੁਲਾਬ ਦੇ ਇੱਕ ਫੁੱਲ ਦੀ ਉਸ ਨੇ ਬੜੀ ਪ੍ਰਸ਼ੰਸਾ ਕੀਤੀ, ਝਟ ਮਾਲੀ ਕੋਲੋਂ ਚਾਕੂ ਮੰਗ ਕੇ ਆਪਣੀ ਹੱਥੀਂ ਕਟ ਕੇ ਮੈਂ ਉਹਨੂੰ ਫੜਾ ਦਿੱਤਾ, ਧੜਕਦੀ ਖੁਸ਼ੀ ਨਾਲ ਤੱਕ ਕੇ ਉਸ ਮੇਰਾ ਧੰਨਵਾਦ ਕੀਤਾ।

ਏਸ ਜੋੜੇ ਦਾ ਸਾਡੇ ਘਰ ਆਉਣ ਜਾਣ ਵਧਦਾ ਗਿਆ ਤੇ ਮੈਂ ਆਪਣੀ ਪ੍ਰੀਤ-ਰੌ, ਕਈ ਸੋਚਾਂ ਦੇ ਅਧੀਨ ਰੋਕੀ ਰੱਖ ਰਿਹਾ ਸਾਂ। ਮੇਰੀ ਪਤਨੀ ਦੀ ਜ਼ਿੰਦਗੀ ਦਾ ਇਹ ਅਤਿ ਖੁਸ਼ ਸਮਾਂ ਸੀ। ਉਹਦੇ ਕੋਲ ਦੋ ਬੱਚੇ ਸਨ ਜਿਨ੍ਹਾਂ ਨੂੰ ਉਹ ਬੜੀ ਸਿਆਣੀ ਤਰ੍ਹਾਂ ਪਾਲ ਰਹੀ ਸੀ। ਉਹਦੀ ਰਹਿਣੀ ਦੀ ਆਲੇ-ਦੁਆਲੇ ਵਿਚ ਚੰਗੀ ਚਰਚਾ ਸੀ। ਉਹ ਦੌਰੇ ਉਤੇ ਵੀ ਬਹੁਤੀ ਵਾਰੀ ਮੇਰੇ ਨਾਲ ਚਲੀ ਜਾਂਦੀ ਸੀ। ਉਹਦੀ ਸੰਤੁਸ਼ਟਤਾ ਨੂੰ ਮੈਂ ਆਪਣੀ ਕਿਰਤ ਸਮਝ ਕੇ

# ਮੇਰੀ ਪ੍ਰੀਤ ਵਿਚ ਕੋਈ ਡੂੰਘੀ ਵਿਪਰੀਤ

-1927-31

ਤਸੱਲੀ ਮਹਿਸੂਸ ਕਰ ਰਿਹਾ ਸਾਂ। ਮੈਥੋਂ ਭੁੱਲਾ ਨਹੀਂ ਸੀ ਕਿ ਪ੍ਰੀਤ ਦਾ ਰਾਹ ਏਡਾ ਪਧਰਾ ਨਹੀਂ ਹੁੰਦਾ। ਏਸ ਲਈ ਓਸ ਸੱਜਣੀ ਨਾਲ ਮੈਂ ਉਚੇਚਾ ਸੰਕੋਚ ਵਰਤ ਰਿਹਾ ਸਾਂ। ਪਰ ਇਹ ਸੰਕੋਚ ਉਹਦੇ ਵਿਚ ਨਵੀਂ ਜਾਗੀ ਪ੍ਰੀਤ ਨੂੰ ਸਗੋਂ ਵੰਗਾਰ ਰਿਹਾ ਸੀ। ਉਸ ਨੇ ਪਹਿਲਾ ਧਿਆਨ ਮੇਰੀ ਪਤਨੀ ਨੂੰ ਦੇ ਕੇ ਉਹਦਾ ਸਰਲ ਜਿਹਾ ਦਿਲ ਜਿੱਤ ਲਿਆ, ਤੇ ਸਾਡੇ ਘਰ ਵਿਚ ਥੋੜੇ ਸਮੇਂ ਅੰਦਰ ਬੜੀ ਚੰਗੀ ਥਾਂ ਬਣਾ ਲਈ।

ਇੱਕ ਸ਼ਾਮ, ਖਾਣੇ ਦੇ ਬਾਅਦ ਅਸੀਂ ਇਸ ਜੋੜੀ ਨਾਲ ਆਪਣੇ ਗੋਲ-ਕਮਰੇ ਵਿਚ ਬੈਠੇ ਸਾਂ। ਪਰਾਹੁਣਾ ਸੱਜਣ ਇੱਕ ਕਿਤਾਬ ਵਿਚੋਂ ਤਸਵੀਰਾਂ ਵੇਖ ਰਿਹਾ ਸੀ, ਤੇ ਉਹਦੀ ਪਤਨੀ ਮੇਰੀ ਪਤਨੀ ਨਾਲ ਬੜੇ ਲਾਡ ਦੀਆਂ ਗੱਲਾਂ ਕਰਦੀ ਕਰਦੀ, ਮੁਸਕਰਾ ਕੇ ਅਗਲੇ ਐਤਵਾਰ ਸਾਨੂੰ ਖਾਣੇ ਉਤੇ ਬੁਲਾ ਰਹੀ, ਤੇ ਦੱਸ ਰਹੀ ਸੀ ਕਿ ਉਹ ਉਸ ਦਿਨ ਕਿਸੇ ਹੋਰ ਨੂੰ ਨਹੀਂ ਬੁਲਾਏਗੀ, ਤੇ ਸਾਰਾ ਦਿਨ ਆਹ ਕਰੇਗੀ, ਔਹ ਖੇਡੇਗੀ, ਆਹ ਗਾਏਗੀ। ਪਰ ਮੈਂ ਐਵੇਂ ਉਹਦੇ ਚਾਅ ਨੂੰ ਹੋਰ ਚੂੰਢੀ ਵੱਢਣ ਲਈ ਆਖ ਦਿੱਤਾ ਕਿ ਫ਼ਲਾਣੇ ਕੰਮ ਕਰਕੇ ਮੈਂ ਅਗਲੇ ਐਤਵਾਰ ਨਹੀਂ ਆ ਸਕਾਂਗਾ।

ਉਸ ਨੇ ਅਨੋਖੇ ਦਾਅਵੇ ਦੇ ਅੰਦਾਜ਼ ਵਿਚ ਵੰਗਾਰ ਕੇ ਆਖਿਆ, "ਕੀ ਸੱਚੀਂ ਮੁੱਚੀਂ ਤੁਸੀਂ ਨਹੀਂ ਆਵੋਗੇ?"

"ਨਹੀਂ, ਮੈਂ ਨਹੀਂ ਆ ਸਕਾਂਗਾ," ਉਸੇ ਤਰ੍ਹਾਂ ਛੇੜਖਾਨੀ ਕਾਇਮ ਰਖਣ ਲਈ ਮੈਂ ਆਖ ਦਿੱਤਾ। ਪਰ "ਨਹੀਂ" ਦੇ ਲਫ਼ਜ਼ ਮੇਰੇ ਮੂੰਹੋਂ ਨਿਕਲਣ ਦੀ ਢਿੱਲ ਸੀ ਕਿ ਉਹ ਬੇ-ਵਸੀਆਂ ਭੁੱਬਾਂ ਮਾਰ ਕੇ ਏਡੀ ਉੱਚੀ ਰੋਣ ਲੱਗ ਪਈ ਕਿ ਬਾਹਰੋਂ ਚੌਕੀਦਾਰ ਦੌੜਿਆ ਅੰਦਰ ਆ ਗਿਆ। ਉਹਨੂੰ ਮੈਂ ਇਸ਼ਾਰੇ ਨਾਲ ਬਾਹਰ ਤੋਰ ਦਿੱਤਾ, ਤੇ ਆਪ ਸ਼ਰਮਿੰਦਾ ਹੋਇਆ ਖੜੋਤਾ ਰਿਹਾ।

ਮੇਰੀ ਪਤਨੀ ਨੇ ਸੱਜਣੀ ਨੂੰ ਗਲ ਨਾਲ ਲਾ ਲਿਆ ਤੇ ਮੈਨੂੰ ਝਿੜਕ ਕੇ ਆਖਿਆ, "ਖੜੋਤੇ ਪਏ ਤੱਕ ਰਹੇ ਹੋ, ਕੁਝ ਕਹਿੰਦੇ ਕਿਉਂ ਨਹੀਂ?"

ਮੈਨੂੰ ਪਤਾ ਸੀ , ਮੇਰੇ ਕਹਿਣ ਦਾ ਕੁਝ ਅਸਰ ਨਹੀਂ ਹੋਣਾ, ਅਸਰ ਤਾਂ ਹੁੰਦਾ ਜੇ ਮੈਂ ਉਹੀ ਕੁਝ ਕਰਦਾ ਜੋ ਮੇਰੀ ਪਤਨੀ ਉਹਦੇ ਨਾਲ ਕਰ ਰਹੀ ਸੀ। ਉਹਦਾ ਸਿਰ ਉਸ ਨੇ ਹਿੱਕ ਨਾਲ ਲਾਇਆ ਹੋਇਆ ਸੀ। ਮੇਰਾ ਇਉਂ ਕਰਨਾ ਉਹਦੇ ਅੱਥਰੂ ਤਾਂ ਫ਼ੌਰਨ ਠੱਲ੍ਹ ਲੈਂਦਾ, ਪਰ ਡਰ ਓਦੂੰ ਵਡੇਰੀ ਕਿਸੇ ਗੁੰਝਲ ਦੇ ਪੈ ਜਾਣ ਦਾ ਸੀ। ਉਸ ਰਾਤ ਉਹਦਾ ਪਤੀ ਤਾਂ ਆਪਣੇ ਘਰ ਚਲਾ ਗਿਆ, ਪਰ ਉਹ ਸਾਡੇ ਘਰ ਮੇਰੀ ਪਤਨੀ ਕੋਲ ਸੁੱਤੀ। ਦੂਜੀ ਸਵੇਰ ਅਸੀਂ ਦੋਵੇਂ ਉਹਨੂੰ ਉਹਦੇ ਘਰ ਛੱਡ ਕੇ ਆਏ।

ਉਸੇ ਸ਼ਾਮ ਉਹਦੇ ਪਤੀ ਨੇ ਇੱਕ ਲੰਮਾ ਪੱਤਰ ਮੈਨੂੰ ਘੱਲਿਆ ਜਿਦ੍ਹਾ ਨਚੋੜ ਇਹ ਸੀ, "ਮੇਰਾ ਖ਼ਿਆਲ ਸੀ ਕਿ ਇਹ ਆਪਣੇ ਘਰ ਵਿਚ ਸੰਤੁਸ਼ਟ ਹੈ, ਇਹ ਹਮੇਸ਼ਾ ਮੈਨੂੰ ਚੜ੍ਹਦੀ ਕਲਾ ਵਿਚ ਦਿਸਦੀ ਰਹੀ ਹੈ- ਪਰ ਰਾਤ ਵਾਲੀ ਘਟਨਾ ਤੋਂ ਮੈਂ ਜਾਂਚਿਆ ਹੈ, ਕਿ ਉਹਦੀ ਆਤਮਾ ਦੇ ਕਿਸੇ ਪਾਸੇ ਦੇ ਵਿਕਾਸ ਵਿਚ ਮੈਂ ਸਹਾਈ ਨਹੀ ਹੋ ਸਕਿਆ। ਜੇ ਸਾਡੇ ਨਾਲ ਤੁਹਾਡਾ ਰਿਸ਼ਤਾ ਇਸ ਦੀ ਖੁਸ਼ੀ ਸੰਪੂਰਨ ਕਰ ਸਕੇ ਤਾਂ ਤੁਹਾਡਾ ਦੇਣਦਾਰ ਰਹਾਂਗਾ - ਇਹ ਵੀ ਮੈਂ ਤੁਹਾਨੂੰ ਦੱਸ ਦਿਆਂ ਕਿ ਮੈਂ ਤੁਹਾਨੂੰ ਉਹਦੇ ਨਾਲੋਂ ਘਟ ਪਿਆਰ ਨਹੀਂ ਕਰਦਾ।"

ਰਿਸ਼ਤਾ ਵਧ ਗਿਆ। ਤੇ ਏਸ ਵਧਦੇ ਰਿਸ਼ਤੇ ਨੇ ਮੇਰੇ ਅੰਦਰ ਮੇਰੀ ਪੁਰਾਣੀ ਹਸਰਤ ਤੇ ਮੇਰੀ ਪਤਨੀ ਦੇ ਮਨ ਵਿਚ ਈਰਖਾ ਵਰਗੀ ਨਵੀਂ ਪੀੜ ਜਗਾ ਦਿੱਤੀ। ਈਰਖਾ ਨੂੰ ਉਹਦੇ ਸਰਲ ਸੁਭਾ ਦਾ ਅਜੇ ਤਕ ਕੋਈ ਵੱਡਾ ਭਾਗ ਮੈਂ ਬਣਨ ਨਹੀਂ ਸੀ ਦਿੱਤਾ।

ਸਿਆਲੇ ਦਾ ਇੱਕ ਬੜਾ ਰੌਸ਼ਨ ਤੇ ਨਿੱਘਾ ਦਿਨ ਸੀ, ਪਰ ਮੇਰੀ ਅਸੰਤੁਸ਼ਟ ਪਿਆਰ-ਭੁੱਖ ਵਿਚ ਕੋਈ ਖੋਹ ਜਿਹੀ ਪੈ ਰਹੀ ਸੀ। ਉਸ ਸੱਜਣੀ ਦਾ ਪਿਆਰ-ਚਾਅ ਮੇਰੀ ਹਸਰਤ ਬਣੀ ਜਾ ਰਿਹਾ ਸੀ। ਉਸੇ ਦਿਨ ਦੀ ਡਾਕ ਵਿਚ ਐਲਿਜ਼ੀ ਦਾ ਖ਼ਤ ਆਇਆ। ਉਹਦੀ ਆਦਤ ਦੇ ਉਲਟ ਇਹ ਛੋਟਾ ਜਿਹਾ ਖ਼ਤ ਸੀ, ਇੱਕੋ ਸਫ਼ਾ, ਪਰ ਬੜੇ ਧੜਕਦੇ ਲਫ਼ਜ਼ਾਂ ਵਿਚ ਲਿਖਿਆ ਹੋਇਆ ਸੀ-

"ਮੈਂ ਵਿਆਹ ਕਰ ਲਿਆ ਹੈ। ਇਹ ਖ਼ਤ ਮੈਂ ਆਪਣੇ ਸੁਹਾਗ ਬਿਸਤਰੇ ਤੋਂ ਲਿਖ ਰਹੀ ਹਾਂ। ਮੇਰਾ ਪਤੀ ਸੌਂ ਗਿਆ ਹੈ, ਤੇ ਮੇਰਾ ਜੀਅ ਤੁਹਾਨੂੰ ਇਹ ਲਿਖਣ ਉਤੇ ਕਰ ਰਿਹਾ ਹੈ ਕਿ ਤੁਸੀਂ ਸਦਾ ਮੇਰੇ ਅਤਿ ਯਾਦ-ਯੋਗ ਮਿੱਤਰ ਰਹੋਗੇ।"

ਏਸ ਖ਼ਤ ਨੇ ਉਹ ਸ਼ਿਕਵਾ ਮੇਰੇ ਅੰਦਰ ਫੇਰ ਸੁਲਘਾ ਦਿੱਤਾ, ਜਿਹੜਾ ਐਲਿਜ਼ੀ ਨਾਲ ਜਹਾਜ਼ ਦੇ ਡੈੱਕ ਉਤੇ ਮਿਲਣ ਬਾਅਦ ਆਪਣੀ ਕੈਬਿਨ ਦੀ ਇਕੱਲ ਵਿਚ ਮੇਰੇ ਅੰਦਰ ਧੁਖ ਪਿਆ ਤੇ ਮੈਂ ਆਪਣੀ ਨੋਟ-ਬੁੱਕ ਵਿਚ ਲਿਖ ਲਿਆ ਸੀ; ਹੁਣ ਵੀ ਮੈਂ ਆਪਣੀ ਨੋਟ ਬੁੱਕ ਫੜ ਲਈ ਤੇ ਬਾਗ ਦੇ ਇੱਕ ਪਾਸੇ, ਜਿਥੇ ਫੁਹਾਰਾ ਖੇਡ ਰਿਹਾ ਸੀ, ਜਾ ਕੇ ਮੈਂ ਲਿਖਿਆ:

"ਮੈਨੂੰ ਪਰਬਤ ਜੇਡੀ ਪਿਆਰ-ਭੁੱਖ ਦੇ ਕੇ, ਤੇ ਮੇਰੇ ਦੁਆਲੇ ਪਿਆਰ ਦੀ ਸਦੀਵੀ ਰਾਸ ਰਚਾ ਕੇ ਤੂੰ ਮੇਰੇ ਬੁੱਲ੍ਹਾਂ ਉਤੇ ਕੁਫ਼ਲ (ਤਾਲਾ- ਸੰ.) ਲਾ ਦਿੱਤਾ ਹੈ। ਤੂੰ ਮੈਨੂੰ ਪਿਆਰ ਦੇ ਰੰਗ-ਮੰਚ ਦੇ ਪਿਛੇ ਪਿਆਰ-ਜੋੜਿਆਂ ਨੂੰ ਸ਼ਿੰਗਾਰਨ ਦਾ ਕੰਮ ਸੌਂਪ ਦਿੱਤਾ ਹੈ। ਸੁਹਣੇ ਮੂੰਹਾਂ ਨੂੰ ਮੈਂ ਰੰਗਦਾ ਤੇ ਹਸਾਂਦਾ ਹਾਂ, ਪਰ ਕਿਸੇ ਮੂੰਹ ਨੂੰ ਚੁੰਮਣ ਦਾ ਹੱਕ ਮੈਨੂੰ ਹਾਸਲ ਨਹੀਂ।"

ਚਪੜਾਸੀ ਨੇ ਆ ਕੇ ਦੱਸਿਆ ਕਿ ਕੋਈ ਟੈਲੀਫ਼ੋਨ ਉਤੇ ਮੈਨੂੰ ਬੁਲਾ ਰਿਹਾ ਸੀ। ਟੈਲੀਫ਼ੋਨ ਉਸੇ ਸੱਜਣੀ ਦੇ ਪਤੀ ਦਾ ਸੀ ਤੇ ਉਹ ਕਹਿ ਰਿਹਾ ਸੀ ਕਿ ਉਹ ਅੱਜ ਕੁੱਝ ਉਦਾਸ ਹੈ, ਤੇ ਮੈਨੂੰ ਦੋ ਚਾਰ ਮਿੰਟ ਮਿਲਣ ਆਉਣਾ ਚਾਹੁੰਦੀ ਹੈ। ਮੈਂ ਨੋਟ-ਬੁੱਕ ਠੱਪ ਲਈ। ਬੰਗਲੇ ਅੰਦਰ ਜਾ ਕੇ ਸ਼ੀਸ਼ੇ ਸਾਹਮਣੇ ਖਲੋ ਕੇ ਆਪਣੇ ਮੂੰਹ ਉਤੇ ਹਸਰਤ ਦੀਆਂ ਲਕੀਰਾਂ ਦੂਰ ਕਰ ਲਈਆਂ। ਉਹ ਆਈ, ਤੇ ਮੈਂ ਉਹਨੂੰ ਹਸਾ ਤੁਰਸਾ ਕੇ ਤੋਰ ਦਿੱਤਾ। ਅਸੀਂ ਪਤੀ-ਪਤਨੀ ਦੋਵੇਂ ਉਹਨੂੰ ਫਾਟਕ ਤਕ ਛਡਣ ਗਏ।

ਪਰ ਵਾਪਸ ਆ ਕੇ ਮੇਰੀ ਪਤਨੀ ਨੇ ਆਪਣੀ ਚਿੰਤਾ ਮੈਨੂੰ ਦੱਸੀ, "ਮੈਂ ਨਹੀਂ ਚਾਹੁੰਦੀ ਤੁਹਾਡਾ ਏਸ ਇਸਤਰੀ ਨਾਲ ਰਿਸ਼ਤਾ ਹੋਰ ਵਧੇ- ਸਾਡੇ ਘਰ ਦਾ ਅਮਨ ਖਰਾਬ ਹੋ ਰਿਹਾ ਹੈ- ਅਗੇ ਕਦੇ ਮੈਂ ਤੁਹਾਨੂੰ ਏਉਂ ਅਰਮਾਨਿਆ ਨਹੀਂ ਵੇਖਿਆ, ਜੇਡੇ ਤੁਸੀਂ ਅੱਜ ਸਵੇਰੇ ਮੈਨੂੰ ਦਿੱਸੇ ਸੌ- ਤੇ ਜਦੋਂ ਇਹ ਆਈ, ਤੁਸੀਂ ਬੜੇ ਖੁਸ਼ ਹੋ ਗਏ।"

"ਖੁਸ਼ ਮੈਂ ਉਹਦੇ ਆਉਣ ਕਰਕੇ ਨਹੀਂ ਸਾਂ ਹੋਇਆ, ਸਿਰਫ਼ ਉਹਨੂੰ

ਖ਼ੁਸ਼ ਕਰਨ ਲਈ ਮੈਂ ਆਪਣੀ ਕੋਈ ਸੋਚ ਘੜੀ ਪਲ ਲਈ ਲੁਕਾ ਲਈ ਸੀ– ਉਹਦਾ ਟੈਲੀਫ਼ੋਨ ਏਸ ਮਤਲਬ ਲਈ ਆਇਆ ਸੀ।''

''ਨਹੀਂ, ਨਹੀਂ, ਮੈਨੂੰ ਉਹਦੇ ਨਾਲ ਤੁਹਾਡਾ ਵਧਦਾ ਰਿਸ਼ਤਾ ਬਿਲਕੁਲ ਮਨਜ਼ੂਰ ਨਹੀਂ।''

''ਤੁਸਾਂ ਆਪੇ ਹੀ ਤਾਂ ਇਹ ਰਿਸ਼ਤਾ ਪੁਆਇਆ ਸੀ; ਮੈਂ ਤਾਂ ਆਪਣੀਆਂ ਕੰਨੀਆਂ ਬੜੀਆਂ ਸਾਂਭ ਸਾਂਭ ਕੇ ਤੁਰੀ ਜਾ ਰਿਹਾ ਸਾਂ।''

''ਮੈਂ ਬੜੀ ਗ਼ਲਤੀ ਕੀਤੀ, ਮੈਂ ਪਛਤਾਨੀ ਹਾਂ ਓਸ ਘੜੀ ਨੂੰ – ਪਰ ਮੈਂ ਚਾਹਨੀ ਆਂ, ਉਹ ਹੁਣ ਸਾਡੇ ਘਰ ਨਾ ਆਇਆ ਕਰੇ।''

''ਏਉਂ ਇਕਦਮ ਨਹੀਂ –ਹੌਲੀ ਹੌਲੀ ਏਸੇ ਤਰ੍ਹਾਂ ਹੀ ਹੋ ਜਾਏਗਾ।''

ਪਰ ਉਸ ਸੱਜਣੀ ਤੋਂ ਮੇਰੀ ਪਤਨੀ ਦਾ ਦਿਲ ਦਿਨੋ ਦਿਨ ਦੂਰ ਹੁੰਦਾ ਗਿਆ।

ਇੱਕ ਦਿਨ ਉਨ੍ਹਾਂ ਦਾ ਟਾਂਗਾ ਸਾਡੇ ਬੰਗਲੇ ਵੱਲ ਆਉਂਦਾ ਦਿੱਸਿਆ। ਮੇਰੀ ਪਤਨੀ ਨੇ ਅਮੋੜ ਜਿਹੇ ਦਾਅਵੇ ਨਾਲ ਮੈਨੂੰ ਆਖਿਆ, ''ਇਹ ਅੱਜ ਮੇਰੇ ਘਰ ਪੈਰ ਨਹੀਂ ਪਾ ਸਕੇਗੀ!''

ਮੈਂ ਬੜੀ ਮਿੰਨਤ ਤੇ ਪਿਆਰ ਨਾਲ ਸਮਝਾਇਆ ਕਿ ਏਉਂ ਕਰਨਾ ਠੀਕ ਨਹੀਂ ਹੋਵੇਗਾ। ਪਰ ਉਹ ਮੰਨੀ ਨਾ, ਤੇ ਘਰ ਦਾ ਅਮਨ ਮੇਰੇ ਲਈ ਹਮੇਸ਼ਾ ਪੂਜ ਰਿਹਾ ਹੈ। ਮੈਂ ਅੱਗੋਂ ਵਾਲੀ ਉਹਨਾਂ ਨੂੰ ਆਪਣੀ ਪਤਨੀ ਦੇ ਮਨ ਦੀ ਅਵਸਥਾ ਦਾ ਵਾਸਤਾ ਪਾ ਕੇ ਮੋੜ ਆਇਆ।

ਘਰ ਦਾ ਅਮਨ ਤਾਂ ਬਚ ਗਿਆ, ਪਰ ਮੇਰੇ ਮਨ ਦਾ ਅਮਨ ਟੁੱਟ ਗਿਆ। ਸੱਜਣੀ ਦੇ ਪਤੀ ਨੇ ਤਾਂ ਆਪਣਾ ਨਿਰਾਦਰ ਮੈਨੂੰ ਮੁਆਫ਼ ਕਰ ਦਿੱਤਾ, ਪਰ ਸੱਜਣੀ ਦੀ ਆਪਣੀ ਨਾਰਾਜ਼ਗੀ ਦਾ ਕੋਈ ਪਾਰਾਵਾਰ ਨਾ ਰਿਹਾ। ਉਸ ਮੈਨੂੰ ਆਪਣੇ ਘਰ ਬੁਲਾਇਆ– ਤੇ ਆਖਿਆ ਕਿ ਮੈਂ ਇਕੱਲਾ ਆਵਾਂ। ਬੜੀ ਮੁਸ਼ਕਲ ਨਾਲ ਮੈਂ ਆਪਣੀ ਪਤਨੀ ਕੋਲੋਂ ਇਹਦੀ ਆਗਿਆ ਲਈ। ਸੱਜਣੀ ਨੇ ਬੜੇ ਤਾਅਨੇ ਦਿੱਤੇ, ਗੁੱਸਾ ਕੀਤਾ, ਅੱਥਰੂ ਵਗਾਏ – ਤੇ ਓੜਕ ਉਹਦੇ ਪਤੀ ਦੇ ਸਮਝਾਣ ਬੁਝਾਣ ਉਤੇ ਇੱਕ ਤਰ੍ਹਾਂ ਦਾ ਸਮਝੌਤਾ ਹੋ ਗਿਆ।

ਉਹਦੇ ਪਤੀ ਲਈ ਮੇਰੀ ਪਤਨੀ ਦੇ ਖ਼ਿਆਲ ਮਾੜੇ ਨਹੀਂ ਸਨ। ਉਹ ਇਕੱਲੇ ਸਾਡੇ ਘਰ ਆਉਂਦੇ ਰਹੇ। ਕਦੇ ਕਦੇ ਆਪਣੀ ਪਤਨੀ ਦਾ ਖ਼ਤ ਮੈਨੂੰ ਦੇ ਜਾਂਦੇ ਤੇ ਜਵਾਬ ਲੈ ਜਾਂਦੇ ਰਹੇ। ਪਰ ਮੈਨੂੰ ਆਪਣੀ ਪਤਨੀ ਕੋਲੋਂ ਏਸ ਚੋਰੀ ਦਾ ਤੌਖ਼ਲਾ ਲੱਗਾ ਰਹਿੰਦਾ ਸੀ, ਇਹ ਚੋਰੀ ਭਾਵੇਂ ਮੈਂ ਆਪਣੀ ਖ਼ਾਤਰ ਬਿਲਕੁਲ ਨਹੀਂ, ਸਿਰਫ਼ ਉਸ ਸੱਜਣੀ ਦੀ ਖ਼ਾਤਰ ਕਰ ਰਿਹਾ ਸਾਂ।

ਇੱਕ ਦਿਨ ਉਹਦੇ ਪਤੀ ਦਾ ਜ਼ਰੂਰੀ ਬੁਲਾਵਾ ਆਇਆ। ਮੈਂ ਉਹਨਾਂ ਦੇ ਘਰ ਗਿਆ, ਪਤੀ ਨੇ ਮੇਰੇ ਅਗੇ ਸ਼ਿਕਾਇਤ ਕੀਤੀ, ''ਮੈਂ ਇਹਦੇ ਲਈ ਏਨਾ ਕੁਝ ਕੀਤਾ ਹੈ, ਪਰ ਅੱਜ ਏਸ ਨੇ ਮੈਨੂੰ ਬੜਾ ਨਿਰਾਸ ਕੀਤਾ ਹੈ।''

ਉਹਦੇ ਪਤੀ ਨੇ ਗਿਲਾ ਕੀਤਾ, ਤੇ ਮੇਰੀ ਮਿਸਾਲ ਦੇ ਕੇ ਉਹਨੂੰ ਸਮਝਾਣਾ ਚਾਹਿਆ, ''ਇਨ੍ਹਾਂ ਵੱਲ ਵੇਖ, ਇਨ੍ਹਾਂ ਨੇ ਆਪਣੇ ਘਰ ਦਾ ਅਮਨ ਟੁੱਟਣ ਨਹੀਂ ਦਿੱਤਾ।''

ਮੈਂ ਉਹਨਾਂ ਦੀ ਸਹਾਇਤਾ ਕਰਨ ਲਈ ਆਪਣਾ ਪਿਆਰ–ਫ਼ਲਸਫ਼ਾ ਸਮਝਾਇਆ:

''ਜਿਹੜਾ ਪਿਆਰ ਘਰ ਦੇ ਅਮਨ ਵਿਚ ਵਿਘਨ ਪਾਏ, ਉਹ ਪਿਆਰ ਵਿਆਹੇ ਹੋਏ ਜੋੜਿਆਂ ਲਈ ਨਿਸਫ਼ਲ ਹੁੰਦਾ ਹੈ। ਮੈਂ ਇਨ੍ਹਾਂ ਦੀ ਜ਼ਿੰਦਗੀ ਵਿਚ ਓਨਾ ਚਿਰ ਹੀ ਸ਼ਾਮਲ ਰਹਿ ਸਕਦਾ ਹਾਂ, ਜਿੰਨਾ ਚਿਰ ਮੈਂ ਇਨ੍ਹਾਂ ਦੇ ਪਰਵਾਰ ਦੀ ਖ਼ੁਸ਼ੀ ਵਿਚ ਵਾਧਾ ਕਰ ਸਕਾਂ –ਜੇ ਵਾਧਾ ਹੋਣੋਂ ਰੁਕ ਗਿਆ ਹੈ, ਤਾਂ ਸਾਡਾ ਇਹ ਰਿਸ਼ਤਾ ਬੇਲੋੜਾ ਹੋ ਗਿਆ ਹੈ।''

''ਬੇਲੋੜਾ ਹੋ ਗਿਆ ਹੈ, ਤਾਂ ਤੋੜ ਲਵੋ,'' ਸੱਜਣੀ ਨੇ ਜ਼ਖ਼ਮੀ ਹੋਏ ਅਭਿਮਾਨ ਦੀ ਪੀੜ ਵਿਚੋਂ ਆਖਿਆ।

ਅਸੀਂ ਦੋਹਾਂ ਪਤੀਆਂ ਨੇ ਵਿਚਾਰ ਕੀਤੀ ਤੇ ਏਸ ਫ਼ੈਸਲੇ ਉਤੇ ਪੁੱਜੇ ਕਿ ਦੋਹਾਂ ਘਰਾਂ ਦੇ ਅਮਨ ਖ਼ਾਤਰ ਇਸ ਰਿਸ਼ਤੇ ਦਾ ਟੁੱਟ ਜਾਣਾ ਹੀ ਸਾਨੂੰ ਪਰਵਾਨ ਕਰਨਾ ਚਾਹੀਦਾ ਹੈ। ਦੋਵੇਂ ਘਰ ਇੱਕ ਦੂਜੇ ਕੋਲੋਂ ਦੂਰ ਹੁੰਦੇ ਗਏ, ਤੇ ਇੱਕ ਸਮਾਂ ਆਇਆ ਕਿ ਕੁਲ ਸਵਾ ਮੀਲ ਦੀ ਵਿੱਥ ਸੌ ਮੀਲ ਜਾਪਣ ਲੱਗ ਪਈ। ਘਰਾਂ ਦੇ ਅਮਨ ਵਿਚ ਤਾਂ ਵਿਘਨ ਨਾ ਪਿਆ, ਪਰ ਕੁਝ ਸਮੇਂ ਲਈ ਸਾਡੇ ਦੋਹਾਂ ਦੇ ਦਿਲਾਂ ਦਾ ਕਰਾਰ ਉੱਡ ਗਿਆ।

ਪਰ ਇਹ ਮੇਰੀ ਬੇ–ਕਰਾਰੀ ਮੇਰੀ ਹੋਣੀ ਦਾ ਇੱਕ ਮੋੜ ਬਣ ਗਈ, ਇਹਨੂੰ ਮੈਂ ਕਹਾਣੀ ਦਾ ਰੂਪ ਦਿੱਤਾ। ਇਹ ਕਹਾਣੀ ਮੈਂ ਅੰਗਰੇਜ਼ੀ ਵਿਚ ਲਿਖੀ–''ਓਮਾ ਤੇ ਉਹਦਾ ਅਨੋਖਾ ਮਾਲੀ''। ਕਈ ਵਾਰੀ ਸੁਪਨੇ ਵਰਗੀ ਇਹ ਇੱਛਾ ਮੇਰੇ ਅੰਦਰੋਂ ਲੰਘੀ ਸੀ:


''ਮੈਂ ਇੱਕ ਸੁਚੱਜਾ ਮਾਲੀ ਹੋਵਾਂ– ਬਾਗ਼ ਵਿਚ ਮੇਰਾ ਘਰ ਹੋਵੇ, ਫੁੱਲ ਤੇ ਪੰਛੀ ਮੇਰਾ ਇਸ਼ਕ ਹੋਣ– ਪੰਛੀ–ਜੋੜਿਆਂ ਦੇ ਪ੍ਰੀਤ–ਨਾਟਕਾਂ ਵਿਚ ਮੈਂ ਆਪਣੀ ਅਨੋਖੀ ਪ੍ਰੀਤ ਦੀ ਤ੍ਰਿਪਤੀ ਢੂੰਡਾਂ।''

ਇਹ ਕਹਾਣੀ ਮੈਂ ਕਈ ਹਫ਼ਤੇ ਜੀਵੀ, ਫੇਰ ਆਪਣੇ ਮੁੱਖ ਇੰਜੀਨੀਅਰ ਦੀ ਪਤਨੀ ਨੂੰ ਪੜਚੋਲ ਲਈ ਦਿੱਤੀ– ਉਹਦੀ ਪੜਚੋਲ ਨੇ ਮੇਰੇ ਅੰਦਰ ਲਿਖਾਰੀ ਹੋਣ ਦੀ ਸੁੱਤੀ ਪਈ ਰੀਝ ਨੂੰ ਫੇਰ ਜਗਾ ਦਿੱਤਾ। ਉਸ ਨੇ ਕਈ ਸਤਰਾਂ ਹੇਠ ਲਾਲ ਲਕੀਰਾਂ ਲਾਈਆਂ ਹੋਈਆਂ ਸਨ, ਇਹ ਸਤਰਾਂ ਉਸ ਨੇ ਬੜੀ ਪ੍ਰਸ਼ੰਸਾ ਭਰੀ ਲੈਅ ਵਿਚ ਮੈਨੂੰ ਪੜ੍ਹ ਕੇ ਸੁਣਾਈਆਂ। ਉਹਦੀ ਮਿਹਰਬਾਨ ਪੜਚੋਲ ਨੇ ਇੱਕ ਨਵੇਂ ਇਰਾਦੇ ਨਾਲ ਮੈਨੂੰ ਧੜਕਾ ਦਿੱਤਾ:

''ਮੇਰੀ ਪ੍ਰੀਤ–ਭੁੱਖ ਨੂੰ ਕਿਤੋਂ ਤ੍ਰਿਪਤੀ ਨਹੀਂ ਮਿਲਣੀ– ਮੇਰੀ ਪ੍ਰੀਤ ਵਿਚ ਕੋਈ ਡੂੰਘੀ ਵਿਪ੍ਰੀਤ ਹੈ। ਆਪਣੇ ਪ੍ਰੀਤ ਦੇ ਖੰਭਾਂ ਵਿਚ ਮੈਂ ਆਪ ਕਈ ਅਦਿੱਖ ਡੋਰੇ ਵਲ੍ਹੇਟੋ ਹੋਏ ਨੇ। ਪ੍ਰੀਤ ਦਾ ਆਕਾਸ਼ ਮੇਰੀ ਪਹੁੰਚ ਵਿਚ ਆ ਨਹੀਂ ਸਕਣਾ, ਮੈਨੂੰ ਆਪਣਾ ਆਕਾਸ਼ ਆਪ ਹੀ ਬਣਾਣਾ ਹੋਵੇਗਾ– ਤੇ ਜਦੋਂ ਡੋਰ–ਵਲ੍ਹੇਟੇ ਮੇਰੀ ਪ੍ਰੀਤ ਦੇ ਖੰਭ ਵਲਗਣਾਂ ਨਾਲ ਟਕਰਾ ਕੇ ਹੰਭ ਜਾਣ, ਉਦੋਂ ਮੇਰੀ ਲੇਖਣੀ ਮੇਰੇ ਲਈ ਇਹੋ ਜਿਹਾ ਕੋਈ ਆਕਾਸ਼ ਰਚਾ ਦੇਵੇ, ਜਿਦ੍ਹੇ ਵਿਚ ਬੱਝੇ ਹੋਏ ਖੰਭ ਵੀ ਖੁੱਲ੍ਹੀ ਉਡਾਰੀ ਲੈ ਸਕਣ!''

# ਸੋਫ਼ੀ ਦਾ ਸੰਸਾਰ

*(ਇਸੇ ਮਹੀਨੇ ਨਾਲ ਇਹ ਕਿਤਾਬ ਮੁੱਕਦੀ ਹੈ- ਸੰ.)*




ਹਿੰਦੀ ਵਿਚ ਡੇਢ ਘੰਟੇ ਦੀ ਆੱਡੀਓ ਬੁੱਕ ਨੈੱਟ ‘ਤੇ ਮਿਲ ਰਹੀ ਹੈ। ਯੂ ਟਿਊਬ ਉੱਤੇ ਵੀ https://www.youtube.com/watch?v=zsXO6Uu-n-A!- ਸੰ.

“ਬੜਾ ਚੰਗਾ ਸੋਚ ਲਿਆ। ਤਾਰਾ-ਵਿਗਿਆਨੀ ਸੋਚਦੇ ਹਨ ਕਿ ਬ੍ਰਹਿਮੰਡ ਦਾ ਭਵਿੱਖ ਦੋ ਤਰ੍ਹਾਂ ਦਾ ਹੋ ਸਕਦਾ ਹੈ। ਜਾਂ ਤਾਂ ਬ੍ਰਹਿਮੰਡ ਹਮੇਸ਼ਾ ਹਮੇਸ਼ਾ ਲਈ ਫੈਲੀ ਜਾਏਗਾ ਅਤੇ ਇਸ ਕਰਕੇ ਗਲੈਕਸੀਆਂ ਇੱਕ ਦੂਜੀ ਤੋਂ ਹੋਰ ਪਰੇ ਹੋਰ ਪਰੇ ਹੁੰਦੀਆਂ ਜਾਣਗੀਆਂ- ਅਤੇ ਜਾਂ ਬ੍ਰਹਿਮੰਡ ਮੁੜ ਤੋਂ ਸੁੰਗੜਨ ਲੱਗ ਪਏਗਾ। ਬ੍ਰਹਿਮੰਡ ਕਿੰਨਾ ਕੁ ਭਾਰਾ ਅਤੇ ਵਿਰਾਟ ਹੈ ਇਸ ਤੋਂ ਤੈਅ ਹੋਏਗਾ ਕਿ ਕੀ ਹੋਏਗਾ। ਅਤੇ ਇਹ ਇੱਕ ਅਜਿਹੀ ਚੀਜ਼ ਹੈ ਜਿਸ ਬਾਰੇ ਜਾਣਨ ਦਾ ਅਜੇ ਤੱਕ ਤਾਰਾ-ਵਿਗਿਆਨੀਆਂ ਕੋਲ ਕੋਈ ਰਾਹ ਨਹੀਂ ਹੈ। “

“ਪਰ ਜੇ ਬ੍ਰਹਿਮੰਡ ਏਨਾ ਹੀ ਭਾਰਾ ਹੈ ਕਿ ਉਹ ਮੁੜ ਕੇ ਸੁੰਗੜਨ ਲੱਗ ਪਏਗਾ, ਤਾਂ ਸ਼ਾਇਦ ਇਹ ਪਹਿਲਾਂ ਵੀ ਕਈ ਵਾਰ ਫੈਲ ਅਤੇ ਸੁੰਗੜ ਚੁੱਕਿਆ ਹੋਏਗਾ।”

“ਜ਼ਾਹਰ ਹੀ ਇਹ ਨਿਚੋੜ ਕੱਢਿਆ ਜਾ ਸਕੇਗਾ। ਪਰ ਇਸ ਨੁਕਤੇ ’ਤੇ ਥਿਊਰੀ ਵੰਡੀ ਹੋਈ ਹੈ। ਹੋ ਸਕਦਾ ਹੈ ਕਿ ਬ੍ਰਹਿਮੰਡ ਦਾ ਫੈਲਣਾ ਕੋਈ ਅਜਿਹੀ ਚੀਜ਼ ਹੋਏ ਜੋ ਏਸੇ ਇੱਕੋ ਵਾਰ ਹੋਣੀ ਹੋਏ। ਪਰ ਜੇ ਇਹ ਹਮੇਸ਼ਾ ਹਮੇਸ਼ਾ ਲਈ ਫੈਲੀ ਹੀ ਗਿਆ, ਤਾਂ ਉਹ ਸੁਆਲ ਹੋਰ ਵੀ ਜ਼ੋਰ ਪਾਉਣ ਲੱਗਦਾ ਹੈ ਕਿ ਇਹ ਸਭ ਸ਼ੁਰੂ ਕਿੱਥੋਂ ਹੋਇਆ ਸੀ।”

“ਹਾਂ, ਕਿੱਥੋਂ ਆਇਆ ਸੀ, ਉਹ ਸਾਰਾ ਕੁਝ ਜਿਸਦਾ ਅਚਾਨਕ ਵਿਸਫੋਟ ਹੋਇਆ ਸੀ?”

“ਕਿਸੇ ਈਸਾਈ ਨੂੰ ਜ਼ਾਹਰ ਹੋਏਗਾ ਕਿ ਬਿਗ ਬੈਂਗ ਹੀ ਉਹ ਅਸਲ ਪਲ ਸੀ ਜਦੋਂ ਰਚਨਾ ਕੀਤੀ ਗਈ ਸੀ। ਬਾਈਬਲ ਸਾਨੂੰ ਦੱਸਦੀ ਹੈ ਕਿ ਰੱਬ ਨੇ ਕਿਹਾ ‘ਰੌਸ਼ਨੀ ਹੋਵੇ!’ ਤੈਨੂੰ ਸ਼ਾਇਦ ਇਹ ਵੀ ਯਾਦ ਹੋਏ ਕਿ ਅਲਬਰਟੋ ਨੇ ਈਸਾਈ ਮੱਤ ਦੇ ਇਤਿਹਾਸ ਬਾਰੇ ‘ਲਕੀਰ ਵਿਚ ਵਧਣ’ ਵਾਲੇ ਨਜ਼ਰੀਏ ਵੱਲ ਇਸ਼ਾਰਾ ਕੀਤਾ ਸੀ। ਸਭ ਕੁਝ ਦੀ ਰਚਨਾ ਬਾਰੇ ਈਸਾਈ ਮੱਤ ਦੇ ਵਿਸ਼ਵਾਸ ਦੀ ਤੱਕਣੀ ਤੋਂ ਵੇਖਿਆਂ, ਇਹੀ ਬਿਹਤਰ ਹੈ ਕਿ ਬ੍ਰਹਿਮੰਡ ਦੇ ਫੈਲੀ ਤੁਰੇ ਜਾਣ ਦੀ ਹੀ ਕਲਪਨਾ ਕਰੀਏ।”

“ਕੀ ਇਹ ਫੈਲੀ ਜਾ ਰਿਹਾ ਹੈ?”

“ਇਤਿਹਾਸ ਬਾਰੇ ਪੂਰਬ ਵਿਚ ਤਾਂ ਲੋਕਾਂ ਦਾ ਨਜ਼ਰੀਆ ‘ਚੱਕਰਵਾਲਾ’ ਹੁੰਦਾ ਹੈ। ਦੂਜੇ ਸ਼ਬਦਾਂ ਵਿਚ, ਕਿ ਇਤਿਹਾਸ ਆਪਣੇ ਆਪ ਨੂੰ ਹਮੇਸ਼ਾ ਹਮੇਸ਼ਾ ਦੇ ਲਈ ਦੁਹਰਾਈ ਤੁਰਿਆ ਜਾਂਦਾ ਹੈ। ਭਾਰਤ ਵਿਚ, ਉਦਾਹਰਣ ਦੀ ਤੌਰ ’ਤੇ ਇੱਕ ਪੁਰਾਤਨ ਥਿਊਰੀ ਹੈ ਕਿ ਸੰਸਾਰ ਦੀ ਲਗਾਤਾਰ ਤਹਿ ਲੱਗਦੀ ਹੈ ਅਤੇ ਮੁੜ ਖੁੱਲ੍ਹਦੀ ਰਹਿੰਦੀ ਹੈ, ਅਤੇ ਇਸ ਤਰ੍ਹਾਂ ਕਦੇ, ਜਿਸ ਨੂੰ ਭਾਰਤੀ ਲੋਕਾਂ “ਬ੍ਰਹਮ ਦਾ ਦਿਨ” ਆਖਿਆ ਹੈ, ਉਹ ਹੁੰਦਾ ਹੈ ਅਤੇ ਕਦੇ “ਬ੍ਰਹਮ ਦੀ ਰਾਤ”। ਇਹ ਵਿਚਾਰ, ਬੇਸ਼ਕ, ਸਭ ਤੋਂ ਚੰਗੀ ਤਰ੍ਹਾਂ ਮੇਲ ਖਾਂਦਾ ਹੈ ਬ੍ਰਹਿਮੰਡ ਦੇ ਫੈਲਣ ਅਤੇ ਸੁੰਗੜਨ-ਮੁੜ ਫੈਲਣ - ਦੇ ਇੱਕ ਹਮੇਸ਼ਵਰਤੀ ਚੱਕਰ ਨਾਲ। ਮੇਰੇ ਦਿਮਾਗ਼ ਵਿਚ ਇੱਕ ਤਸਵੀਰ ਹੈ ਕਿ ਇੱਕ ਬਹੁਤ ਵੱਡਾ ਸਾਰਾ ਬ੍ਰਹਿਮੰਡੀ ਦਿਲ ਹੈ ਜੋ ਧੜਕਦਾ ਹੈ, ਧੜਕਦਾ ਹੈ ਅਤੇ ਧੜਕੀ ਤੁਰਿਆ ਜਾਂਦਾ ਹੈ.....”

“ਮੇਰਾ ਖ਼ਿਆਲ ਹੈ ਕਿ ਦੋਏ ਥਿਊਰੀਆਂ ਇੱਕੋ ਜਿਹੀਆਂ ਕਿਆਸੀਆਂ-ਹੀ-ਨਾ-ਜਾ-ਸਕਣ ਵਾਲੀਆਂ ਹਨ ਅਤੇ ਓਨੀਆਂ ਹੀ ਜ਼ਿਆਦਾ ਉਤਸੁਕਤਾ ਜਗਾਉਣ ਵਾਲੀਆਂ ਵੀ।”

“ਅਤੇ ਇਨ੍ਹਾਂ ਨੂੰ ਹਮੇਸ਼ਤਾ ਬਾਰੇ ਉਸ ਆਪਣੇ-ਹੀ-ਉਲਟ-ਜਾਂਦੀ ਗੱਲ ਨਾਲ ਮੇਲ ਕੇ ਵੇਖਿਆ ਜਾ ਸਕਦਾ ਹੈ ਜਿਸ ਉੱਤੇ ਇੱਕ ਵਾਰ ਸੋਫ਼ੀ ਆਪਣੇ ਬਗੀਚੇ ਵਿਚ ਬੈਠੀ ਸੋਚ-ਵਿਚਾਰ ਕਰਦੀ ਰਹੀ ਸੀ: ਕਿ ਜਾਂ ਤਾਂ ਬ੍ਰਹਿਮੰਡ ਹਮੇਸ਼ਾ ਹਮੇਸ਼ਾ ਤੋਂ ਹੈ- ਅਤੇ ਜਾਂ ਇਹ ਅਚਾਨਕ ਕੁਝ-ਵੀ-ਨਹੀਂ ਵਿੱਚੋਂ ਹੋਂਦ ਵਿਚ ਆਇਆ ਸੀ....”

“ਓਫ਼ਫ਼!”

ਹਿਲਡੇ ਨੇ ਆਪਣੇ ਮੱਥੇ ’ਤੇ ਹੱਥ ਮਾਰਿਆ।

“ਕੀ ਹੋਇਆ?”

“ਲੱਗਦਾ ਹੈ ਹੁਣੇ ਹੁਣੇ ਮੈਨੂੰ ਡੰਗਰਾਂ ਵਾਲੀ ਮੱਖ ਨੇ ਕੱਟਿਆ ਹੈ।”

“ਸ਼ਾਇਦ ਇਹ ਸੁਕਰਾਤ ਹੋਏ ਜੋ ਤੈਨੂੰ ਕੱਟ ਕੇ ਤੈਨੂੰ ਅਸਲੀਅਤ ਵੱਲ ਮੋੜ ਲਿਆਉਣਾ ਚਾਹੁੰਦਾ ਹੈ।”

ਜਦੋਂ ਮੇਜਰ ਹਿਲਡੇ ਨੂੰ ਬ੍ਰਹਿਮੰਡ ਬਾਰੇ ਦੱਸ ਰਿਹਾ ਸੀ ਤਾਂ ਸੋਫ਼ੀ ਅਤੇ ਅਲਬਰਟੋ ਲਾਲ ਛੱਤ-ਲੱਥਣੀ ਗੱਡੀ ਵਿੱਚ ਬੈਠੇ ਸੁਣ ਰਹੇ ਸਨ।

“ਕੀ ਤੈਨੂੰ ਦਿਸ ਰਿਹਾ ਹੈ ਕਿ ਸਾਡੇ ਰੋਲ ਪੂਰੀ ਤਰ੍ਹਾਂ ਉਲਟ ਪੁਲਟ ਗਏ ਹਨ?” ਕੁਝ ਚਿਰ ਬਾਅਦ ਅਲਬਰਟੋ ਨੇ ਪੁੱਛਿਆ।

“ਉਹ ਕਿਸ ਤਰ੍ਹਾਂ?”

“ਪਹਿਲਾਂ ਇਹ ਸਾਨੂੰ ਸੁਣ ਰਹੇ ਹੁੰਦੇ ਸਨ, ਅਤੇ ਅਸੀਂ ਇਨ੍ਹਾਂ ਨੂੰ ਵੇਖ ਨਹੀਂ ਸਕਦੇ ਹੁੰਦੇ ਸੀ। ਹੁਣ ਅਸੀਂ ਇਨ੍ਹਾਂ ਨੂੰ ਸੁਣ ਰਹੇ ਹਾਂ ਅਤੇ ਇਹ ਸਾਨੂੰ ਵੇਖ ਨਹੀਂ ਪਾਉਂਦੇ।”

“ਅਤੇ ਇੱਥੇ ਹੀ ਬੱਸ ਨਹੀਂ।”

“ਤੇਰਾ ਕੀ ਮਤਲਬ ਹੈ ਇਸ ਤੋਂ?”

“ਜਦੋਂ ਅਸੀਂ ਸ਼ੁਰੂ ਹੋਏ ਸੀ, ਤਾਂ ਸਾਨੂੰ ਉਸ ਦੂਜੀ ਅਸਲੀਅਤ ਬਾਰੇ ਨਹੀਂ ਸੀ ਪਤਾ ਜਿਸਨੂੰ ਹਿਲਡੇ ਅਤੇ ਮੇਜਰ ਜਿਉਂਦੇ ਸੀ। ਹੁਣ ਉਨ੍ਹਾਂ ਨੂੰ ਸਾਡੀ ਬਾਰੇ ਨਹੀਂ ਪਤਾ।”

“ਬਦਲਾ ਲੈਣ ਦਾ ਸੁਆਦ ਆ ਰਿਹਾ ਹੈ।”

“ਪਰ ਮੇਜਰ ਸਾਡੀ ਦੁਨੀਆ ਵਿਚ ਦਖ਼ਲ ਦੇ ਸਕਦਾ ਹੈ।”

“ਸਾਡੀ ਦੁਨੀਆ ਹੈ ਹੀ ਕੀ ਸੀ ਸਿਵਾ ਉਸਦੇ ਦਖ਼ਲਾਂ ਦੇ।”

“ਅਜੇ ਮੈਂ ਪੂਰੀ ਆਸ ਨਹੀਂ ਛੱਡੀ ਕਿ ਅਸੀਂ ਵੀ ਉਨ੍ਹਾਂ ਦੀ ਦੁਨੀਆ ਵਿਚ ਦਖ਼ਲ ਦੇ ਸਕਾਂਗੇ।”

“ਪਰ ਤੈਨੂੰ ਪਤਾ ਹੈ ਕਿ ਇਹ ਅਸੰਭਵ ਹੈ। ਯਾਦ ਹੈ ਨਾ “ਸਿੰਡ੍ਰੈਲਾ” ਵਿਚ ਕੀ ਹੋਇਆ ਸੀ? ਮੈਂ ਤੈਨੂੰ ਕੋਕ ਦੀ ਉਹ ਬੋਤਲ ਕੱਢ ਲਿਆਉਣ ਦੀ ਕੋਸ਼ਿਸ਼ ਕਰਦਿਆਂ ਵੇਖ ਲਿਆ ਸੀ।”

ਸੋਫ਼ੀ ਚੁੱਪ ਰਹੀ। ਓਧਰ ਮੇਜਰ ਬਿਗ ਬੈਂਗ (ਵੱਡੇ ਧਮਾਕੇ) ਬਾਰੇ ਦੱਸ ਰਿਹਾ

ਸੀ ਅਤੇ ਏਧਰ ਸੋਫ਼ੀ ਸਾਰੇ ਬਗੀਚੇ ਵੱਲ ਨੂੰ ਵੇਖ ਰਹੀ ਸੀ।
ਕੁਝ ਹੈ ਸੀ ਉਨ੍ਹਾਂ ਸ਼ਬਦਾਂ ਬਾਰੇ ਕਿ ਸੋਫ਼ੀ ਦੇ ਮਨ ਵਿਚ ਵਿਚਾਰਾਂ ਦੀ ਲੜੀ ਚੱਲ ਪਈ ਸੀ।
ਉਹ ਕਾਰ ਵਿਚ ਏਧਰ ਓਧਰ ਕੁਝ ਲੱਭਣ ਲੱਗੀ।
''ਕੀ ਕਰ ਰਹੀ ਹੈਂ ਤੂੰ?'' ਅਲਬਰਟੋ ਨੇ ਪੁੱਛਿਆ।
''ਕੁਝ ਨਹੀਂ।''
ਉਸ ਨੇ ਦਸਤਾਨਿਆਂ ਵਾਲਾ ਖਾਨਾ ਖੋਲ੍ਹਿਆ ਅਤੇ ਉਸਨੂੰ ਇੱਕ ਰੈਂਚ ਲੱਭੀ। ਇਹ ਹੱਥ ਵਿਚ ਕਰ ਉਹ ਛਾਲ ਮਾਰ ਕਾਰ ਵਿੱਚੋਂ ਬਾਹਰ ਨਿੱਕਲੀ। ਉਹ ਗਲਾਈਡਰ ਵੱਲ ਗਈ ਅਤੇ ਹਿਲਡੇ ਅਤੇ ਉਸਦੇ ਪਿਤਾ ਦੇ ਐਨ ਸਾਹਮਣੇ ਜਾ ਖਲੋਤੀ।
ਪਹਿਲਾਂ ਤਾਂ ਉਸਨੇ ਹਿਲਡੇ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਪਰ ਇਹ ਬੇਫ਼ਾਇਦਾ ਹੀ ਰਿਹਾ। ਅਖ਼ੀਰ ਉਸ ਰੈਂਚ ਆਪਣੇ ਸਿਰ ਤੋਂ ਵੀ ਉੱਚੀ ਚੁੱਕ ਕੇ ਹਿਲਡੇ ਦੇ ਮੱਥੇ ਵਿਚ ਲਿਆ ਮਾਰੀ।
''ਓਫ਼ਫ਼!'' ਹਿਲਡੇ ਨੇ ਕਿਹਾ।
ਫੇਰ ਸੋਫ਼ੀ ਨੇ ਮੇਜਰ ਦੇ ਮੱਥੇ ਵਿਚ ਸੱਟ ਮਾਰੀ, ਪਰ ਉਸ ਦਾ ਕੋਈ ਹੁੰਗਾਰਾ ਹੀ ਨਹੀਂ ਸੀ।
''ਕੀ ਹੋਇਆ?'' ਉਸਨੇ ਕਿਹਾ। ''ਮੇਰਾ ਖ਼ਿਆਲ ਹੈ ਕਿ ਹੁਣੇ ਹੁਣੇ ਮੈਨੂੰ ਡੰਗਰਾਂ ਵਾਲੀ ਮੱਖ ਨੇ ਕੱਟਿਆ ਹੈ।''
''ਸ਼ਾਇਦ ਇਹ ਸੁਕਰਾਤ ਹੋਏਗਾ ਜੋ ਕੱਟ ਕੇ ਤੈਨੂੰ ਜ਼ਿੰਦਗੀ ਵੱਲ ਲਿਆ ਰਿਹਾ ਹੈ।''
ਸੋਫ਼ੀ ਨੇ ਘਾਅ ਉੱਤੇ ਲੇਟ ਗਲਾਈਡਰ ਨੂੰ ਧੱਕਣ ਦੀ ਕੋਸ਼ਿਸ਼ ਕੀਤੀ। ਪਰ ਉਹ ਉਸੇ ਤਰ੍ਹਾਂ ਖਲੋਤਾ ਰਿਹਾ। ਜਾਂ ਫੇਰ ਉਸ ਨੇ ਮਿਲੀਮੀਟਰ ਕੁ ਜਿੰਨਾ ਹਿਲਾਅ ਹੀ ਲਿਆ ਸੀ ਇਹ?

''ਠੰਢਾ ਹਵਾ ਚੱਲਣ ਲੱਗੀ ਹੈ, ਬੁੱਲਾ ਆਇਆ ਹੈ,'' ਹਿਲਡੇ ਕਹਿੰਦੀ।
''ਨਹੀਂ, ਬਿਲਕੁਲ ਨਹੀਂ। ਹਲਕੀ ਜਿਹੀ ਹੀ ਹੈ।''
''ਸਿਰਫ਼ ਏਨੀ ਗੱਲ ਨਹੀਂ। ਕੁਝ ਹੈ।''
''ਸਿਰਫ਼ ਅਸੀਂ ਦੋਨੋਂ ਹਾਂ ਤੇ ਗਰਮੀਆਂ ਦੀ ਇਹ ਕੂਲੀ ਕੂਲੀ ਰਾਤ।''
''ਨਹੀਂ, ਹਵਾ ਵਿਚ ਕੁਝ ਹੈ।''
''ਅਤੇ ਉਹ ਕੀ ਹੋਏਗਾ ਭਲਾ?''
''ਚੇਤੇ ਕਰੋ ਅਲਬਰਟੋ ਦੀ ਭੇਤ ਭਰੀ ਵਿਉਂਤ।''
''ਮੈਂ ਕਿਵੇਂ ਭੁੱਲ ਗਿਆ!''
''ਬਗੀਚਾ ਪਾਰਟੀ ਵਿਚੋਂ ਉਹ ਬੱਸ ਗ਼ਾਇਬ ਹੋ ਗਏ ਸਨ। ਇੰਝ ਸੀ ਜਿਵੇਂ ਹਵਾ ਹੀ ਹੋ ਗਏ ਸਨ....''
''ਹਾਂ, ਪਰ....''
''....ਹਵਾ ਹੀ ਹੋ ਗਏ ਸਨ।''
''ਕਹਾਣੀ ਕਿਤੇ ਤਾਂ ਮੁੱਕਣੀ ਸੀ। ਉਹ ਤਾਂ ਬੱਸ ਮੈਂ ਐਵੇਂ ਲਿਖ ਦਿੱਤਾ ਸੀ।''
''ਉਹ ਤਾਂ ਸਹੀ ਹੈ, ਪਰ ਉਹ ਤਾਂ ਨਹੀਂ ਜੋ ਉਸਤੋਂ ਬਾਅਦ ਹੋਇਆ। ਮੰਨ ਲਓ ਉਹ ਇੱਥੇ ਹੀ ਹੋਣ....''
''ਤੈਨੂੰ ਇਸ ਵਿਚ ਵਿਸ਼ਵਾਸ ਹੈ?''
''ਮੈਨੂੰ ਮਹਿਸੂਸ ਹੋ ਰਿਹਾ ਹੈ, ਡੈਡ।''

ਸੋਫ਼ੀ ਭੱਜ ਕੇ ਮੁੜ ਕਾਰ ਵੱਲ ਗਈ।
''ਲੈ ਬਈ,'' ਅਲਬਰਟੋ ਨੇ ਨਾ ਚਾਹੁੰਦਿਆਂ ਵੀ ਪ੍ਰਸ਼ੰਸਾ ਜਤਾਈ, ਜਦੋਂ ਉਹ ਹੱਥ ਵਿਚ ਘੁੱਟ ਕੇ ਰੈਂਚ ਫੜੀ ਕਾਰ ਵਿਚ ਚੜ੍ਹੀ।
''ਤੂੰ ਤਾਂ ਬੜੀ ਕਲਾਕਾਰ ਨਿੱਕਲੀ, ਸੋਫ਼ੀ। ਵੇਖੀ ਜਾ ਹੁਣ।''

ਮੇਜਰ ਨੇ ਹਿਲਡੇ ਦੇ ਮੋਢਿਆਂ ਦੁਆਲੇ ਬਾਂਹ ਵਲੀ।
''ਤੁਹਾਨੂੰ ਲਹਿਰਾਂ ਦੀ ਭੇਤਭਰੀ ਅਵਾਜ਼ ਸੁਣ ਰਹੀ ਹੈ?''
''ਹਾਂ। ਕੱਲ੍ਹ ਅਸੀਂ ਜ਼ਰੂਰ ਹੀ ਕਿਸ਼ਤੀ ਪਾਣੀ ਵਿਚ ਉਤਾਰਾਂਗੇ।''
''ਪਰ ਕੀ ਤੁਹਾਨੂੰ ਹਵਾ ਵਿਚ ਅਜੀਬ ਕਾਨਾਫੂਸੀਆਂ ਸੁਣ ਰਹੀਆਂ ਹਨ? ਵੇਖੋ ਇਨ੍ਹਾਂ ਐਸਪਨ ਰੁੱਖਾਂ ਦੇ ਪੱਤੇ ਕਿਵੇਂ ਕੰਬ ਰਹੇ ਹਨ।''
''ਇਹ ਧਰਤੀ ਜਿਉਂਦੀ ਹੈ, ਤੈਨੂੰ ਪਤਾ ਹੈ...''
''ਤੁਸੀਂ ਲਿਖਿਆ ਸੀ ਨਾ ਕਿ ਸਤਰਾਂ ਦੇ ਦਰਮਿਆਨ ਕੁਝ ਹੈ।''
''ਮੈਂ ਇਹ ਲਿਖਿਆ ਸੀ?''
''ਸ਼ਾਇਦ ਇਸ ਬਗੀਚੇ ਵਿਚ ਵੀ ਸਤਰਾਂ ਦੇ ਦਰਮਿਆਨ ਕੁਝ ਹੈ।''
''ਕੁਦਰਤ ਦੀ ਤਾਂ ਕੁਦਰਤ ਹੀ ਜਾਣੇ। ਪਰ ਅਸੀਂ ਤਾਂ ਅਸਮਾਨ ਦੇ ਤਾਰਿਆਂ ਬਾਰੇ ਗੱਲ ਕਰ ਰਹੇ ਹਾਂ।''
''ਛੇਤੀ ਹੀ ਪਾਣੀ ਉੱਤੇ ਵੀ ਤਾਰੇ ਹੋਣਗੇ।''
''ਸਹੀ ਹੈ। ਇਹੀ ਕਹਿੰਦੀ ਹੁੰਦੀ ਸੀ ਤੂੰ, ਫ਼ੌਸਫ਼ੋਰੇਸੈਂਸ (ਬਿਨਾ ਗਰਮੀ ਦੇ ਵੀ ਰੌਸ਼ਨੀ ਦੇਣ ਵਾਲੇ-ਅਨੁ.) ਬਾਰੇ ਜਦੋਂ ਤੂੰ ਛੋਟੀ ਜਿਹੀ ਸੀ। ਅਤੇ ਇੱਕ ਤਰੀਕੇ ਨਾਲ ਤੂੰ ਸਹੀ ਸੀ। ਫ਼ੌਸਫ਼ੋਰੇਸੈਂਸ ਅਤੇ ਹੋਰ ਸਾਰੇ ਜੀਵ ਵੀ ਉਨ੍ਹਾਂ ਤੱਤਾਂ ਦੇ ਬਣੇ ਹਨ ਜੋ ਇੱਕ ਵੇਲੇ ਕਿਸੇ ਤਾਰੇ ਵਿਚ ਆਪੋ ਵਿਚ ਗੁੰਨ੍ਹੇ ਹੋਏ ਸਨ।''
''ਅਸੀਂ ਵੀ?''
''ਹਾਂ, ਅਸੀਂ ਵੀ ਤਾਰਿਆਂ ਦੀ ਧੂੜ ਹਾਂ।''
''ਕਿੰਨੀ ਸੁਹਣੀ ਗੱਲ ਹੈ।''
''ਜਦੋਂ ਰੇਡੀਓ ਟੈਲਿਸਕੋਪ ਅਰਬਾਂ ਖਰਬਾਂ ਰੌਸ਼ਨੀ-ਵਰ੍ਹੇ ਦੂਰ ਦੀਆਂ ਗਲੈਕਸੀਆਂ ਦੀ ਰੌਸ਼ਨੀ ਨੂੰ ਫੜ ਸਕਣਗੇ, ਉਦੋਂ ਉਹ ਬ੍ਰਹਿਮੰਡ ਦਾ ਉਹ ਨਕਸ਼ਾ ਵੀ ਬਣਾਅ ਲੈਣਗੇ-ਕਿ ਇਹ ''ਵੱਡੇ ਧਮਾਕੇ'' ਤੋਂ ਬਾਅਦ ਦੇ ਮੁੱਢਲੇ ਵਰ੍ਹਿਆਂ ਵਿਚ ਕਿਹੋ ਜਿਹਾ ਲੱਗਦਾ ਸੀ। ਅਸਮਾਨ ਵਿਚ ਸਾਨੂੰ ਜੋ ਕੁਝ ਵੀ ਦਿਸਦਾ ਹੈ ਉਹ ਲੱਖਾਂ, ਕਰੋੜਾਂ ਵਰ੍ਹਿਆਂ ਪੁਰਾਣੇ ਸਮੇਂ ਦਾ ਬ੍ਰਹਿਮੰਡੀ ਪਥਰਾਟ ਹੈ। ਕੋਈ ਜਿਓਤਸ਼ੀ-ਨਜੂਮੀ ਵੱਧ ਤੋਂ ਵੱਧ ਤਾਂ ਤੁਹਾਨੂੰ ਇਹੀ ਦੱਸ ਸਕਦਾ ਹੈ ਕਿ ਬੀਤੇ ਵਿਚ ਕੀ ਹੋਇਆ ਹੋਏਗਾ।''
''ਕਿਉਂਕਿ ਤਾਰਾਮੰਡਲਾਂ ਦੇ ਤਾਰੇ, ਸਾਡੇ ਤੱਕ ਉਨ੍ਹਾਂ ਦੀ ਰੌਸ਼ਨੀ ਪਹੁੰਚਣ ਤੋਂ ਪਹਿਲਾਂ ਹੀ ਕਦੋਂ ਦੇ ਇੱਕ ਦੂਜੇ ਤੋਂ ਦੂਰ ਹੋ ਚੁੱਕੇ ਹਨ, ਸਹੀ?''
''ਦੋ ਹਜ਼ਾਰ ਸਾਲ ਪਹਿਲਾਂ ਵੀ, ਤਾਰਾਮੰਡਲ ਇਸ ਤੋਂ ਕਾਫ਼ੀ ਫ਼ਰਕ ਦਿਸਦੇ ਸਨ ਜੋ ਅੱਜ ਦਿਸ ਰਹੇ ਹਨ।''
''ਇਹ ਮੈਨੂੰ ਪਤਾ ਹੀ ਨਹੀਂ ਸੀ।''
''ਜੇ ਰਾਤ ਸਾਫ਼ ਹੈ, ਸਾਨੂੰ ਬ੍ਰਹਿਮੰਡ ਦੇ ਇਤਹਾਸ ਵਿਚ ਲੱਖਾਂ, ਸਗੋਂ ਕਰੋੜਾਂ ਸਾਲ ਪਹਿਲਾਂ ਦੇ ਸਾਲਾਂ ਦਾ ਸਮਾਂ ਦਿਸ ਰਿਹਾ ਹੁੰਦਾ ਹੈ। ਤਾਂ ਇੱਕ ਤਰ੍ਹਾਂ ਨਾਲ, ਅਸੀਂ ਵਾਪਿਸ ਘਰ ਜਾ ਰਹੇ ਹੁੰਦੇ ਹਾਂ।''
''ਮੈਨੂੰ ਨਹੀਂ ਪਤਾ ਕਿ ਤੁਹਾਡਾ ਕੀ ਮਤਲਬ ਹੈ।''
''ਤੂੰ ਅਤੇ ਮੈਂ ਵੀ ''ਵੱਡੇ ਧਮਾਕੇ'' ਨਾਲ ਹੀ ਸ਼ੁਰੂ ਹੋਏ, ਕਿਉਂਕਿ ਬ੍ਰਹਿਮੰਡ ਦਾ

# ਸੋਫ਼ੀ ਦਾ ਸੰਸਾਰ

## ਯੌਸਤੀਨ ਗਾਰਦਰ

### ਅਨੁਵਾਦ: ਪੂਨਮ ਸਿੰਘ

ਸਾਰਾ ਮਾਦਾ ਇੱਕੋ ਜੈਵਿਕ-ਏਕਾ ਹਾਂ। ਕਦੇ ਬਹੁਤ ਹੀ ਮੁੱਢਲੇ ਸਮੇਂ ਕਾਲ ਵਿਚ ਸਾਰਾ ਪਦਾਰਥ ਇੱਕ ਏਨੇ ਵਿਰਾਟ-ਵੱਡੇ ਪੇੜੇ ਜਿਹੇ ਵਿਚ ਇੱਕੋ-ਥਾਂ ਸੀ ਕਿ ਸੂਈ ਦਾ ਨੱਕਾ ਵੀ ਕਈ ਕਰੋੜਾਂ ਟਨਾਂ ਦਾ ਹੋਏਗਾ। ਇਹ 'ਮੁੱਢਲਾ-ਪੁਰਾਤਨ ਅਣੂ' ਵਿਰਾਟ-ਵੱਡੀ ਭੂ-ਖਿੱਚ ਕਰਕੇ ਧਮਾਕੇ ਨਾਲ ਪਾਟ ਗਿਆ। ਜਿਵੇਂ ਕੋਈ ਚੀਜ਼ ਚੂਰ ਚੂਰ ਹੋ ਗਈ ਹੋਏ। ਜਦੋਂ ਅਸੀਂ ਉੱਤੇ ਅਸਮਾਨ ਵੱਲ ਵੇਖਦੇ ਹਾਂ, ਅਸੀਂ ਮੁੜ ਆਪਣੇ ਹੀ ਆਪੇ ਤੱਕ ਦਾ ਰਾਹ ਲੱਭ ਰਹੇ ਹੁੰਦੇ ਹਾਂ।"

"ਇਹ ਆਖਣਾ ਵੀ ਕਿੰਨਾ ਵੱਖਰਾ ਜਿਹਾ ਲੱਗਦਾ ਹੈ।"

"ਬ੍ਰਹਿਮੰਡ ਦੀਆਂ ਸਾਰੀਆਂ ਗਲੈਕਸੀਆਂ ਅਤੇ ਸਾਰੇ ਤਾਰੇ ਇੱਕੋ ਪਦਾਰਥ ਦੇ ਬਣੇ ਹੋਏ ਹਨ। ਇਸਦੇ ਕਈ ਹਿੱਸਿਆਂ ਇੱਕ ਦੂਜੇ ਨਾਲ ਜੁੜ ਪੇੜੇ ਜਿਹੇ ਬਣਾਏ ਹੋਏ ਹਨ, ਕੋਈ ਇੱਥੇ, ਕੋਈ ਓਥੇ। ਕਿਸੇ ਇੱਕ ਗਲੈਕਸੀ, ਅਤੇ ਉਸਦੇ ਨਾਲ ਦੀ, ਦੇ ਦਰਮਿਆਨ ਭਾਵੇਂ ਕਰੋੜਾਂ ਰੌਸ਼ਨੀ-ਵਰ੍ਹਿਆਂ ਦੀ ਦੂਰੀ ਹੋਏ। ਪਰ ਉਨ੍ਹਾਂ ਸਾਰੀਆਂ ਦਾ ਮੁੱਢ ਇੱਕੋ ਹੈ। ਸਾਰੇ ਤਾਰੇ ਅਤੇ ਗ੍ਰਹਿ-ਨਛੱਤਰ ਇੱਕੋ ਪਰਿਵਾਰ ਦੇ ਹਨ।"

"ਹੂੰਅ, ਠੀਕ।"

"ਪਰ ਹੈ ਕੀ ਇਹ ਧਰਤੀ ਦਾ ਮਾਦਾ-ਪਦਾਰਥ? ਉਹ ਹੈ ਕੀ ਸੀ ਜਿਸ ਵਿਚ ਓਦੋਂ, ਕਰੋੜਾਂ ਅਰਬਾਂ ਸਾਲ ਪਹਿਲਾਂ, ਉਹ ਵਿਸਫ਼ੋਟ ਹੋਇਆ ਸੀ? ਆਇਆ ਕਿੱਥੋਂ ਸੀ ਉਹ?"

"ਇਹੀ ਹੈ ਸਭ ਤੋਂ ਵੱਡਾ ਸੁਆਲ।"

"ਅਤੇ ਇਹੋ ਜਿਹਾ ਸੁਆਲ ਜਿਸਦਾ ਸਾਡੇ ਸਭ ਨਾਲ ਬਹੁਤ ਡੂੰਘਾਈ ਨਾਲ ਰਿਸ਼ਤਾ ਜੁੜਿਆ ਹੋਇਆ ਹੈ। ਅਸੀਂ ਕਈ ਕਰੋੜਾਂ-ਅਰਬਾਂ ਸਾਲ ਪਹਿਲਾਂ ਬਲ਼ੀ ਓਸੇ ਵੱਡੀ ਅੱਗ ਦਾ ਹੀ ਇੱਕ ਭਾਂਬੜ ਹਾਂ।"

"ਇਹ, ਵੀ, ਬਹੁਤ ਹੀ ਖ਼ੂਬਸੂਰਤ ਵਿਚਾਰ ਹੈ।"

"ਉਂਝ, ਸਾਨੂੰ ਇਨ੍ਹਾਂ ਗਿਣਤੀਆਂ ਦੀ ਅਹਿਮੀਅਤ ਨੂੰ ਬਹੁਤਾ ਹੀ ਵਧਾਅ ਚੜ੍ਹਾਅ ਕੇ ਨਹੀਂ ਵੇਖਣਾ ਚਾਹੀਦਾ। ਆਪਣੇ ਹੱਥ ਵਿਚ ਇੱਕ ਰੋੜਾ ਫੜਨਾ ਹੀ ਬਥੇਰਾ ਹੈ। ਬ੍ਰਹਿਮੰਡ ਫੇਰ ਵੀ ਓਨਾ ਹੀ ਸਮਝੋਂ-ਬਾਹਰ ਹੋਣਾ ਸੀ ਜੇ ਇਹ ਸੰਤਰੇ ਕੁ ਜਿੱਡੇ ਰੋੜੇ ਜਿੱਡਾ ਹੀ ਹੁੰਦਾ। ਉਸ ਸੁਆਲ ਵਿਚ ਫੇਰ ਵੀ ਅਸੀਂ ਕੋਈ ਸੰਨ੍ਹ ਨਹੀਂ ਸੀ ਲਾ ਸਕਣੀ: ਇਹ ਰੋੜਾ ਆਇਆ ਕਿੱਥੋਂ ਸੀ?"

ਅਚਾਨਕ ਸੋਫ਼ੀ ਨੇ ਲਾਲ ਛੱਤ-ਲੱਥਣੀ ਵਿਚ ਖੜ੍ਹ ਕੇ ਪਾਣੀ ਦੇ ਓਸ ਕੰਢੇ ਵੱਲ ਇਸ਼ਾਰਾ ਕੀਤਾ।

"ਮੈਂ ਚੱਪੂਆਂ ਵਾਲੀ ਕਿਸ਼ਤੀ ਚਲਾਅ ਕੇ ਵੇਖਣੀ ਹੈ।"

"ਉਹ ਕਿੱਲੇ ਨਾਲ ਬੱਝੀ ਹੈ। ਅਤੇ ਅਸੀਂ ਤਾਂ ਚੱਪੂ ਵੀ ਨਹੀਂ ਚੁੱਕ ਸਕਣੇ।"

"ਕੋਸ਼ਿਸ਼ ਕਰੀਏ? ਆਖ਼ਿਰਕਾਰ, ਅੱਜ ਮਿਡਸਮਰ ਈਵ ਹੈ।"

"ਪਾਣੀ ਤੱਕ ਤਾਂ ਜਾ ਹੀ ਸਕਦੇ ਹਾਂ, ਖ਼ੈਰ।"

ਉਹ ਛਾਲ ਮਾਰ ਕਾਰ ਵਿੱਚੋਂ ਬਾਹਰ ਨਿੱਕਲੇ ਅਤੇ ਬਗੀਚੇ ਵਿੱਚੋਂ ਭੱਜਦੇ ਗਏ।

ਉਨ੍ਹਾਂ ਧਾਤ ਦੇ ਕੜੇ ਨਾਲ ਪੱਕੀ ਬੱਝੀ ਰੱਸੀ ਢਿੱਲੀ ਕਰਨ ਦੀ ਕੋਸ਼ਿਸ਼ ਕੀਤੀ। ਪਰ ਉਹ ਤਾਂ ਉਸਦਾ ਇੱਕ ਸਿਰਾ ਵੀ ਨਾ ਚੁੱਕ ਸਕੇ।

"ਇਹ ਤਾਂ ਇਓਂ ਹੈ ਜਿਵੇਂ ਕਿੱਲਾਂ ਨਾਲ ਠੋਕੀ ਹੋਈ ਹੋਏ।"

"ਸਾਡੇ ਕੋਲ ਸਮਾਂ ਹੀ ਸਮਾਂ ਹੈ। ਇੱਕ ਸੱਚੇ ਫ਼ਲਸਫ਼ਈ ਨੂੰ ਕਦੇ ਵੀ ਦਿਲ ਨਹੀਂ ਛੱਡਣਾ ਚਾਹੀਦਾ। ਬੱਸ ਜੇ ਅਸੀਂ ਇਹ ਜ਼ਰਾ ਕੁ...ਢਿੱਲੀ ਕਰ ਸਕੀਏ...."

"ਹੁਣ ਤਾਰੇ ਹੋਰ ਵੀ ਵਧ ਗਏ ਹਨ।"

"ਹਾਂ, ਜਦੋਂ ਗਰਮੀਆਂ ਦੀ ਰਾਤ ਸਭ ਤੋਂ ਹਨੇਰੀ ਹੁੰਦੀ ਹੈ।"

"ਪਰ ਸਰਦੀਆਂ ਵਿੱਚ ਇਹ ਚਮਕਦੇ ਵੱਧ ਹਨ। ਕੀ ਤੁਹਾਨੂੰ ਤੁਹਾਡੇ ਲੈਬਨੱਾਨ ਜਾਣ ਤੋਂ ਪਹਿਲਾਂ ਦੀ ਰਾਤ ਚੇਤੇ ਹੈ? ਨਵੇਂ ਸਾਲ ਦਾ ਦਿਨ ਸੀ।"

"ਓਦੋਂ ਹੀ ਮੈਂ ਤੇਰੇ ਲਈ ਫ਼ਲਸਫ਼ੇ ਦੀ ਇਹ ਕਿਤਾਬ ਲਿਖਣ ਦਾ ਫ਼ੈਸਲਾ ਕੀਤਾ ਸੀ। ਮੈਂ ਕ੍ਰਿਸਚਿਅਨਸੈਂਡ ਵਿਚ ਕਿਤਾਬਾਂ ਦੀ ਇੱਕ ਵੱਡੀ ਦੁਕਾਨ ਅਤੇ ਲਾਇਬ੍ਰੇਰੀ ਵੀ ਵੇਖੀ ਹੋਈ ਸੀ। ਪਰ ਉਨ੍ਹਾਂ ਵਿਚ ਅੱਲ੍ਹੜਾਂ ਲਈ ਕੁਝ ਵੀ ਢੁਕਵਾਂ ਹੈ ਨਹੀਂ ਸੀ।

"ਇਹ ਤਾਂ ਇਓਂ ਹੈ ਜਿਵੇਂ ਅਸੀਂ ਚਿੱਟੇ ਖ਼ਰਗੋਸ਼ ਦੀ ਜੱਤ ਦੇ ਬਰੀਕ ਵਾਲਾਂ ਦੇ ਸਿਰੇ ਉੱਤੇ ਬੈਠੇ ਹੋਏ ਹਾਂ।"

"ਪਤਾ ਨਹੀਂ ਰੌਸ਼ਨੀ-ਵਰ੍ਹਿਆਂ ਵਾਲੀ ਰਾਤ ਵਿਚ ਓਥੇ ਬਾਹਰ ਕੋਈ ਹੈ ਕਿ ਨਹੀਂ?"

"ਕਿਸ਼ਤੀ ਆਪੇ ਢਿੱਲੀ ਹੋ ਗਈ ਹੈ!"

"ਹਾਂ ਬਈ!"

"ਇਹਦੀ ਮੈਨੂੰ ਸਮਝ ਨਹੀਂ ਆਈ। ਤੁਹਾਡੇ ਆਉਣ ਤੋਂ ਪਹਿਲਾਂ ਮੈਂ ਓਥੇ ਜਾ ਕੇ ਆਪ ਵੇਖ ਕੇ ਆਈ ਸੀ।"

"ਅੱਛਾ?"

"ਇੱਥੋਂ ਮੈਨੂੰ ਕੁਝ ਚੇਤੇ ਆ ਗਿਆ ਹੈ- ਜਦੋਂ ਸੋਫ਼ੀ ਨੇ ਅਲਬਰਟੋ ਦੀ ਕਿਸ਼ਤੀ ਉਧਾਰੀ ਲਈ ਸੀ। ਤੁਹਾਨੂੰ ਚੇਤੇ ਹੈ ਕਿਵੇਂ ਇਹ ਕਿਸ਼ਤੀ ਝੀਲ ਵਿਚ ਆਪੇ ਤਰੀ ਫਿਰਦੀ ਸੀ?"

"ਪੱਕੀ ਗੱਲ ਹੈ ਇਹ ਜ਼ਰੂਰ ਓਸੇ ਨੇ ਕੁਝ ਕੀਤਾ ਹੋਏਗਾ।"

"ਹਾਂ, ਹਾਂ ਤੁਸੀਂ ਕਰੋ ਮੈਨੂੰ ਮਖ਼ੌਲ। ਸਾਰੀ ਸ਼ਾਮ, ਮੈਨੂੰ ਇੱਥੇ ਕੋਈ ਮਹਿਸੂਸ ਹੁੰਦਾ ਰਿਹਾ ਹੈ।"

"ਸਾਡੇ ਵਿੱਚੋਂ ਕਿਸੇ ਇੱਕ ਨੂੰ ਤਾਂ ਤੈਰ ਕੇ ਉਸ ਤੱਕ ਜਾਣਾ ਹੀ ਪਏਗਾ।"

"ਆਪਾਂ ਦੋਏ ਚੱਲਦੇ ਹਾਂ, ਡੈਡ।"

(ਕਿਤਾਬ ਮੁੱਕਦੀ ਹੈ)

ਅਨੁਵਾਦ: ਪੂਨਮ ਸਿੰਘ

## *ਰਿਸ਼ਤਾ*

*ਕੀ ਰਿਸ਼ਤਾ ਹੈ ਤੇਰਾ*
*ਮੇਰੇ ਨਾਲ ...!*
*ਚੁੱਪ-ਚਾਪ ਗੁਜ਼ਰ ਜਾਵੇਂ ..*
*ਕੋਲੋਂ ਦੀ ...*
*ਨਾ ਦਸਤਕ ...*
*ਨਾ ਆਵਾਜ਼ ...*
*ਨਜ਼ਰ ਨਾ ਆਵੇਂ ।*
*ਫਿਰ ਵੀ ਲੱਗੇ ....*
*ਖੌਰੇ ਇੰਤਜ਼ਾਰ ਸੀ ਤੇਰਾ।*

**ਜਗਦੀਸ਼ ਚੰਦਰ**

*ਜਲੰਧਰ 9646923419*

# The Truth about Gorky - and his relation with Stalin??

## *Text of a YouTube video - about the beloved writer Gorky*


Maxim Gorky is the most famous writer in Russia, some say the most famous writer in the world. And there, (in a photo in the video) carrying the urn on his shoulders, is Joseph Stalin. The dictator walks slowly through the crowd, the ashes of his so-called friend pressed against his chest. He will place those ashes in the Kremlin wall. It is not what Gorky wanted. Gorky's dying wish was to be buried beside his son. Stalin ignored it, because that's what dictators do. They don't just own your life, they own your death. But here's the question that haunts this story. The man who carried those ashes, did he also give the order to create them? This is the story of Maxim Gorky, the man who dared to call Lenin a tyrant, the man who wept at the gates of the Gulag and then lied about what he saw, the man who was given mansions, medals, and an entire city renamed in his honor, and who spent his final days as a prisoner in a golden cage with his own secretary, reporting his every word to the secret police. This is the story of how Stalin didn't just destroy enemies, he collected friends, he honored them, he celebrated them. And when they stopped being useful, he silenced them forever.



Stalin

He was born Alexey Maksimovich Peshkov on March 28th, 1868 in a city called Nizhny Novgorod, on the banks of the Volga River. It was a city of merchants, factories, and grinding poverty. His father, a shipping agent, died of cholera when Alexey was five. His mother remarried and left him with his grandparents. His grandfather was violent. His childhood was brutal. The only warmth came from his grandmother, a gifted storyteller who filled his world with folktales, legends, and the belief that words had the power to change everything. She died when he was still young. His mother died when he was 11. By then, he was already alone. At 19, Alexey Peshkov reached a breaking point that exposed the depth of his inner darkness, a moment that nearly ended his life. He survived. The bullet missed his heart. And then, instead of dying, he did the opposite. He walked.

For five years, he crossed the Russian Empire on foot, thousands of miles, sleeping in fields, working in bakeries and on docks, listening to the stories of



Gorky

the people at the very bottom of society; the homeless, the drunks, the criminals, the forgotten. And he began to write their stories down. He chose a pen name that would define him forever: Maxim Gorky. It means Maxim the Bitter, a name chosen by a man who knew bitterness like few others. Within a decade, that bitterness became genius. His stories about the underclass electrified Russia. The great Leo Tolstoy praised him. Anton Chekhov called him a friend. He was nominated for the Nobel Prize in Literature five times. By the turn of the century, Maxim Gorky was not just famous, he was a symbol; the voice of the voiceless, the writer who came from the people. But fame was never enough for Gorky. He didn't just want to describe the suffering of the poor, he wanted to end it. And that desire, that noble, dangerous desire is what would eventually

deliver him into the hands of Joseph Stalin.

Gorky didn't just sympathize with the revolution, he bankrolled (supprted it finacially- ED.) it. He joined the Marxist movement and threw his support behind the Bolsheviks, the most radical faction of the Russian left. His enormous book earnings became one of the Bolshevik Party's main sources of income. He was, in effect, the revolution's most valuable patron.

He met Vladimir Lenin. They became friends, though it was always a complicated friendship. Lenin admired Gorky's fame and his money. Gorky admired Lenin's vision. But they clashed on philosophy, on religion, on the role of culture. Gorky believed that the revolution needed to change people's souls, not just their governments. Lenin thought that was romantic nonsense.

Gorky was arrested by the czar's police, imprisoned, and eventually forced into exile. He lived for years on the Italian island of Capri, and later in Sorrento, hosting other writers and intellectuals, sending money back to the revolution, and waiting for the day when Russia would be free.

In 1917, that day arrived. The czar fell. The revolution had come. But what came next was not what Gorky had imagined, not at all.

In the months after the October Revolution of 1917, Maxim Gorky did something that almost nobody in Russia dared to do. He told the truth. While Lenin consolidated power, while the Bolsheviks silenced one newspaper after another, Gorky used his own newspaper, Novaya Zhizn, New Life, to publish a devastating series of articles attacking the very revolution he had helped to finance.

He wrote that Lenin and Trotsky had been poisoned with the filthy venom of power. He called Lenin a cold-blooded trickster who spares neither the honour nor the life of the proletariat. He compared Lenin to a chemist- but instead of experimenting on chemicals, he was experimenting on the living flesh of Russia.

These articles would later be collected into a book called Untimely Thoughts. They would not be published again in Russia until 1988, 70 years later, on the eve of the Soviet Union's collapse. That is how dangerous these words were.

But Gorky didn't stop at words. He used his fame as a shield for others. When the Bolsheviks began arresting writers, professors, and artists, Gorky intervened. Again and again, he marched into government offices and demanded their release. He was called the Noah of the Russian intelligentsia, a man trying to build an ark big enough to save an entire culture from drowning. But not even Gorky could save everyone.

When his friend, the poet Nikolay Gumilyov, was arrested by the secret police, Gorky rushed to Moscow and obtained a personal release order from Lenin himself. He raced back to Petrograd. He was too late. Gumilyov had already been shot.

Lenin shut down his newspaper. He told Gorky to leave Russia. It was not a suggestion.

In 1921, Maxim Gorky left his homeland. He settled in Sorrento, Italy. He was 53 years old. He was free. He was safe. He would not be free or safe for much longer.

After Lenin died in 1924, Joseph Stalin rose to absolute power, and Stalin understood something that many dictators never learn: Brute force is not enough. You also need legitimacy. You need culture. You need the world to believe that your revolution is not just powerful, but right. And for that, you need the greatest living writer in the Russian language.

By the late 1920s, Gorky was struggling. His household in Italy was large and expensive. His earnings were dwindling. He was in exile, free but forgotten. Then came Stalin's invitation: "Come home for your 60th birthday." He was given a mansion in the heart of Moscow. He received the Order of Lenin. One of Moscow's most famous streets, Tverskaya, was renamed Gorky Street. And then, the ultimate tribute, his birthplace, the city of Nizhny Novgorod, was renamed Gorky, an entire city bearing his name. No writer in history had ever received such honors from a living state.

But every gift was a chain. Gorky's personal secretary, Pyotr Kryuchkov, the man who managed his correspondence,

who controlled access to his private life, had been recruited by Genrikh Yagoda, the head of the Soviet secret police, as a paid informant. Whenever Gorky met with Stalin or members of the politburo, Yagoda would visit Kryuchkov's apartment afterward and demand a full account of every word that was said.

In 1932, Yagoda paid Kryuchkov $4,000 to buy a car. Gorky's most trusted man had a price, and the secret police had paid it.

Stalin asked Gorky to write his biography. Gorky refused. It was a decision that may have cost him his life. In June 1929, Gorky traveled to a place that most people in the Soviet Union only whispered about, the Solovetsky Islands, a cluster of frozen rocks in the White Sea near the Arctic Circle.... once a monastery, now the first Gulag.

Aleksandr Solzhenitsyn would later call it the mother of the Gulag. The conditions were unspeakable. Prisoners were starved, beaten, tortured, and worked to death. But stories were leaking to the West. The regime needed someone the world would believe to visit the camp and declare that everything was fine. They chose Gorky.

The authorities prepared a performance. Prisoners were given fresh clothes. Torture chambers were converted into reading rooms. Tables were arranged with newspapers. The prisoners were told to sit and pretend they were reading, but the prisoners found a way to signal the truth: They held the newspapers upside down.

Gorky walked through the room. He saw it. According to Dmitri Likhachov, a scholar who was imprisoned at Solovetsky and survived to tell the story, "Gorky paused, reached down, and silently turned one of the newspapers right side up. Then he looked at the prisoner, and he walked away. He understood. He knew."

Then came the moment that has haunted Russian history ever since. A 14-year-old boy asked to speak with Gorky privately. The room was cleared. For 40 minutes, the boy told Gorky everything: the starvation, the torture, the executions. When Gorky emerged from that room, he was weeping, and then he went home and he wrote a glowing essay praising the camp.

He called the prisoners "healthy lads." He called the system "excellent." The boy, according to multiple accounts, was executed shortly after Gorky left. This story was first told by Solzhenitsyn. Some historians consider it legend. Others point to Likhachov, who was there. What is certain is that Gorky wept, and then he lied, and he didn't stop.

In 1933, he organized 120 writers to produce a book celebrating the White Sea Baltic Canal, built entirely by Gulag slave labor. Tens of thousands of prisoners died. Gorky praised Stalin's excellently organized will. The man who once called Lenin "a cold-blooded trickster" was now doing the trickster's work.

In May 1934, Gorky's world was shattered. His son, Maxim Peshkov, fell suddenly and violently ill. He had been drinking with Genrikh Yagoda, the head of the secret police, just days earlier. Maxim developed double pneumonia. He deteriorated rapidly. He died. He was 36 years old. Years later, at the show trials of 1938, it was alleged that Yagoda had ordered his own doctors to deliberately mistreat Maxim's illness, to let him die when they could have saved him. The motive? Gorky was about to give the opening address at the first Congress of Soviet Writers.

Stalin could not risk Gorky going off script. A grieving father is a controllable father. But there was another, darker dimension. Yagoda had become obsessed with Maxim's wife, Timosha. After Maxim's death, Yagoda visited the young widow daily. Whether his obsession played a role in the murder has never been proven, but in Stalin's inner circle, nothing was ever simple and nothing was ever accidental.

Those who saw Gorky at the Writer's Congress said the man who stood at the podium was not the same man who had entered Moscow six years earlier. Something inside him had been broken, and it would never heal. After his son's death, the cage closed completely. When Sergei Kirov was assassinated in December 1934, Stalin used it as a pretext for a wave of terror.

Gorky was quietly placed under house arrest. No

announcement. No trial. He simply could not leave. Every morning, he received a copy of Pravda, the state newspaper, but it was not the real Pravda. It was a special edition printed just for him with all news of arrests, purges, and executions removed. A personalized false reality. A newspaper from a country that did not exist. And still, he refused to write Stalin's biography. The response was silence.

Stalin stopped visiting, stopped returning his calls, stopped replying to his letters. The most celebrated writer in Russia was writing to the most powerful man in the world, and his letters disappeared into a void. The most famous writer in Russia was now the most isolated man in Moscow. He lived in a mansion that was a prison, read a newspaper that was a lie, and was watched by a secretary who was a spy. The songbird was still alive, but the cage was sealed.

On June 18th, 1936, Maxim Gorky drew his final breath. The official cause of death was pneumonia, compounded by years of tuberculosis. He was 68 years old, but the circumstances of his death have troubled historians for nearly 90 years.

He died at the Gorky estate outside Moscow, the very same property where Vladimir Lenin had died 12 years before. The historian Arkady Vaksberg called this Stalin's, "Undying passion for sinister metaphors," sending the father of Soviet literature to die in the same house where the father of the Soviet state had perished. Within hours of his death, Gorky's brain was surgically removed. It was sent to the Moscow Neurological Institute, where it remains to this day, stored alongside the brains of Lenin and Mayakovsky. Even his brain was confiscated by the state.

Two years later, the truth, or a version of it, emerged at Stalin's last great show trial. Genrikh Yagoda, the same man who had recruited Gorky's secretary, the same man linked to the death of Gorky's son, confessed. He said he had ordered the murder of Maxim Gorky. He said poison was administered by doctors from a secret NKVD laboratory. Was the confession real? Confessions at Stalin's show trials were routinely extracted through torture. Was Yagoda telling the truth, or was he confessing to a crime that someone else had ordered, someone who would never stand trial? Consider the timing. Gorky died in June 1936. The Great Terror began in 1937. Hundreds of thousands would be shot, millions sent to the Gulag. If Gorky had been alive, there is every reason to believe he would've spoken out.

*Stalin could not afford that voice, and so the voice was silenced one year before the storm.*

At the funeral, Stalin carried the urn through Red Square and placed it in the Kremlin wall. Gorky's first wife begged for just a handful of ashes so she could honor his wish to lie beside their murdered son. She was refused. Even his dust belonged to Stalin. In 1990, four years before the Soviet Union collapsed, the city of Gorky was given back its original name, Nizhny Novgorod. The streets renamed in his honor were restored. The myth that Stalin had built around him was quietly dismantled.

Aleksandr Solzhenitsyn, the Nobel Prize-winning author who documented the horrors of the Gulag, delivered the harshest possible verdict. He called Gorky, "A slobbering prattler, an apologist for executioners." Is that the full story? Perhaps not. Gorky was a man who genuinely loved the poor, who walked across Russia to hear their stories, who risked his life to challenge Lenin. He saved writers and scholars from execution when no one else dared to speak. But when Stalin offered him the world, he took it. And once inside the golden cage, he could not find his way out. He saw the truth at Solovetsky and chose to lie. He lent his name, the most powerful literary name in Russia, to a regime that was murdering its own people.

Was he a villain? Was he a victim? Was he both? This much is certain. Dictators do not only destroy their enemies, they collect their friends. They build golden cages so beautiful that the prisoner doesn't realize the door has locked behind him. And when the songbird stops singing the right tune, the dictator silences it forever.

DICTATORS FILES: The Dark Side of Power https://www.youtube.com/watch?v=YxUW8EmBpkI



Hansa REGD.

# Hansa Woolen Blankets & Mink Blankets

Manufacturer & Exporter of Wool & Wool Blended Fabrics, Blankets,
Felt Cloth, Gaming Cloth (Billiard Cloth) & Shawls.
Exporting to 27 Countries.

Export Office:

## Amritsar Swadeshi Textile Corp Pvt. Ltd

Key Person: Mr Rajiv Khanna
Tel: +91 92160 14406, 82830 33162
Email: Info@hansablankets.com
VPO Nag Kalan, Majitha Road, Amritsar

Please visit us at :
www.aswm.com

## Snow Bear Mink Blanket

The Most Modern Plant with Korean Collaboration in
India Producing World Class Mink Blankets for
International as well as for Home Market.
FOR TRADE ENQUIRIES PLEASE CONTACT :
Mr. Sachin Khanna, Email: info@aswm.com











Mink Blankets | Felt Cloth | Gaming Cloth | Shawls & Fabrics

# ਸਿੱਖ ਐਜੂਕੇਸ਼ਨਲ ਸੁਸਾਇਟੀ, ਚੰਡੀਗੜ੍ਹ

ਸਿੱਖ ਐਜੂਕੇਸ਼ਨਲ ਸੁਸਾਇਟੀ ਸਾਲ 1937 ਈ. ਵਿਚ ਲਾਹੌਰ ਵਿਖੇ ਹੋਂਦ ਵਿਚ ਆਈ। ਦੇਸ਼ ਨੂੰ ਆਜ਼ਾਦ ਕਰਵਾਉਣਾ ਅਤੇ ਸਿੱਖੀ ਆਸ਼ੇ ਅਨੁਸਾਰ ਕੰਮ ਕਰਨ ਵਾਲੇ ਵਿਦਿਆਰਥੀ ਪੈਦਾ ਕਰਨਾ ਇਸ ਦਾ ਮੰਤਵ ਸੀ। ਸੁਸਾਇਟੀ ਵੱਲੋਂ ਲਾਹੌਰ ਵਿਚ ਸਭ ਤੋਂ ਪਹਿਲਾਂ ਸਿਖ ਨੈਸ਼ਨਲ ਕਾਲਜ 1938 ਵਿੱਚ ਖੋਲ੍ਹਿਆ ਗਿਆ।

ਇਸ ਸਮੇਂ ਇਸ ਦੇ ਪ੍ਰਬੰਧ ਦੀ ਸੇਵਾ ਵਿੱਚ ਪ੍ਰਧਾਨ ਵਜੋਂ ਸ. ਗੁਰਦੇਵ ਸਿੰਘ, ਆਈ.ਏ.ਐਸ. (ਰਿਟਾਇਰਡ), ਸਕੱਤਰ ਵਜੋਂ ਕਰਨਲ (ਰਿਟਾਇਰਡ) ਜਸਮੇਰ ਸਿੰਘ ਬਾਲਾ ਸਮੇਤ ਕੋਈ 101 ਦੇ ਕਰੀਬ ਮੈਂਬਰ ਜਿਨ੍ਹਾਂ ਵਿਚ ਸਾਬਕਾ ਉਪ ਕੁਲਪਤੀ, ਇੰਜਨੀਅਰ, ਡਾਕਟਰ, ਫੌਜ ਦੇ ਰਿਟਾਇਰਡ ਜਨਰਲ, ਰਿਟਾਇਰਡ ਪ੍ਰਿੰਸੀਪਲ, ਆਈ.ਏ.ਐਸ. ਅਤੇ ਪੀ.ਸੀ.ਐਸ. ਅਫ਼ਸਰ ਆਦਿ ਸ਼ਾਮਲ ਹਨ। ਸ. ਗੁਰਦੇਵ ਸਿੰਘ ਅਤੇ ਕਰਨਲ ਜਸਮੇਰ ਸਿੰਘ ਬਾਲਾ ਦੀ ਯੋਗ ਅਗਵਾਈ ਵਿਚ ਸੁਸਾਇਟੀ ਅਧੀਨ ਚਲ ਰਹੇ ਹੇਠ ਲਿਖੇ ਵਿਦਿਅਕ ਅਦਾਰਿਆਂ ਵਿਚ 13,000 ਤੋਂ ਉਪਰ ਵਿਦਿਆਰਥੀਆਂ ਨੂੰ 650 ਦੇ ਕਰੀਬ ਸਟਾਫ਼ ਵਿਦਿਆ ਪ੍ਰਦਾਨ ਕਰਨ ਵਿਚ ਅਹਿਮ ਯੋਗਦਾਨ ਪਾ ਰਿਹਾ ਹੈ।

| ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ | ਗੁਰੂ ਗੋਬਿੰਦ ਸਿੰਘ ਕਾਲਜ ਫ਼ਾਰ ਵਿਮੈਨ, ਚੰਡੀਗੜ੍ਹ | ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ਼ ਫਾਰਮੇਸੀ, ਚੰਡੀਗੜ੍ਹ | ਸਿੱਖ ਨੈਸ਼ਨਲ ਕਾਲਜ, ਕਾਦੀਆਂ | ਸਿੱਖ ਨੈਸ਼ਨਲ ਕਾਲਜ, ਬੰਗਾ |
|---|---|---|---|---|
| ਸਥਾਪਨਾ 1966 | ਸਥਾਪਨਾ 1973 | ਸਥਾਪਨਾ 1982 | ਸਥਾਪਨਾ 1938 ਲਾਹੌਰ<br>ਸਥਾਪਨਾ 1948 ਕਾਦੀਆਂ | ਸਥਾਪਨਾ 1953 |
| ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਧੀਨ | ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਧੀਨ | ਫਾਰਮੇਸੀ ਕੌਂਸਲ ਆਫ ਇੰਡੀਆ ਅਤੇ ਆਲ ਇੰਡੀਆ ਕੌਂਸਲ ਆਫ ਟੈਕਨੀਕਲ ਐਜੂਕੇਸ਼ਨ ਤੋਂ ਮਾਨਤਾ ਪ੍ਰਾਪਤ | ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨਾਲ | ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨਾਲ |
| ਕੋਰਸ: BA (Major/ Minor) – Eco., Eng, Hind, Hist, Maths, Phy Edu, Pol Sci, Pub Admin., Pub, Sclg, Compar. Stud. of Reli, Defence & Strategic Studies, Compu. Sc. & Appli, Hindu. Classical Music (Inst & Voc ), Psych, Persian, Sansk, Urdu also offered under NEP, BSc (Major/ Minor) – Botany, Chem, Maths, Phy, Zoology, Biotech, Compu Sc and Appli, Microbio, BSc (Hons) Biotech, BBA, BCA, BCom, BCom (Tax Plan & Manag) MA (Eco, Eng, Hist, Pol Sci, Pub and Socio), MSc (Biotech, Chem, Info Techn, Maths, Micro Biotech, Phy and Zoology), MCom, PG Diploma in Comp. Appli. | BA, BA (Honors) BCA, B.Com, B.Com (Honors), B.Sc NM/CS, MA English, MA Economics, M.Com | Diploma in Pharmacy, Diploma in Medical Laboratory Technology | BA, B.Com, BCA, B.Sc. (Com. Sci., Non Med., Eco.) MA (Pbi) MSc. (IT), DCA PGDCA, D.Lib. B.Sc. (IT) | BA, B.Com. (Hons. & regular) BCA, BBA, B.Sc. (Med. & Non-Med., Com. Sci, Eco.) M.Sc. (Com. Sci., Maths, F.D.) MA (Eng. Pbi., Eco., History) M.Com, PGDCA, DCA, PGDFS(Banking & Insurance), PGDFD FD, DCM, D.Lib (Sci), DPA, B.Sc |
| ਹੋਸਟਲ ਦੀ ਸਹੂਲਤ | ਹੋਸਟਲ ਦੀ ਸਹੂਲਤ | ਹੋਸਟਲ ਦੀ ਸਹੂਲਤ | | ਹੋਸਟਲ ਦੀ ਸਹੂਲਤ |

ਸਕੂਲ

1. ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜੀਏਟ ਪਬਲਿਕ ਸਕੂਲ ਚੰਡੀਗੜ੍ਹ, ਸੀ.ਬੀ.ਐਸ.ਈ. ਨਵੀਂ ਦਿੱਲੀ ਨਾਲ।
2. ਸਿੱਖ ਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਬੰਗਾ, ਪੰਜਾਬ ਸਕੂਲ ਐਜੂਕੇਸ਼ਨ ਬੋਰਡ ਮੋਹਾਲੀ ਨਾਲ।
3. ਸਿੱਖ ਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਕਾਦੀਆਂ, ਪੰਜਾਬ ਸਕੂਲ ਐਜੂਕੇਸ਼ਨ ਬੋਰਡ ਮੋਹਾਲੀ ਨਾਲ।

ਫੋਨ ਨੰ: 8288029337 Email: seschandigarh@rediffmail.com www.sikheducationalist.org

ਡਾ. ਜਸਵਿੰਦਰ ਸਿੰਘ,<br>ਪ੍ਰਿੰਸੀਪਲ,<br>ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ।